@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 13 December 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 13 ਦਸੰਬਰ 2025, 29 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 39, qpatrika@gmail.com ਫੋਨ : 9971359517 www.qaumipatrika.org

## 41 ਸਾਲ ਬਾਅਦ ਇਨਸਾਫ਼ ! '84 ਸਿੱਖ ਵਿਰੋਧੀ ਦੰਗਿਆਂ ਦੇ 36 ਪੀੜਤ ਪਰਿਵਾਰਕ ਮੈਂਬਰਾਂ ਨੂੰ ਮਿਲੀ ਨੌਕਰੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 12 ਦਸੰਬਰ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੇ 36 ਮੈਂਬਰਾਂ ਨੂੰ ਸ਼ੁੱਕਰਵਾਰ ਨੂੰ ਨਿਯੁਕਤੀ ਪੱਤਰ ਸੌਂਪੇ। ਮੁੱਖ ਮੰਤਰੀ ਨੇ ਇਸ ਮੌਕੇ ਕਿਹਾ ਕਿ ਹਾਲਾਂਕਿ ਕੋਈ ਵੀ ਸਰਕਾਰ ਮਦਦ ਪੀੜਤਾਂ ਦੇ ਜ਼ਖ਼ਮ ਮਿਟਾ ਨਹੀਂ ਸਕਦੀ, ਫਿਰ ਵੀ ਉਨ੍ਹਾਂ ਦਾ ਪ੍ਰਸ਼ਾਸਨ ਉਨ੍ਹਾਂ ਨੂੰ ਸਨਮਾਨ ਅਤੇ ਨਿਆਂ ਨਾਲ ਮਦਦ ਪ੍ਰਦਾਨ ਕਰਨ ਨੂੰ ਲੈ ਕੇ ਵਚਨਬੱਧ ਹੈ। ਇਸ ਪ੍ਰੋਗਰਾਮ 'ਚ ਦਿੱਲੀ ਸਰਕਾਰ 'ਚ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ। ਗੁਪਤਾ ਨੇ ਸਭਾ ਨੂੰ ਸੰਬੋਧਨ ਕਰਦੇ ਹੋਏ 1984 'ਚ ਹਿੰਸਾ ਨਾਲ ਜੁੜੀਆਂ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਗੁਪਤਾ ਨੇ ਕਿਹਾ,''ਜਦੋਂ 1984 'ਚ ਦੰਗੇ ਹੋਏ ਸਨ, ਉਦੋਂ ਮੈਂ ਲਗਭਗ 10 ਸਾਲ ਦੀ ਸੀ। ਹਰ ਕੋਈ ਡਰਿਆ ਹੋਇਆ ਸੀ। ਲੋਕ ਆਪਣੀ ਪਛਾਣ ਲੁਕਾ ਰਹੇ ਸਨ। ਅਸੀਂ ਸਾਰੇ ਉਹ ਭਿਆਨਕ ਦ੍ਰਿਸ਼ ਦੇਖੇ ਹਨ।'' ਗੁਪਤਾ ਨੇ ਕਿਹਾ ਕਿ ਉਨ੍ਹਾਂ ਦ੍ਰਿਸ਼ਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ,''ਕੋਈ ਵੀ ਮਦਦ ਉਨ੍ਹਾਂ ਦਿਨਾਂ ਦੇ




ਦਰਦ ਨੂੰ ਪੂਰੀ ਤਰ੍ਹਾਂ ਨਾਲ ਘੱਟ ਨਹੀਂ ਕਰ ਸਕਦੀ ਪਰ ਸਰਕਾਰ ਨੂੰ ਪੀੜਤਾਂ ਨਾਲ ਖੜ੍ਹਾ ਹੋਣਾ ਚਾਹੀਦਾ।'' ਮੁੱਖ ਮੰਤਰੀ ਨੇ ਦੰਗਿਆਂ ਨਾਲ ਸੰਬੰਧਤ ਕਾਨੂੰਨੀ ਕਾਰਵਾਈ 'ਚ ਹੋਈ ਤਰੱਕੀ ਦਾ ਸਿਹਰਾ ਕੇਂਦਰ ਸਰਕਾਰ ਨੂੰ ਦਿੱਤਾ। ਉਨ੍ਹਾਂ ਕਿਹਾ,''ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਐੱਸਆਈਟੀ ਗਠਿਤ ਕੀਤੇ ਜਾਣ ਦੇ ਬਾਅਦ ਹੀ ਮਾਮਲੇ ਮੁੜ ਖੁੱਲ੍ਹੇ ਅਤੇ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਜਾਣ ਲੱਗਾ।'' ਗੁਪਤਾ ਨੇ ਕਿਹਾ ਕਿ ਉਹ ਖ਼ੁਦ ਨੂੰ ਪੀੜਤਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ 'ਚ ਮਦਦ ਕਰਨ ਵਾਲਾ ਇਕ ਮਾਧਿਅਮ ਮਾਤਰ ਮੰਨਦੀ ਹੈ। ਉਨ੍ਹਾਂ ਕਿਹਾ,''ਅਸੀਂ ਸਿਰਫ਼ ਦਿੱਲੀ ਦੇ ਉਨ੍ਹਾਂ ਪਰਿਵਾਰਾਂ ਦੇ ਦਰਦ ਨੂੰ ਘੱਟ ਕਰਨਾ ਚਾਹੁੰਦੇ ਹਾਂ, ਜੋ ਲੰਬੇ ਸਮੇਂ ਤੋਂ ਇਸ ਦਰਦ ਨੂੰ ਝੱਲ ਰਹੇ ਹਨ। ਅਸੀਂ ਇਨ੍ਹਾਂ ਪਰਿਵਾਰਾਂ ਲਈ ਪੂਰੀ ਈਮਾਨਦਾਰੀ ਨਾਲ ਕੰਮ ਕਰਨਾ ਚਾਹੁੰਦੇ ਹਾਂ।

## ਯੂਪੀ ਸਮੇਤ 6 ਰਾਜਾਂ 'ਚ ਵਧਾਈ ਗਈ ਦੀ ਆਖਰੀ ਮਿਤੀ

ਨੈਸ਼ਨਲ ਡੈਸਕ 12 ਦਸੰਬਰ। ਭਾਰਤੀ ਚੋਣ ਕਮਿਸ਼ਨ (539) ਨੇ ਛੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵਿਸ਼ੇਸ਼ ਚੋਣ ਸੂਚੀ ਸੋਧ ਮੁਹਿੰਮ (ਐੱਸ. ਆਈ. ਆਰ.) 2026 ਦੇ ਤਹਿਤ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਜਮਹਾਂ ਕਰਾਉਣ ਦੀ ਆਖਰੀ ਮਿਤੀ ਵਧਾ ਦਿੱਤੀ ਹੈ। ਕਮਿਸ਼ਨ ਨੇ ਇਹ ਫੈਸਲਾ ਵੱਖ-ਵੱਖ ਰਾਜਾਂ ਵਿੱਚ ਪ੍ਰਾਪਤ ਅਰਜ਼ੀਆਂ ਦੀ ਗਿਣਤੀ ਅਤੇ ਤਕਨੀਕੀ ਅਤੇ ਪ੍ਰਸ਼ਾਸਕੀ ਕਾਰਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਹੈ। ਤਾਮਿਲਨਾਡੂ ਅਤੇ ਗੁਜਰਾਤ ਵਿੱਚ ਐੱਸ. ਆਈ. ਆਰ. ਫਾਰਮ ਜਮ?ਹਾਂ ਕਰਨ ਦੀ ਆਖਰੀ ਮਿਤੀ 14 ਦਸੰਬਰ, 2025 (ਐਤਵਾਰ) ਸੀ, ਜਿਸ ਨੂੰ ਕਮਿਸ਼ਨ ਨੇ 19 ਦਸੰਬਰ, 2025 ਤੱਕ ਵਧਾ ਦਿੱਤਾ ਹੈ। ਇਸਦਾ




ਮਤਲਬ ਹੈ ਕਿ ਇਨ੍ਹਾਂ ਰਾਜਾਂ ਦੇ ਹਿੱਸੇਦਾਰਾਂ ਨੂੰ ਲੋੜੀਂਦੇ ਦਸਤਾਵੇਜ਼ ਤਿਆਰ ਕਰਨ ਅਤੇ ਜਮ?ਹਾਂ ਕਰਾਉਣ ਲਈ ਪੰਜ ਦਿਨ ਵਾਧੂ ਦਿੱਤੇ ਗਏ ਹਨ। ਇਸ ਦੇ ਨਾਲ ਹੀ ਮੱਧ ਪ੍ਰਦੇਸ਼, ਛੱਤੀਸਗੜ੍ਹ, ਅੰਡੇਮਾਨ-ਨਿਕੋਬਾਰ ਲਈ ਆਖਰੀ ਮਿਤੀ 18 ਦਸੰਬਰ 2025 (ਵੀਰਵਾਰ) ਤੋਂ ਵਧਾ ਕੇ 23 ਦਸੰਬਰ 2025 (ਮੰਗਲਵਾਰ) ਕਰ ਦਿੱਤੀ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਐੱਸ. ਆਈ. ਆਰ. ਦੀ ਆਖਰੀ ਮਿਤੀ 26 ਦਸੰਬਰ, 2025 ਤੋਂ ਵਧਾ ਕੇ 31 ਦਸੰਬਰ, 2025 (ਬੁੱਧਵਾਰ) ਕਰ ਦਿੱਤੀ ਗਈ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਸਾਰੇ ਰਾਜਾਂ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਧੀ ਹੋਈ ਸਮਾਂ ਸੀਮਾ ਦਾ ਲਾਭ ਉਠਾਉਣ ਅਤੇ ਜਲਦੀ ਤੋਂ ਜਲਦੀ ਆਪਣੇ ਦਸਤਾਵੇਜ਼ ਜਮ?ਹਾਂ ਕਰਾਉਣ ਅਤੇ ਵੋਟਰ ਸੂਚੀ ਵਿੱਚ ਨਾਮ ਜੋੜਨ, ਮਿਟਾਉਣ ਜਾਂ ਸੁਧਾਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਨ। ਇਸ ਦੌਰਾਨ, ਉੱਤਰ ਪ੍ਰਦੇਸ਼ ਦੇ ਮੁੱਖ ਚੋਣ ਅਧਿਕਾਰੀ ਨਵਦੀਪ ਰਿਣਵਾ ਨੇ ਕਿਹਾ ਕਿ ਕਮਿਸ਼ਨ ਤੋਂ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ. ਆਈ. ਆਰ.) ਪ੍ਰਕਿਰਿਆ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕਰਨ ਅਤੇ ਸਾਫ਼ ਵੋਟਰ ਸੂਚੀ ਤਿਆਰ ਕਰਨ ਲਈ ਦੋ ਹਫ਼ਤਿਆਂ ਦਾ ਵਾਧੂ ਸਮਾਂ ਮੰਗਿਆ ਗਿਆ ਸੀ। ਇਸ ਵਾਧੂ ਸਮੇਂ ਤਹਿਤ ਜ਼ਿਲ੍ਹਾ ਚੋਣ ਅਧਿਕਾਰੀ ਮ੍ਰਿਤਕ, ਸ਼ਿਫਟ ਹੋਏ ਅਤੇ ਗੈਰਹਾਜ਼ਰ ਵੋਟਰਾਂ ਦੀ ਦੁਬਾਰਾ ਤਸਦੀਕ ਕਰ ਸਕਣਗੇ। ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਕਮਿਸ਼ਨ ਨੇ 1 ਜਨਵਰੀ, 2026 ਦੀ ਯੋਗਤਾ ਮਿਤੀ ਦੇ ਆਧਾਰ 'ਤੇ ਰਾਜ ਵਿੱਚ ਚੱਲ ਰਹੇ ਵਿਸ਼ੇਸ਼ ਤੀਬਰ ਸੋਧ ਲਈ ਐਲਾਨੀਆਂ ਤਰੀਕਾਂ ਨੂੰ ਸੋਧਿਆ ਹੈ। ਨਵੇਂ ਨਿਯਮਾਂ ਅਨੁਸਾਰ, ਗਿਣਤੀ ਦੀ ਮਿਆਦ ਹੁਣ 26 ਦਸੰਬਰ, 2025 ਤੱਕ ਨਿਰਧਾਰਤ ਕੀਤੀ ਗਈ ਹੈ।

### ਮੁੰਬਈ ਹਵਾਈ ਅੱਡੇ 'ਤੇ 43 ਕਰੋੜ ਦੇ ਨਸ਼ੀਲੇ ਪਦਾਰਥ ਜ਼ਬਤ

ਨੈਸ਼ਨਲ ਡੈਸਕ 12 ਦਸੰਬਰ। ਕਸਟਮ ਵਿਭਾਗ ਨੇ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲਗਭਗ 43 ਕਿਲੋਗ੍ਰਾਮ ਹਾਈਡ?ਰੋਪੋਨਿਕ ਬੂਟੀ ਜ਼ਬਤ ਕੀਤੀ ਹੈ, ਜਿਸਦੀ ਕੀਮਤ ਲਗਭਗ 43 ਕਰੋੜ ਹੈ। ਵਿਭਾਗ ਨੇ ਇਸ ਮਾਮਲੇ ਦੇ ਸਬੰਧ ਵਿੱਚ ਵੱਖ-ਵੱਖ ਉਡਾਣਾਂ 'ਤੇ ਬੈਂਕਾਕ ਤੋਂ ਭਾਰਤ ਪਹੁੰਚੇ ਪੰਜ ਯਾਤਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਕਸਟਮ ਵਿਭਾਗ ਦੇ ਹਵਾਈ ਅੱਡਾ ਕਮਿਸ਼ਨਰੇਟ ਦੇ ਅਧਿਕਾਰੀਆਂ ਨੇ ਬੁੱਧਵਾਰ ਅਤੇ ਵੀਰਵਾਰ ਰਾਤ ਦੇ ਵਿਚਕਾਰ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਯਾਤਰੀਆਂ ਨੂੰ ਰੋਕਿਆ।

## ਰਾਹੁਲ ਨੇ ਲੋਕ ਸਭਾ 'ਚ ਚੁੱਕਿਆ ਪ੍ਰਦੂਸ਼ਣ ਦਾ ਮਾਮਲਾ, 'ਲੱਖਾਂ ਬੱਚੇ ਫੇਫੜਿਆਂ ਦੀ ਬੀਮਾਰੀ ਨਾਲ ਹੋ ਰਹੇ ਹਨ ਪੀੜਤ'

ਕੌਮੀ ਪਤ੍ਰਿਕਾ

ਨਵੀਂ ਦਿੱਲੀ 12 ਦਸੰਬਰ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਿੱਲੀ ਸਮੇਤ ਕਈ ਪ੍ਰਮੁੱਖ ਸ਼ਹਿਰਾਂ ਦੇ ਹਵਾ ਪ੍ਰਦੂਸ਼ਣ ਦੀ ਲਪੇਟ 'ਚ ਆਉਣ ਦਾ ਵਿਸ਼ਾ ਸ਼ੁੱਕਰਵਾਰ ਨੂੰ ਲੋਕ ਸਭਾ 'ਚ ਚੁੱਕਿਆ ਅਤੇ ਕਿਹਾ ਕਿ ਸਰਕਾਰ ਨੂੰ ਸੰਸਦ 'ਚ ਪੂਰੀ ਚਰਚਾ ਕਰਵਾਉਣ ਨਾਲ ਇਸ ਸਮੱਸਿਆ ਨਾਲ ਨਜਿੱਠਣ ਲਈ ਇਕ ਯੋਜਨਾ ਸਾਹਮਣੇ ਰੱਖਣੀ ਚਾਹੀਦੀ ਹੈ। ਇਸ 'ਤੇ ਸੰਸਦੀ ਕਾਰਜ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ ਇਹ ਵਿਸ਼ਾ ਕਾਰਜ ਸਲਾਹਕਾਰ ਕਮੇਟੀ (ਬੀਏਸੀ) ਦੀ ਬੈਠਕ 'ਚ ਚੁੱਕਿਆ ਸੀ ਅਤੇ ਸਰਕਾਰ ਇਸ 'ਤੇ ਚਰਚਾ ਲਈ ਤਿਆਰ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸਦਨ 'ਚ ਜ਼ੀਰੋ ਕਾਲ ਦੌਰਾਨ ਇਹ ਵਿਸ਼ਾ ਚੁੱਕਿਆ। ਉਨ੍ਹਾਂ ਕਿਹਾ,''ਸਾਡੇ ਜ਼ਿਆਦਾਤਰ ਵੱਡੇ ਸ਼ਹਿਰਾਂ 'ਤੇ ਜ਼ਹਿਰੀਲੀ ਹਵਾ ਦੀ ਚਾਦਰ ਪਸਰੀ ਹੋਈ ਹੈ, ਬੱਚਿਆਂ ਨੂੰ ਸਾਹ ਲੈਣ 'ਚ ਪਰੇਸ਼ਾਨੀ ਹੁੰਦੀ ਹੈ... ਲੋਕਾਂ ਨੂੰ ਕੈਂਸਰ ਵਰਗੀਆਂ ਬੀਮਾਰੀਆਂ ਹੋ ਰਹੀਆਂ ਹਨ। ਇਹ ਇਕ ਅਜਿਹਾ ਮੁੱਦਾ ਹੈ, ਜਿਸ 'ਤੇ ਸਾਰੇ ਸਹਿਮਤ ਹੋਣਗੇ।'' ਉਨ੍ਹਾਂ ਦਾ ਕਹਿਣਾ ਸੀ ਕਿ ਸੰਸਦ 'ਚ ਇਸ ਮੁੱਦੇ 'ਤੇ ਪੂਰੀ ਚਰਚਾ ਕਰਵਾਈ ਜਾਵੇ ਅਤੇ ਉਸ 'ਚ ਦੋਸ਼ ਲਗਾਉਣ ਦੀ ਬਜਾਏ ਸਮੱਸਿਆ 'ਤੇ ਰੋਕ ਲਗਾਉਣ ਲਈ ਹੱਲ ਨੂੰ ਲੈ ਕੇ ਗੱਲ ਹੋਵੇ। ਰਾਹੁਲ



ਗਾਂਧੀ ਇਹ ਵੀ ਕਿਹਾ ਕਿ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਯੋਜਨਾ ਪੇਸ਼ ਕਰਨੀ ਚਾਹੀਦੀ ਹੈ। ਇਸ ਸਦਨ 'ਚ ਮੌਜੂਦ ਹਰ ਮੈਂਬਰ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਹਵਾ ਪ੍ਰਦੂਸ਼ਣ ਅਤੇ ਇਸ ਨਾਲ ਸਾਡੇ ਲੋਕਾਂ ਨੂੰ ਹੋਣ ਵਾਲਾ ਨੁਕਸਾਨ ਅਜਿਹੀ ਚੀਜ਼ ਹੈ, ਜਿਸ 'ਤੇ ਅਸੀਂ ਸਾਰੇ ਮਿਲ ਕੇ ਕੰਮ ਕਰਨਾ ਚਾਹਾਂਗੇ।''

### ਸੁਪਰੀਮ ਕੋਰਟ ਬੋਲੀ-'ਦਿਵਿਆਂਗਜਨ' ਕਾਨੂੰਨ 'ਚ ਸੋਧ ਕਰੇ ਕੇਂਦਰ

ਨਵੀਂ ਦਿੱਲੀ, 12 ਦਸੰਬਰ। ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕੇਂਦਰ ਨੂੰ 'ਦਿਵਿਆਂਗਜਨ' ਅਧਿਕਾਰ ਐਕਟ 'ਚ ਸੋਧ ਕਰਨ 'ਤੇ ਵਿਚਾਰ ਕਰਨ ਲਈ ਕਿਹਾ ਤਾਂ ਜੋ ਅਪਰਾਧੀਆਂ ਦੇ ਤੇਜ਼ਾਬ ਹਮਲੇ ਦੇ ਪੀੜਤਾਂ ਨੂੰ 'ਦਿਵਿਆਂਗਜਨ' ਦੀ ਸ਼?ਰੇਣੀ 'ਚ ਸ਼ਾਮਲ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਭਲਾਈ ਵਾਲੇ ਉਪਾਵਾਂ ਦਾ ਲਾਭ ਮਿਲ ਸਕੇ। ਚੀਫ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਨੇ ਤੇਜ਼ਾਬ ਹਮਲੇ ਦੀ ਪੀੜਤਾ ਸ਼ਾਹੀਨ ਮਲਿਕ ਵਲੋਂ ਦਾਇਰ ਇਕ ਜਨਹਿੱਤ ਪਟੀਸ਼ਨ 'ਚ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਨੂੰ ਹਿੱਤਕਾਰ ਬਣਾਇਆ ਹੈ। ਇਸ ਤੋਂ ਪਹਿਲਾਂ ਬੈਂਚ ਨੇ 4 ਦਸੰਬਰ ਨੂੰ ਸਾਰੀਆਂ ਹਾਈ ਕੋਰਟਾਂ ਦੀਆਂ ਰਜਿਸਟਰੀਆਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰ 'ਚ ਪੈਂਡਿੰਗ ਤੇਜ਼ਾਬ ਹਮਲਿਆਂ ਦੇ ਮਾਮਲਿਆਂ ਦਾ ਵੇਰਵਾ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਸੀ।

## ਗੈਰ-ਕਾਨੂੰਨੀ ਕਫ ਸਿਰਪ ਮਾਮਲੇ 'ਚ ਈਡੀ ਦੀ ਵੱਡੀ ਕਾਰਵਾਈ

ਲਖਨਊ 12 ਦਸੰਬਰ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਉੱਤਰ ਪ੍ਰਦੇਸ਼ ਵਿੱਚ ਗੈਰ-ਕਾਨੂੰਨੀ ਕਫ ਸਿਰਪ ਮਾਮਲੇ ਵਿਚ ਸ਼ਾਮਲ ਇੱਕ ਕਥਿਤ ਗਿਰੋਹ ਵਿਰੁੱਧ ਦਰਜ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਹਿੱਸੇ ਵਜੋਂ ਸ਼ੁੱਕਰਵਾਰ ਨੂੰ ਵੱਖ-ਵੱਖ ਰਾਜਾਂ ਵਿੱਚ ਛਾਪੇਮਾਰੀ ਕੀਤੀ। ਇਸ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਦੇ ਲਖਨਊ, ਵਾਰਾਣਸੀ, ਜੌਨਪੁਰ ਅਤੇ ਸਹਾਰਨਪੁਰ ਦੇ ਨਾਲ-ਨਾਲ ਝਾਰਖੰਡ ਦੇ ਰਾਂਚੀ ਅਤੇ ਗੁਜਰਾਤ ਦੇ ਅਹਿਮਦਾਬਾਦ ਵਿੱਚ 25 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਏਜੰਸੀ ਨੇ ਕਥਿਤ ਗੈਰ-ਕਾਨੂੰਨੀ ਵਪਾਰ ਦੀ ਜਾਂਚ ਲਈ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਇੱਕ ਅਪਰਾਧਿਕ ਮਾਮਲਾ ਦਰਜ ਕੀਤਾ ਹੈ। ਈਡੀ ਅਧਿਕਾਰੀਆਂ ਦੇ ਅਨੁਸਾਰ ਫ਼ਰਾਰ ਮੁੱਖ ਦੋਸ਼ੀ ਸ਼ੁਭਮ ਜੈਸਵਾਲ, ਉਸਦੇ ਕਥਿਤ ਸਹਿਯੋਗੀਆਂ ਆਲੋਕ ਸਿੰਘ, ਅਮਿਤ ਸਿੰਘ ਅਤੇ ਕਈ ਹੋਰਾਂ, ਖੰਘ ਦੀ ਦਵਾਈ ਬਣਾਉਣ ਵਾਲੀਆਂ ਕੰਪਨੀਆਂ ਅਤੇ ਚਾਰਟਰਡ ਅਕਾਊਂਟੈਂਟ ਵਿਸ਼ਨੂੰ ਅਗਰਵਾਲ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਕੋਡੀਨ ਵਾਲੇ ਖੰਘ ਦੇ ਸਿਰਪ ਦੀ ਦੁਰਵਰਤੋਂ, ਉਨ੍ਹਾਂ ਦੇ ਗੈਰ-ਕਾਨੂੰਨੀ ਉਤਪਾਦਨ, ਵਪਾਰ ਅਤੇ ਸਪਲਾਈ ਨਾਲ ਸਬੰਧਤ ਘਟਨਾਵਾਂ ਦਾ ਨੋਟਿਸ ਲਿਆ ਸੀ, ਜਿਸ ਤੋਂ ਬਾਅਦ ਪੁਲਸ ਨੇ 30 ਤੋਂ ਵੱਧ ਐਫਆਈਆਰ ਦਰਜ ਕੀਤੀਆਂ। ਈਡੀ ਨੇ ਇਨ੍ਹਾਂ ਐਫਆਈਆਰਜ਼ ਦੇ ਆਧਾਰ 'ਤੇ ਕਾਰਵਾਈ ਕੀਤੀ ਹੈ। ਈਡੀ ਅਧਿਕਾਰੀਆਂ ਦੇ ਅਨੁਸਾਰ, ਇਸ ਮਾਮਲੇ ਵਿੱਚ ਅਪਰਾਧ ਦੀ ਕੁੱਲ ਕਮਾਈ ਲਗਭਗ ?1,000 ਕਰੋੜ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁੱਖ ਦੋਸ਼ੀ ਸ਼ੁਭਮ ਜੈਸਵਾਲ ਦੇ ਦੁਬਈ ਭੱਜ ਜਾਣ ਦਾ ਸ਼ੱਕ ਹੈ, ਜਦੋਂ ਕਿ ਉਸਦੇ ਪਿਤਾ ਨੂੰ ਉੱਤਰ ਪ੍ਰਦੇਸ਼ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

### ਅਮਿਤ ਸ਼ਾਹ 15 ਦਸੰਬਰ ਨੂੰ ਕਰਨਗੇ ਤਾਮਿਲਨਾਡੂ ਦਾ ਦੌਰਾ

ਚੇਨਈ 12 ਦਸੰਬਰ। ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਾਬਕਾ ਪ੍ਰਧਾਨ ਅਮਿਤ ਸ਼ਾਹ 15 ਦਸੰਬਰ ਨੂੰ ਤਾਮਿਲਨਾਡੂ ਦਾ ਦੌਰਾ ਕਰਨਗੇ ਅਤੇ ਪ੍ਰਦੇਸ਼ ਭਾਜਪਾ ਦੇ ਅਹੁਦਾ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ। ਪਾਰਟੀ ਦੇ ਇਕ ਨੇਤਾ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇੱਥੇ ਭਾਜਪਾ ਦੀ ਪ੍ਰਦੇਸ਼ ਕਾਰਜਕਾਰਣੀ ਨਾਲ ਬੈਠਕ ਤੋਂ ਬਾਅਦ ਉਨ੍ਹਾਂ ਦੇ ਵੇਲੋਰ ਜਾਣ ਦੀ ਸੰਭਾਵਨਾ ਹੈ। ਇਸ ਵਿਚ ਪ੍ਰਦੇਸ਼ ਭਾਜਪਾ ਪ੍ਰਧਾਨ ਨੈਨਾਰ ਨਾਗੇਂਦਰਨ ਨੇ ਕਿਹਾ ਕਿ ਅੰਨਾਦਰਮੁਕ ਜਨਰਲ ਸਕੱਤਰ ਐਡਪਾਦੀ ਕੇ ਪਲਾਨੀਸਵਾਮੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਸਾਬਕਾ ਅੰਨਾਦਰਮੁਕ ਨੇਤਾ ਕੇ.ਏ. ਸੇਨਗੋਟੈਯਨ ਦੇ ਟੀਵੀਕੇ 'ਚ ਸ਼ਾਮਲ ਹੋਣ ਦੇ ਮੱਦੇਨਜ਼ਰ, ਮੌਜੂਦਾ ਸਮੇਂ ਰਾਜਨੀਤਕ ਸਥਿਤੀ 'ਤੇ ਚਰਚਾ ਕੀਤੀ।

## ਨਹੀਂ ਰਹੇ ਪੰਜਾਬ ਦੇ ਸਾਬਕਾ ਰਾਜਪਾਲ ਸ਼ਿਵਰਾਜ ਪਾਟਿਲ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਮਹਾਰਾਸ਼ਟਰ 12 ਦਸੰਬਰ। ਸੀਨੀਅਰ ਕਾਂਗਰਸ ਨੇਤਾ ਅਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਦਾ ਸ਼ੁੱਕਰਵਾਰ ਨੂੰ ਮਹਾਰਾਸ਼ਟਰ ਦੇ ਜੱਦੀ ਸ਼ਹਿਰ ਲਾਤੂਰ ਵਿੱਚ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਪਾਟਿਲ ਕੁਝ ਸਮੇਂ ਤੋਂ ਬੀਮਾਰ ਸਨ ਅਤੇ ਉਨ੍ਹਾਂ ਨੇ ਆਪਣੇ



ਨਿਵਾਸ ਸਥਾਨ 'ਤੇ ਆਖਰੀ ਸਾਹ ਲਏ। ਉਹ 90 ਸਾਲ ਦੇ ਸਨ। ਉਹ ਲੋਕ ਸਭਾ ਦੇ ਸਾਬਕਾ ਸਪੀਕਰ ਸਨ ਅਤੇ ਕੇਂਦਰੀ ਮੰਤਰੀ ਮੰਡਲ ਵਿੱਚ ਮਹੱਤਵਪੂਰਨ ਵਿਭਾਗਾਂ 'ਤੇ ਰਹੇ ਸਨ। ਪਾਟਿਲ ਨੇ ਲਾਤੂਰ ਲੋਕ ਸਭਾ ਸੀਟ ਤੋਂ ਸੱਤ ਵਾਰ ਜਿੱਤ ਪ੍ਰਾਪਤ ਕੀਤੀ ਸੀ। ਦੱਸ ਦੇਈਏ ਕਿ ਸ਼ਿਵਰਾਜ ਪਾਟਿਲ ਨੇ ਆਪਣੇ ਲੰਬੇ ਰਾਜਨੀਤਿਕ ਕਰੀਅਰ ਦੌਰਾਨ ਕਈ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ, ਜਿਸ ਵਿੱਚ ਲੋਕ ਸਭਾ ਦੇ ਸਪੀਕਰ ਅਤੇ ਕੇਂਦਰੀ ਮੰਤਰੀ ਮੰਡਲ ਵਿੱਚ ਕਈ ਮਹੱਤਵਪੂਰਨ ਅਹੁਦੇ ਸ਼ਾਮਲ ਹਨ। ਉਨ੍ਹਾਂ ਦੇ ਪਰਿਵਾਰ ਵਿੱਚ ਪੁੱਤਰ ਸ਼ੈਲੇਸ਼ ਪਾਟਿਲ, ਨੂੰਹ ਅਰਚਨਾ ਅਤੇ ਦੋ ਪੋਤੀਆਂ ਸ਼ਾਮਲ ਹਨ। ਉਨ੍ਹਾਂ ਦੀ ਨੂੰਹ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਨੇਤਾ ਹੈ। ਕਾਂਗਰਸੀ ਨੇਤਾ ਨੇ 2004 ਤੋਂ 2008 ਤੱਕ ਕੇਂਦਰੀ ਗ੍ਰਹਿ ਮੰਤਰੀ ਅਤੇ 1991 ਤੋਂ 1996 ਤੱਕ ਲੋਕ ਸਭਾ ਦੇ 10ਵੇਂ ਸਪੀਕਰ ਵਜੋਂ ਸੇਵਾ ਨਿਭਾਈ। ਉਹ 2010 ਤੋਂ 2015 ਤੱਕ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। 12 ਅਕਤੂਬਰ, 1935 ਨੂੰ ਜਨਮੇ, ਉਨ੍ਹਾਂ ਨੇ ਲਾਤੂਰ ਨਗਰ ਪ੍ਰੀਸ਼ਦ ਦੇ ਮੁਖੀ ਵਜੋਂ ਆਪਣਾ ਰਾਜਨੀਤਿਕ ਕਰੀਅਰ ਸ਼ੁਰੂ ਕੀਤਾ ਅਤੇ 1970 ਦੇ ਦਹਾਕੇ ਦੇ ਸ਼ੁਰੂ ਵਿੱਚ ਵਿਧਾਇਕ ਚੁਣੇ ਗਏ। ਬਾਅਦ ਵਿੱਚ, ਉਨ੍ਹਾਂ ਨੇ ਲਾਤੂਰ ਲੋਕ ਸਭਾ ਸੀਟ ਸੱਤ ਵਾਰ ਜਿੱਤੀ। ਉਹ 2004 ਦੀਆਂ ਲੋਕ ਸਭਾ ਚੋਣਾਂ ਭਾਜਪਾ ਦੇ ਰੂਪਤਾਈ ਪਾਟਿਲ ਨੀਲਾਂਗੇਕਰ ਤੋਂ ਹਾਰ ਗਏ ਸਨ। ਇੱਕ ਕਾਂਗਰਸੀ ਨੇਤਾ ਨੇ ਕਿਹਾ ਕਿ ਪਾਟਿਲ ਆਪਣੇ ਮਾਣਮੱਤੇ ਵਿਵਹਾਰ ਲਈ ਜਾਣੇ ਜਾਂਦੇ ਸਨ ਅਤੇ ਜਨਤਕ ਭਾਸ਼ਣਾਂ ਜਾਂ ਨਿੱਜੀ ਗੱਲਬਾਤ ਵਿੱਚ ਕਦੇ ਵੀ ਨਿੱਜੀ ਹਮਲੇ ਨਹੀਂ ਕਰਦੇ ਸਨ। ਪਾਰਟੀ ਨੇਤਾ ਨੇ ਕਿਹਾ ਕਿ ਪਾਟਿਲ ਆਪਣੀ ਵਿਆਪਕ ਵਿਦਵਤਾ, ਡੂੰਘੇ ਅਧਿਐਨ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਲਈ ਵੀ ਜਾਣੇ ਜਾਂਦੇ ਸਨ। ਮਰਾਠੀ, ਅੰਗਰੇਜ਼ੀ ਅਤੇ ਹਿੰਦੀ 'ਤੇ ਉਨ੍ਹਾਂ ਦੀ ਮੁਹਾਰਤ, ਸੰਵਿਧਾਨਕ ਮਾਮਲਿਆਂ ਦੀ ਉਨ੍ਹਾਂ ਦੀ ਅਸਾਧਾਰਨ ਸਮਝ ਦੇ ਨਾਲ, ਉਨ੍ਹਾਂ ਨੂੰ ਆਪਣੇ ਸਮੇਂ ਦਾ ਇੱਕ ਬਹੁਤ ਹੀ ਸਤਿਕਾਰਤ ਸੰਸਦ ਮੈਂਬਰ ਬਣਾਇਆ।



# ਆਨਲਾਈਨ ਮਿਲ ਰਹੇ ਠੱਗ, 'ਲਾੜਾ-ਲਾੜੀ', ਇੰਝ ਕਰੋ ਫੇਕ ਪ੍ਰੋਫਾਈਲ ਦੀ ਪਹਿਚਾਣ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 12 ਦਸੰਬਰ। ਜੇਕਰ ਤੁਸੀਂ ਆਨਲਾਈਨ ਰਿਸ਼ਤੇ ਲੱਭ ਰਹੇ ਹੋ ਤਾਂ ਹੋ ਜਾਵੋ ਸਾਵਧਾਨ। ਦਰਅਸਲ ਆਨਲਾਈਨ ਮੈਟਰੀਮੋਨੀਅਲ ਸਾਈਟਾਂ 'ਤੇ ਫੇਕ ਪ੍ਰੋਫਾਈਲ ਦਾ ਟਰੈਂਡ ਚੱਲ ਰਿਹਾ ਹੈ ਜੋ ਤੁਹਾਨੂੰ 'ਲਾੜਾ ਲਾੜੀ' ਬਣਾਉਣ ਦੇ ਚੱਕਰ 'ਚ ਤੁਹਾਡਾ ਖਾਤਾ ਤੱਕ ਖਾਲੀ ਕਰ ਸਕਦਾ ਹੈ। ਗ੍ਰਹਿ ਵਿਭਾਗ ਦੇ ਤਹਿਤ ਕੰਮ ਕਰਨ ਵਾਲੀ ਇਕ ਸਰਕਾਰੀ ਏਜੰਸੀ (143) ਨੇ ਲੋਕਾਂ ਲਈ ਇਹ ਐਡਵਾਈਜ਼ਰੀ ਜਾਰੀ ਕੀਤੀ ਹੈ ਅਤੇ ਲੋਕਾਂ ਨੂੰ ਇਨ੍ਹਾਂ ਠੱਗਾਂ ਤੋਂ ਸਾਵਧਾਨ ਰਹਿਣ ਲਈ ਕਿਹਾ ਹੈ। ਐਡਵਾਈਜ਼ਰੀ 'ਚ ਦੱਸਿਆ ਗਿਆ ਹੈ ਕਿ ਮੈਟਰੀਮੋਨੀਅਲ ਪਲੇਟਫਾਰਮ ਦਾ ਦੁਰਉਪਯੋਗ ਕਰਕੇ ਕਈ ਸਾਈਟਾਂ ਤੇ ਫੇਕ ਪ੍ਰੋਫਾਈਲਾਂ ਬਣਾ ਕੇ ਫੇਕ 'ਲਾੜਾ-ਲਾੜੀ' ਬਣ ਕੇ ਲੋਕਾਂ ਨੂੰ ਸਾਈਬਰ ਠੱਗੀ ਦਾ ਸ਼ਿਕਾਰ ਬਣਾਇਆ ਜਾ ਚੁੱਕਾ ਹੈ। ਐਡਵਾਈਜ਼ਰੀ 'ਚ ਇਹ ਵੀ ਦੱਸਿਆ ਗਿਆ ਹੈ ਕਿ ਸਾਈਬਰ ਠੱਗ ਭਾਰਤੀ ਮੈਟਰੀਮੋਨੀਅਲ ਸਾਈਟ 'ਤੇ ਰਜ਼ਿਸਟ?ਰੇਸ਼ਨ ਕਰਵਾ ਕੇ ਫੇਕ ਪ੍ਰੋਫਾਈਲ ਬਣਾ ਲੈਂਦੇ ਹਨ, ਜਿਸ 'ਚ ਉਹ ਬਿਜ਼ਨੈਸਮੈਨ, ਡਾਕਟਰ, ਇੰਜੀਨੀਅਰ ਜਾਂ ਫਿਰ ਕਿਸੇ $©3'ਚ ਆਪਣੇ-ਆਪ ਨੂੰ ਪ੍ਰੋਫੈਸ਼ਨਲ ਦੱਸਦੇ ਹਨ। ਇਸ ਜਾਲ 'ਚ ਅਕਸਰ ਭੋਲੇ-ਭਾਲੇ ਲੋਕ ਫਸ ਜਾਂਦੇ ਹਨ ਜਿਹੜੇ ਫੋਨ ਰਾਹੀਂ ਇਕ-ਦੂਜੇ ਨਾਲ ਗੱਲ ਕਰਨ ਤੋਂ ਬਾਅਦ ਭਾਵੁਕ ਤੌਰ 'ਤੇ ਜੁੜ ਜਾਂਦੇ ਹਨ। ਇਸ ਤੋਂ ਬਾਅਦ ਸਾਈਬਰ ਠੱਗ ਇਨਵੈਸਟਮੈਂਟ ਜਾਂ ਕ੍ਰਿਪਟੋਸੀ ਵਿੱਚ ਇਨਵੈਸਟਮੈਂਟ ਤੋਂ ਮੋਟੇ ਪ੍ਰੋਫਿਟ ਦਾ ਲਾਲਚ ਦਿੰਦੇ ਹਨ। ਪਹਿਲਾਂ ਲੋਕਾਂ ਨੂੰ ਵਧੀਆ ਮੁਨਾਫਾ ਦਿਖਾਉਂਦੇ ਹਨ ਜਿਸ 'ਤੇ ਲੋਕ ਲੱਖਾਂ ਰੁਪਏ ਦੀ



ਇਨਵੈਸਟਮੈਂਟ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਸਾਰੀ ਰਕਮ ਡੁੱਬ ਜਾਂਦੀ ਹੈ। 143 ਨੇ ਇਨ੍ਹਾਂ ਠੱਗਾਂ ਤੋਂ ਬਚਾਅ ਲਈ ਲੋਕਾਂ ਨੂੰ ਦੱਸਿਆ ਕਿ ਉਹ ਸਭ ਤੋਂ ਪਹਿਲਾਂ ਉਸ ਪ੍ਰੋਫਾਈਲ ਫੋਟੋ ਦੀ ਸੱਚਾਈ ਨੂੰ ਪਹਿਚਾਨਣ। ਉਸ ਇਮੇਜ ਨੂੰ ਰਿਵਰਸ ਇਮੇਜ ਵਿੱਚ ਖੋਜ ਕਰਕੇ ਚੈਕ ਕਰਨ 'ਤੇ ਪਤਾ ਚੱਲ ਜਾਵੇਗਾ ਕਿ ਇੰਟਰਨੈਟ 'ਤੇ ਉਸ ਦੀ ਫੋਟੋ ਕਿਸ ਨਾਮ 'ਤੇ ਮੌਜੂਦ ਹੈ। ਮੈਟਰੀਮੋਨੀਅਲ ਸਾਈਟ 'ਤੇ ਮਿਲਣ ਵਾਲੀ ਕਿਸੇ ਵੀ ਪ੍ਰੋਫਾਈਲ 'ਤੇ ਆਪਣੀ ਨਿੱਜੀ ਜਾਣਕਾਰੀ ਦੇਣ ਤੋਂ ਬਚਾਅ ਕਰਨਾ ਜ਼ਰੂਰੀ ਹੈ ਅਤੇ ਆਪਣਾ ਫੋਨ ਨੰਬਰ, ਨਾ ਕੋਈ ਫੋਟੋ ਅਤੇ ਨਾ ਹੀ ਕੋਈ ਆਈ. ਡੀ. ਸਾਂਝੀ ਕਰਨੀ ਚਾਹੀਦੀ ਹੈ। ਬਿਨਾਂ ਪੜਤਾਲ ਪੈਸੇ ਟ?ਰਾਂਸਫਰ ਕਰਨ ਤੋਂ ਬਚੋ। ਇਸ ਤੋਂ ਬਿਨਾਂ ਪ੍ਰੋਫਾਈਲ ਦੀ ਅਸਲੀਅਤ ਜਾਣੇ ਬਿਨਾਂ ਕਿਸੇ ਵੀ ਅਣਜਾਣ ਦੇ ਖਾਤੇ 'ਚ ਪੈਸੈ ਟ?ਰਾਂਸਫਰ ਨਹੀਂ ਕਰਨੇ ਚਾਹੀਦੇ,ਕਿਉਂਕਿ ਅਜਿਹਾ ਸਾਈਬਰ ਠੱਗ ਤੁਹਾਡਾ ਖਾਤਾ ਵੀ ਖਾਲੀ ਕਰ ਸਕਦਾ ਹੈ।

## ਕਾਰ ਐਕਸੀਡੈਂਟ ਵਿਚ ਮਰੇ ਮ੍ਰਿਤਕਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪੀਆਂ

ਲੁਧਿਆਣਾ 12 ਦਸੰਬਰ। ਥਾਣਾ ਲਾਡੋਵਾਲ ਦੇ ਅਧੀਨ ਆਉਂਦੇ ਨੈਸ਼ਨਲ ਹਾਈਵੇ 'ਤੇ ਸਥਿਤ ਲਾਡੋਵਾਲ ਟੋਲ ਪਲਾਜ਼ਾ ਦੇ ਕੋਲ ਪੁਲ ਦੇ ਉੱਪਰ ਇਕ ਤੇਜ਼ ਰਫਤਰ ਕਾਰ ਦੇ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾ ਜਾਣ ਕਾਰਨ ਐਤਵਾਰ ਦੀ ਰਾਤ ਨੂੰ ਕਾਰ ਸਵਾਰ ਤਿੰਨ ਲੜਕੇ ਤੇ ਦੋ ਨਾਬਾਲਗ ਲੜਕੀਆਂ ਦੀ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਥਾਣਾ ਲਾਡੋਵਾਲ ਦੀ ਪੁਲਸ ਵੱਲੋਂ ਹਾਦਸੇ ਵਿਚ ਮਾਰੇ ਗਏ ਤਿੰਨੋ ਲੜਕੇ ਤੇ ਨਾਬਾਲਗ ਲੜਕੀਆਂ ਦੀਆਂ ਲਾਸ਼ਾਂ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਚ ਭਿਜਵਾ ਦਿੱਤੀਆਂ ਗਈਆਂ ਸਨ। ਇਸ ਤੋਂ ਬਾਅਦ ਥਾਣਾ ਲਾਡੋਵਾਲ ਦੀ ਪੁਲਸ ਵੱਲੋਂ ਹਾਦਸੇ ਵਿਚ ਮਾਰੇ ਗਏ ਨੌਜਵਾਨਾਂ ਦੀ ਪਛਾਣ ਸਿਮਰਨਜੀਤ ਸਿੰਘ, ਸਤਪਾਲ ਸਿੰਘ ਅਤੇ ਵੀਰੂ ਸਿੰਘ ਵਾਸੀ ਜਗਰਾਓਂ ਵਜੋਂ ਕੀਤੀ ਗਈ, ਜਦੋਂਕਿ ਹਾਦਸੇ ਵਿਚ ਮਾਰੀਆਂ ਗਈਆਂ ਨਾਬਾਲਗ ਲੜਕੀਆਂ ਦੀ ਪਛਾਣ ਅਰਸ਼ਦੀਪ ਕੌਰ ਅਤੇ ਜਸ਼ਨਪ੍ਰੀਤ ਕੌਰ ਵਾਸੀ ਮੋਗਾ ਵਜੋਂ ਕੀਤੀ ਗਈ। ਜਾਂਚ ਅਧਿਕਾਰੀ ਥਾਣੇਦਾਰ ਮਨਜੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਅੱਜ ਹਾਦਸੇ ਵਿਚ ਮਾਰੇ ਗਏ ਲੜਕੇ ਲੜਕੀਆਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਸਾਰੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਪੁਲਸ ਨੇ ਸ਼ਰੇਆਮ ਨਸ਼ਾ ਕਰਨ ਵਾਲਿਆਂ ਨੂੰ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਲੁਧਿਆਣਾ 12 ਦਸੰਬਰ। ਲੁਧਿਆਣਾ ਕਮਿਸ਼ਨਰੇਟ ਪੁਲਸ ਨੇ ਦੋ ਨੌਜਵਾਨਾਂ ਨੂੰ ਵੱਖ-ਵੱਖ ਥਾਵਾਂ ਤੋਂ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਤੋਂ ਇਕ ਸਿਲਵਰ ਫੁਆਇਲ, ਇਕ ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਕਾਰਵਾਈ ਕੀਤੀ ਜਾ ਰਹੀ ਹੈ। ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੇ ਨਸ਼ੀਲੇ ਪਦਾਰਥ ਕਿੱਥੋਂ ਪ੍ਰਾਪਤ ਕੀਤੇ ਅਤੇ ਇਹ ਪਤਾ ਲਗਾਉਣ ਲਈ ਕਿ ਕੀ ਉਹ ਨਸ਼ੀਲੇ ਪਦਾਰਥਾਂ ਦੀ ਸਪਲਾਈ ਵਿਚ ਸ਼ਾਮਲ ਹਨ। ਥਾਣਾ ਸਦਰ ਪੁਲਸ ਨੇ ਇਕ ਨੌਜਵਾਨ ਨੂੰ ਖੁੱਲ੍ਹੇਆਮ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹੋਏ ਗ੍ਰਿਫ਼ਤਾਰ ਕੀਤਾ। ਪੁਲਸ ਨੇ ਮੁਲਜ਼ਮ ਵਿਰੁੱਧ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸ਼ੁਭਮ ਬੱਬਰ ਵਜੋਂ ਹੋਈ ਹੈ, ਜੋ ਕਿ ਸੰਦੀਪ ਮੈਡੀਕਲ ਹਾਲ, ਸ਼ਿਮਲਾਪੁਰੀ ਦਾ ਰਹਿਣ ਵਾਲਾ ਹੈ। ਸਬ-ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਟੀਮ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਜਦੋਂ ਉਨ੍ਹਾਂ ਨੇ ਮੁਲਜ਼ਮ ਨੂੰ ਸ਼ੱਕੀ ਢੰਗ ਨਾਲ ਦੇਖਿਆ। ਪੁਲਸ ਟੀਮ ਨੂੰ ਦੇਖ ਕੇ ਉਸ ਨੇ ਦੂਰ ਭੱਜਣ ਦੀ ਕੋਸ਼ਿਸ਼ ਕੀਤੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਉਹ ਖੁੱਲ੍ਹੇਆਮ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਿਹਾ ਸੀ। ਇਸੇ ਤਰ੍ਹਾਂ ਗਸ਼ਤ ਡਿਊਟੀ ਦੌਰਾਨ, ਡਿਵੀਜ਼ਨ ਨੰਬਰ 6 ਸਟੇਸ਼ਨ ਦੀ ਪੁਲਸ ਨੇ ਮਿਲਰਗੰਜ ਦੇ ਦੁਸਹਿਰਾ ਗਰਾਊਂਡ ਨੇੜੇ ਸ਼ੱਕੀ ਹਾਲਾਤ ਵਿਚ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਕਰਨ 'ਤੇ, ਮੁਲਜ਼ਮ ਨਸ਼ੇ ਦੇ ਪ੍ਰਭਾਵ ਹੇਠ ਪਾਇਆ ਗਿਆ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਅਨਿਲ ਕੁਮਾਰ ਉਰਫ਼ ਕਾਲੂ ਵਜੋਂ ਹੋਈ ਹੈ, ਜੋ ਕਿ ਪ੍ਰਤਾਪ ਚੌਕ ਨੇੜੇ ਵਿਸ਼ਵਕਰਮਾ ਕਲੋਨੀ ਦਾ ਰਹਿਣ ਵਾਲਾ ਹੈ। ਦੋਸ਼ੀ ਦੇ ਹੋਰ ਸਾਥੀਆਂ ਦੀ ਪਛਾਣ ਲਈ ਜਾਂਚ ਜਾਰੀ ਹੈ।

## ਦੇਰ ਰਾਤ ਪੁਲਸ ਨੇ ਚੱਪੇ-ਚੱਪੇ 'ਤੇ ਲਾ 'ਤੇ ਨਾਕੇ, ਲੋਕਾਂ ਨੂੰ ਕੀਤੀ ਇਹ ਅਪੀਲ

ਬਟਾਲਾ 12 ਦਸੰਬਰ। ਪੰਜਾਬ ਪੁਲਸ ਵਲੋਂ ਸੁਰੱਖਿਆ ਦੇ ਲਿਹਾਜ ਨਾਲ ਪਿਛਲੇ ਕਈ ਦਿਨਾਂ ਤੋਂ ਕੜੇ ਪ੍ਰਬੰਧ ਕੀਤੇ ਗਏ ਹਨ। ਸਰਹੱਦੀ ਇਲਾਕੇ ਜ਼ਿਲ੍ਹਾ ਬਟਾਲਾ ਦੀ ਪੁਲਸ ਐਕਸ਼ਨ ਮੋਡ 'ਚ ਦਿਖਾਈ ਦੇ ਰਹੀ ਹੈ। ਵਿਸ਼ੇਸ ਤੌਰ 'ਤੇ ਵੱਖ-ਵੱਖ ਨਾਕੇ ਅਤੇ ਪੇਟ?ਰੋਲਿੰਗ ਪਾਰਟੀਆਂ ਲਗਾਈਆਂ ਗਈਆਂ ਹਨ ਜੋ ਚੱਪੇ-ਚੱਪੇ 'ਤੇ ਨਜ਼ਰ ਰੱਖ ਰਹੀਆਂ ਹਨ। ਜਾਣਕਾਰੀ ਦਿੰਦਿਆਂ ਬਟਾਲਾ ਪੁਲਸ ਦੇ ਐੱਸ.ਐੱਸ.ਪੀ. ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਉਹਨਾਂ ਦੀ ਪੁਲਸ ਵਲੋਂ ਸੁਰੱਖਿਆ ਦੇ ਕੜੇ ਇੰਤਜਾਮ ਕੀਤੇ ਗਏ ਹਨ। ਪੁਲਸ ਵੱਲੋਂ ਜ਼ਿਲ੍ਹਾ ਬਟਾਲਾ ਵਿੱਚ ਸ਼ਪੈਸ਼ਲ ਨਾਕੇ ਅਤੇ ਪੇਟ?ਰੋਲਿੰਗ ਪਾਰਟੀਆਂ ਲਗਾਈਆਂ ਗਈਆਂ ਹਨ ਜੋ ਚੱਪੇ-ਚੱਪੇ 'ਤੇ ਨਜ਼ਰ ਰੱਖ ਰਹੀਆਂ ਹਨ। ਇਸਦੇ ਨਾਲ ਹੀ ਜਨਤਕ ਥਾਵਾਂ 'ਤੇ ਸਪੈਸ਼ਲ ਚੈਕਿੰਗ ਕੀਤੀ ਜਾ ਰਹੀ ਹੈ। ਉਥੇ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਦਿਖਦਾ ਹੈ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਜੋ ਲੋਕ ਮੂੰਹ ਬੰਨ੍ਹ ਕੇ ਬਾਈਕ 'ਤੇ ਜਾਂਦੇ ਦਿਖਾਈ ਦੇ ਰਹੇ ਹਨ ਉਨ੍ਹਾਂ ਦੀ ਵਿਸ਼ੇਸ਼ ਕਰ ਜਾਂਚ ਕੀਤੀ ਜਾ ਰਹੀ ਹੈ, ਉਥੇ ਹੀ ਉਨ੍ਹਾਂ ਦਾ ਕਹਿਣਾ ਸੀ ਕਿ ਲੋਕਾਂ 'ਚ ਇਕ ਆਤਮਵਿਸ਼ਵਾਸ ਬਣਾਏ ਰੱਖਣ ਲਈ ਪੁਲਸ ਹਰ ਇਕ ਨਾਗਰਿਕ ਦੀ ਸੁਰੱਖਿਆ ਲਈ ਖੜੀ ਹੈ।

## ਗੁਰਦਾਸਪੁਰ ਦੇ ਮੈਡੀਕਲ ਸਟੋਰ ਵਿੱਚ ਮੁੜ ਹੋਈ ਲੁੱਟ, ਕੀਮਤੀ ਦਵਾਈਆਂ ਲੈ ਕੇ ਰਫੂ ਚੱਕਰ ਹੋਏ ਲੁਟੇਰੇ

ਗੁਰਦਾਸਪੁਰ, 12 ਦਸੰਬਰ। ਬੀਤੀ ਸ਼ਾਮ ਗੁਰਦਾਸਪੁਰ ਸ਼ਹਿਰ ਦੇ ਜਹਾਜ ਚੌਂਕ ਨੇੜੇ ਇੱਕ ਮੈਡੀਕਲ ਸਟੋਰ ਵਿੱਚ ਚੋਰਾਂ ਵੱਲੋਂ ਮੁੜ ਲੁੱਟ ਕੀਤੀ ਗਈ ਹੈ। ਮਹਾਜਨ ਮੈਡੀਕੇਅਰ ਸਟੋਰ ਦੇ ਮਾਲਕ ਵਿਨੋਦ ਮਹਾਜਨ ਨੇ ਦੱਸਿਆ ਕਿ ਉਹ ਆਪਣੇ ਮੈਡੀਕਲ ਸਟੋਰ ਵਿੱਚ ਮੌਜੂਦ ਸਨ। ਇਸ ਦੌਰਾਨ



ਇੱਕ ਨੌਜਵਾਨ ਆਇਆ ਜਿਸ ਨੇ ਉਨ੍ਹਾਂ ਕੋਲ ਦਵਾਈਆਂ ਦੀ ਮੰਗ ਕੀਤੀ। ਇਸ ਦੌਰਾਨ ਉਸ ਨਾਲ ਇਕ ਹੋਰ ਨੌਜਵਾਨ ਵੀ ਦੁਕਾਨ ਵਿਚ ਦਾਖਲ ਹੋ ਗਿਆ ਜਿਨ੍ਹਾਂ ਵਿਚੋਂ ਇਕ ਆਪਣਾ ਬਲੱਡ ਪ੍ਰੈਸ਼ਰ ਚੈੱਕ ਕਰਵਾਉਣ ਲੱਗ ਪਿਆ ਅਤੇ ਦੂਜਾ ਨੌਜਵਾਨ ਦੁਕਾਨ ਦੀ ਰੈਕੀ ਕਰਨ ਲੱਗ ਪਿਆ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਲੁੱਟ ਕਰਨ ਨਾਲ ਚਾਹੁੰਦਾ ਸੀ ਪਰ ਦੁਕਾਨ ਵਿੱਚ ਹੋਰ ਵੀ ਵਿਅਕਤੀ ਮੌਜੂਦ ਹੋਣ ਕਾਰਨ ਉਹ ਸਫਲ ਨਹੀਂ ਹੋ ਸਕਿਆ। ਇਸ ਦੌਰਾਨ ਉਸ ਨੇ ਤਕਰੀਬਨ 1 ਹਜ਼ਾਰ ਰੁਪਏ ਦੀਆਂ ਦਵਾਈਆਂ ਲਈਆਂ ਅਤੇ ਪੈਸੇ ਦਿੱਤੇ ਬਗੈਰ ਹੀ ਦੋਵੇ ਨੌਜਵਾਨ ਫਰਾਰ ਹੋ ਗਏ। ਉਕਤ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਵੀ ਕੈਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਦੁਕਾਨ ਵਿਚ ਹੋਰ ਲੋਕ ਮੌਜੂਦ ਨਾ ਹੁੰਦੇ ਤਾਂ ਉਹ ਲੁਟੇਰੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿਚ ਲੱਗ ਰਹੇ ਸਨ। ਉਨ੍ਹਾਂ ਪੁਲਸ ਕੋਲੋਂ ਮੰਗ ਕੀਤੀ ਗਈ ਲੁਟੇਰਿਆਂ ਨੂੰ ਜਲਦੀ ਫੜਿਆ ਜਾਵੇ ਅਤੇ ਅਜਿਹੀਆਂ ਘਟਨਾਵਾਂ ਹੋਰ ਹੋਣ ਤੇ ਰੋਕ ਲਗਾਈ ਜਾਵੇ।

## ਕਿਤੇ ਭੁੱਜੇ ਛੋਲੇ ਬਣ ਨਾ ਜਾਣ ਜਾਨਲੇਵਾ ! ਪੂਰੇ ਦੇਸ਼ 'ਚ ਵਧਿਆ ਖ਼ਤਰਾ

ਲੁਧਿਆਣਾ 12 ਦਸੰਬਰ। ਬਾਜ਼ਾਰ 'ਚ ਵਿਕਣ ਵਾਲੇ ਰੋਸਟੇਡ ਛੋਲੇ (ਭੁੱਜੇ ਛੋਲੇ) ਭਾਵੇਂ ਲੋਕਾਂ ਦੇ ਮੂੰਹ ਦੇ ਚੜ੍ਹ ਗਏ ਹੋਣ ਪਰ ਫੂਡ ਸੇਫਟੀ ਐਂਡ



ਸਟੈਂਡਰਡ ਨੇ ਦੇਸ਼ ਭਰ ਵਿਚ ਰੋਸਟੇਡ ਛੋਲੇ ਅਤੇ ਦੂਜੇ ਪ੍ਰੋਡਕਟਸ ਵਰਗੇ ਫੂਡ ਪ੍ਰੋਡਕਟਸ 'ਚ ਇੰਡਸਟ?ਰੀਅਲ ਡਾਈ ਆਰਾਮਾਈਨ ਦੀ ਵਰਤੋਂ ਖਿਲਾਫ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਨੂੰ ਮਿਲੀਆਂ ਸ਼ਿਕਾਇਤਾਂ ਦੇ ਅਨੁਸਾਰ ਆਰਾਮਾਈਨ, ਜੋ ਟੈਕਸਟਾਈਲ ਅਤੇ ਲੈਦਰ ਦੇ ਲਈ ਇਸਤੇਮਾਲ ਹੋਣ ਵਾਲਾ ਇਕ ਇੰਡਸਟ?ਰੀਅਲ ਡਾਈ ਹੈ, ਨੂੰ ਰੋਸਟੇਡ ਛੋਲਿਆਂ ਅਤੇ ਇਸੇ ਤਰ੍ਹਾਂ ਦੇ ਦੂਜੇ ਫੂਡ ਆਈਟਮਸ ਵਿਚ ਰੰਗ ਵਧਾਉਣ ਲਈ ਗੈਰ-ਕਾਨੂੰਨੀ ਤਰੀਕੇ ਨਾਲ ਮਿਲਾਇਆ ਜਾ ਰਿਹਾ ਹੈ। ਅਥਾਰਟੀ ਦੇ ਕਾਰਜਕਾਰੀ ਨਿਰਦੇਸ਼ਕ ਡਾ. ਸਤਿਅਮ ਕੁਮਾਰ ਪਾਂਡੇ ਨੇ ਆਪਣੇ ਨਿਰਦੇਸ਼ਾਂ ਵਿਚ ਕਿਹਾ ਕਿ ਇਹ ਆਰਮਾਈਨ ਫੂਡ ਸੇਫਟੀ ਐਂਡ ਸਟੈਂਡਰਡ ਰੈਗੂਲੇਸ਼ਨ, 2011 ਤਹਿਤ ਇਕ ਨਾਨ-ਪਰਮੀਟੇਡ ਸਿੰਥੈਟਿਕ ਫੂਡ ਕਲਰ ਹੈ। ਕਿਉਂਕਿ ਕਿਸੇ ਵੀ ਫੂਡ ਵਿਚ ਇਸ ਦੀ ਮੌਜੂਦਗੀ ਫੂਡ ਸੇਫਟੀ ਐਂਡ ਸਟੈਂਡਰਡ ਐਕਟ, 2006 ਦੇ ਸੈਕਸ਼ਨ 3(1) (ਜ਼ੈੱਡਜ਼ੈੱਡ) (ਵੀ) ਦੇ ਤਹਿਤ ਪ੍ਰੋਡਕਟ ਨੂੰ ਅਸੁਰੱਖਿਅਤ ਬਣਾ ਦਿੰਦੀ ਹੈ। ਇਸ ਲਈ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਰੋਸਟੇਡ ਛੋਲਿਆਂ ਅਤੇ ਇਸ ਤਰ੍ਹਾਂ ਦੇ ਦੂਜੇ ਫੂਡ ਪ੍ਰੋਡਕਟਸ, ਜਿਨ੍ਹਾਂ 'ਚ ਇਸ ਤਰ੍ਹਾਂ ਦੀ ਮਿਲਾਵਟ ਦੀ ਸੰਭਾਵਨਾ ਹੈ, ਦੇ ਇੰਸਪੈਕਸ਼ਨ, ਸੈਂਪਲਿੰਗ, ਟੈਸਟਿੰਗ ਅਤੇ ਬਾਅਦ ਦੀ ਕਾਰਵਾਈ ਸਮੇਤ ਟਾਰਗੇਟਿਡ ਕਾਰਵਾਈ ਕੀਤੀ ਜਾਵੇ

## ਕਾਰ ਅਤੇ ਬੁਲਟ ਮੋਟਰਸਾਈਕਲ ਦੀ ਟੱਕਰ ਵਿਚ ਇਕ ਦੀ ਮੌਤ

ਫਿਰੋਜ਼ਪੁਰ 12 ਦਸੰਬਰ। ਥਾਣਾ ਘੱਲਖੁਰਦ ਦੇ ਅਧੀਨ ਆਉਂਦੇ ਪਿੰਡ ਖਵਾਜਾ ਖੜਕ ਵਿਖੇ ਕਾਰ ਅਤੇ ਬੁਲਟ ਮੋਟਰਸਾਈਕਲ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਘੱਲਖੁਰਦ ਪੁਲਸ ਨੇ ਅਣਪਛਾਤੇ ਕਾਰ ਚਾਲਕ ਖਿਲਾਫ 106, 281, 324 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਣਜੀਤ ਕੌਰ ਪਤਨੀ ਹਰਨੇਕ ਸਿੰਘ ਵਾਸੀ ਖਵਾਜਾ ਖੜਕ ਨੇ ਦੱਸਿਆ ਕਿ ਅਣਪਛਾਤੇ ਕਾਰ ਚਲਾਕ ਵੱਲੋਂ ਹਰਮੀਤ ਸਿੰਘ ਦੇ ਬੁਲਟ ਮੋਟਰਸਾਈਕਲ ਵਿਚ ਤੇਜ਼ ਰਫਤਾਰ ਅਤੇ ਲਾਪ੍ਰਵਾਹੀ ਨਾਲ ਕਾਰ ਮਾਰਨ ਨਾਲ ਹਰਮੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਆਹੁਤਾ ਨੇ ਕੁੱਟਮਾਰ ਤੋਂ ਤੰਗ ਆ ਕੇ ਕੀਤੀ ਖ਼ੁਦਕੁਸ਼ੀ

ਬੋਹਾ 12 ਦਸੰਬਰ। ਮਾਨਸਾ ਜ਼ਿਲ੍ਹੇ ਦੇ ਪਿੰਡ ਗਾਮੀਵਾਲਾ ਦੀ ਇਕ ਵਿਆਹੁਤਾ ਨੇ ਕੁੱਟਮਾਰ ਅਤੇ ਤੰਗ ਕਰਨ ਤੋਂ ਪਰੇਸ਼ਾਨ ਹੋ ਕੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਹੈ। ਪੁਲਸ ਨੂੰ ਗਾਮੀਵਾਲਾ ਪਿੰਡ ਦੀ ਪ੍ਰਕਾਸ਼ ਕੌਰ ਨੇ ਦੱਸਿਆ ਕਿ ਮੇਰੀ ਧੀ ਹਰਵਿੰਦਰ ਕੌਰ ਨੂੰ ਜਵਾਈ ਗੁਰਪ੍ਰੀਤ ਸਿੰਘ ਕੁੱਟਮਾਰ ਕਰ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ। ਇਸ ਤੋਂ ਤੰਗ ਆ ਕੇ ਉਨ੍ਹਾਂ ਦੀ ਧੀ ਨੇ ਕੋਈ ਜ਼ਹਿਰੀਲੀ ਖਾ ਲਈ ਅਤੇ ਰਤੀਆ ਦੇ ਇਕ ਹਸਪਤਾਲ ਵਿਖੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਥਾਣਾ ਬੋਹਾ ਦੀ ਪੁਲਸ ਨੇ ਮ੍ਰਿਤਕ ਦੇ ਪਤੀ ਗੁਰਪ੍ਰੀਤ ਸਿੰਘ ਪਿੰਡ ਜਾਮਾਰਾਏ (ਤਰਨਤਾਰਨ) ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ ਪਰ ਹਾਲੇ ਉਸਦੀ ਗ੍ਰਿਫ਼ਤਾਰੀ ਨਹੀਂ ਹੋਈ।

## ਇੰਦਰਪ੍ਰੀਤ ਪੈਰੀ ਕਤਲ ਮਾਮਲੇ 'ਚ ਪਹਿਲੀ ਗ੍ਰਿਫ਼ਤਾਰੀ, ਗੋਲੀਆਂ ਮਾਰ ਕੇ ਕੀਤਾ ਸੀ ਕਤਲ

ਚੰਡੀਗੜ੍ਹ/ਖਰੜ 12 ਦਸੰਬਰ। ਇੱਥੇ ਇੰਦਰਪ੍ਰੀਤ ਸਿੰਘ ਪੈਰੀ ਕਤਲ ਮਾਮਲੇ 'ਚ ਵੱਡੀ ਕਾਰਵਾਈ ਕਰਦੇ ਹੋਏ ਪੁਲਸ ਨੇ ਪਹਿਲੀ ਗ੍ਰਿਫ਼ਤਾਰੀ ਕਰ ਲਈ ਹੈ। ਜ਼ਿਲ੍ਹਾ ਕ੍ਰਾਈਮ ਸੈੱਲ (ਡੀ. ਸੀ. ਸੀ.) ਦੀ ਟੀਮ ਨੇ ਪੰਜਾਬ ਦੇ ਖਰੜ ਵਾਸੀ ਰਾਹੁਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ ਹੈ ਕਿ ਰਾਹੁਲ ਉਹ ਹੀ ਵਿਅਕਤੀ ਸੀ, ਜਿਸ ਨੇ ਕਤਲ 'ਚ ਸ਼ਾਮਲ ਸ਼ੂਟਰਾਂ ਨੂੰ ਕਰੇਟਾ ਕਾਰ ਮੁਹੱਈਆ ਕਰਵਾਈ ਸੀ, ਜਿਸ ਦਾ ਇਸਤੇਮਾਲ ਵਾਰਦਾਤ ਨੂੰ ਅੰਜਾਮ ਦੇਣ ਦੌਰਾਨ ਕੀਤਾ ਗਿਆ। ਸੂਤਰਾਂ ਦੇ ਮੁਤਾਬਕ ਪੁਲਸ ਨੇ ਤਕਨੀਕੀ ਸਰਵਿਲਾਂਸ ਅਤੇ ਗੁਪਤ ਸੂਚਨਾ ਦੇ ਆਧਾਰ 'ਤੇ ਰਾਹੁਲ ਦੀ ਲੋਕੇਸ਼ਨ ਟਰੇਸ ਕੀਤੀ ਅਤੇ ਉਸ ਨੂੰ ਖਰੜ ਤੋਂ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਦੌਰਾਨ ਪੁਲਸ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਕਾਰ ਦੇ ਪਿੱਛੇ ਉਸ ਦੀ ਕੀ ਭੂਮਿਕਾ ਸੀ, ਕੀ ਉਹ ਪੂਰੀ ਸਾਜ਼ਿਸ਼ ਦਾ ਹਿੱਸਾ ਸੀ ਜਾਂ ਸਿਰਫ ਵਾਹਨ ਮੁਹੱਈਆ ਕਰਾਉਣ ਤੱਕ ਹੀ ਉਸ ਦੀ ਭੂਮਿਕਾ ਸੀ। ਦੱਸਣਯੋਗ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਇੰਦਰਪ੍ਰੀਤ ਸਿੰਘ ਪੈਰੀ ਦਾ ਸੈਕਟਰ-26 ਟਿੰਬਰ ਮਾਰਕਿਟ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਸੈਕਟਰ-33 ਦਾ ਰਹਿਣ ਵਾਲਾ ਇੰਦਰਪ੍ਰੀਤ ਸਿੰਘ ਪੈਰੀ ਗੱਡੀ 'ਚ ਤੇਜ਼ ਰਫ਼ਤਾਰ ਨਾਲ ਸੈਕਟਰ-26 ਟਿੰਬਰ ਮਾਰਕੀਟ ਪਹੁੰਚਿਆ। ਪੈਰੀ ਦਾ ਪਿੱਛਾ ਕਰ ਰਹੇ ਕਰੇਟਾ ਕਾਰ ਸਵਾਰਾਂ ਨੇ ਅਚਾਨਕ ਪੈਰੀ ਦੀ ਗੱਡੀ ਅੱਗੇ ਕਾਰ ਲਾ ਕੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਵਾਰਦਾਤ ਦੌਰਾਨ ਹਮਲਾਵਰਾਂ ਨੇ ਪੈਰੀ ਨੂੰ ਖਿੜਕੀ ਖੋਲ੍ਹਣ ਦਾ ਮੌਕਾ ਵੀ ਨਹੀਂ ਦਿੱਤਾ। ਤਿੰਨ ਹਮਲਾਵਰਾਂ ਨੇ ਇਕ ਤੋਂ ਬਾਅਦ ਇਕ 10 ਗੋਲੀਆਂ ਚਲਾਈਆਂ, ਜਿਸ ਤੋਂ ਬਾਅਦ ਪੈਰੀ ਦੀ ਮੌਤ ਹੋ ਗਈ।

# ਪੰਜਾਬ ਦੇ ਲੱਖਾਂ ਪੈਨਸ਼ਨ ਧਾਰਕਾਂ ਲਈ ਖ਼ੁਸ਼ਖ਼ਬਰੀ ! ਸੂਬਾ ਸਰਕਾਰ ਨੇ ਫਿਰ ਦਿੱਤੀ ਵੱਡੀ ਰਾਹਤ

**ਕੌਮੀ ਪਤ੍ਰਿਕਾ**

ਸਮਰਾਲਾ 12 ਦਸੰਬਰ। ਜ਼ਿਲ੍ਹਾ ਖਜ਼ਾਨਾ ਦਫ਼ਤਰ, ਲੁਧਿਆਣਾ ਤੇ ਉਪ ਖਜ਼ਾਨਾ ਦਫ਼ਤਰਾਂ ਵਿਖੇ 04 ਤੋਂ 6 ਦਸਬੰਰ ਤੱਕ 'ਪੈਨਸ਼ਨਰ ਸੇਵਾ ਮੇਲਾ-2' ਲਗਾਇਆ ਜਾ ਰਿਹਾ ਹੈ। ਜ਼ਿਲ੍ਹਾ ਖਜ਼ਾਨਾ ਅਫ਼ਸਰ, ਲੁਧਿਆਣਾ ਉਪਨੀਤ ਸਿੰਘ ਨੇ ਦੱਸਿਆ ਕਿ ਵਿੱਤ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮੁੜ 4 ਤੋਂ 12 ਦਸੰਬਰ ਤੱਕ ਪੈਨਸ਼ਨਰ ਸੇਵਾ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਖਜ਼ਾਨਾ ਦਫ਼ਤਰ ਲੁਧਿਆਣਾ ਦੇ ਨਾਲ-ਨਾਲ ਉਪ ਖਜ਼ਾਨਾ ਦਫ਼ਤਰਾਂ ਸਮਰਾਲਾ, ਖੰਨਾ, ਜਗਰਾਓਂ, ਪਾਇਲ ਤੇ ਰਾਏਕੋਟ ਵਿਖੇ ਵੀ ਪੈਨਸ਼ਨ ਸੇਵਾ ਮੇਲਾ ਲਗਾਇਆ ਜਾਵੇਗਾ। ਇਸ 'ਚ ਪੈਨਸ਼ਨ ਸੇਵਾ ਪੋਰਟਲ ਰਾਹੀਂ ਪੈਨਸ਼ਨਰਾਂ ਦੀ ਈ-ਕੇ. ਵਾਈ. ਸੀ. ਅਤੇ ਜੀਵਨ ਪ੍ਰਮਾਣ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਮੁਕੰਮਲ ਕਰਵਾਉਣੀ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਵਿੱਤ ਵਿਭਾਗ, ਪੰਜਾਬ ਵੱਲੋਂ



ਪਹਿਲਾਂ ਪੰਜਾਬ ਦੇ ਸਾਰੇ ਜ਼ਿਲ੍ਹਾ ਖਜ਼ਾਨਾ ਦਫ਼ਤਰ ਪੱਧਰ 'ਤੇ 13 ਤੋਂ 15 ਨਵੰਬਰ 2025 ਤੱਕ ਪੈਨਸ਼ਨਰ ਸੇਵਾ ਮੇਲਾ ਕਰਵਾਇਆ ਕੀਤਾ ਗਿਆ ਸੀ। ਇਸ 'ਚ ਵੱਡੀ ਗਿਣਤੀ 'ਚ ਪੈਨਸ਼ਨਰਾਂ ਵੱਲੋਂ ਹਿੱਸਾ ਲੈਂਦੇ ਹੋਏ ਈ-ਕੇ. ਵਾਈ. ਸੀ. ਅਤੇ ਜੀਵਨ ਪ੍ਰਮਾਣ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਮੁਕੰਮਲ ਕਰਵਾਈ ਗਈ। ਜ਼ਿਲ੍ਹਾ ਖਜ਼ਾਨਾ ਅਫ਼ਸਰ, ਲੁਧਿਆਣਾ ਉਪਨੀਤ ਸਿੰਘ ਵੱਲੋਂ ਸਮੂਹ ਪੈਨਸ਼ਨਰਾਂ ਨੂੰ ਅਪੀਲ ਕਰਦਿਆਂ ਕਿਹਾ ਜਿਹੜੇ ਲਾਭਪਾਤਰੀਆਂ ਵੱਲੋਂ ਹਾਲੇ ਤੱਕ ਆਪਣੀ ਈ-ਕੇ. ਵਾਈ. ਸੀ. ਅਤੇ ਜੀਵਨ ਪ੍ਰਮਾਣ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਮੁਕੰਮਲ ਨਹੀਂ ਕਰਵਾਈ ਗਈ, ਉਹ ਪੈਨਸ਼ਨਰ 4 ਤੋਂ 12 ਦਸੰਬਰ ਤੱਕ ਲੱਗਣ ਵਾਲੇ 'ਪੈਨਸ਼ਨਰ ਸੇਵਾ ਮੇਲਾ-2' 'ਚ ਸ਼ਮੂਲੀਅਤ ਕਰਦਿਆਂ ਆਪਣੀ ਈ-ਕੇ. ਵਾਈ. ਸੀ. ਅਤੇ ਜੀਵਨ ਪ੍ਰਮਾਣ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਨੂੰ ਮੁਕੰਮਲ ਕਰਵਾ ਕੇ ਇਸ ਸੇਵਾ ਦਾ ਲਾਭ ਉਠਾਉਣ।

## ਫਿਰੋਜ਼ਪੁਰ 'ਚ ਚੱਲੀਆਂ ਗੋਲੀਆਂ, ਦੋ ਧਿਰਾਂ ਵਿਚਾਲੇ ਹੋਈ ਖ਼ੂਨੀ ਝੜਪ

ਫਿਰੋਜ਼ਪੁਰ, 12 ਦਸੰਬਰ। ਫਿਰੋਜ਼ਪੁਰ 'ਚ ਇਕ ਵਾਰ ਫਿਰ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਫਿਰੋਜ਼ਪੁਰ ਦੇ ਪਿੰਡ ਖਾਈ ਫੇਮੇਕੇ 'ਚ ਨਿੱਜੀ ਰੰਜ਼ਿਸ਼ ਨੂੰ ਲੈ ਕੇ ਦੋ ਗੁੱਟਾਂ ਵਿਚਾਲੇ ਝੜਪ ਹੋ ਗਈ, ਜਿਸ ਵਿਚ ਇਕ ਪੱਖ ਨੇ ਗੋਲੀਆਂ ਚਲਾ ਦਿੱਤੀਆਂ। ਇਸ ਫਾਈਰਿੰਗ 'ਚ ਲੜਾਈ ਛੁਡਾਉਣ ਆਏ ਇਕ ਨੌਜਵਾਨ ਨੂੰ ਗੋਲੀ ਲੱਗ ਗਈ ਜਿਸ ਨਾਲ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਉਸਨੂੰ ਤੁਰੰਤ ਫਿਰੋਜ਼ਪੁਰ ਦੇ ਇਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦੋਵਾਂ ਧਿਰਾਂ ਵਿੱਚ ਲੰਬੇ ਸਮੇਂ ਤੋਂ ਦੁਸ਼ਮਣੀ ਸੀ ਅਤੇ ਪਹਿਲਾਂ ਇੱਕ-ਦੂਜੇ 'ਤੇ ਇੱਟਾਂ ਅਤੇ ਪੱਥਰਾਂ ਨਾਲ ਹਮਲਾ ਕੀਤਾ ਗਿਆ ਸੀ। ਜਦੋਂ ਬਲਜੀਤ ਸਿੰਘ ਲੜਾਈ ਖ਼ਤਮ ਕਰਵਾਉਣ ਗਿਆ ਤਾਂ ਦੂਜੀ ਧਿਰ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਇਕ ਗੋਲੀ ਉਸ ਦੇ ਪੱਟ ਵਿੱਚ ਜਾ ਵੱਜੀ। ਇਸ ਸਮੇਂ ਨੌਜਵਾਨ ਦੀ ਹਾਲਤ ਗੰਭੀਰ ਹੈ। ਉਥੇ ਹੀ ਮੌਕੇ 'ਤੇ ਮੌਜੂਦ ਪੁਲਸ ਨੇ ਦੱਸਿਆ ਕਿ ਨਿੱਜੀ ਰੰਜ਼ਿਸ਼ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਝਗੜਾ ਹੋਇਆ, ਜਿਸ ਦੌਰਾਨ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਜੋ ਵੀ ਦੋਸ਼ੀ ਪਾਇਆ ਜਾਵੇਗਾ, ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਬਾਲ ਵਿਆਹ ਦੀ ਰੋਕਥਾਮ ਲਈ ਵਿਸ਼ੇਸ਼ ਮੁਹਿੰਮ ਜਾਰੀ, ਸਕੂਲੀ ਬੱਚਿਆਂ ਨੂੰ ਕੀਤਾ ਜਾ ਰਿਹੈ ਜਾਗਰੂਕ

ਲੁਧਿਆਣਾ 12 ਦਸੰਬਰ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਦੀ ਅਗਵਾਈ ਹੇਠ, ਬਾਲ ਵਿਆਹ ਦੀ ਰੋਕਥਾਮ ਸਬੰਧੀ ਸਰਕਾਰੀ ਹਾਈ ਸਕੂਲ, ਬੱਸ ਸਟੈਂਡ ਅਤੇ ਸਰਕਾਰੀ ਹਾਈ ਸਕੂਲ, ਜਵਾਹਰ ਨਗਰ ਕੈਂਪ, ਲੁਧਿਆਣਾ ਵਿਖੇ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ। ਸਕੂਲੀ ਬੱਚਿਆਂ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਵਿਆਹ ਲਈ ਲੜਕੇ ਦੀ ਉਮਰ 21 ਸਾਲ ਅਤੇ ਲੜਕੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਸਪੱਸ਼ਟ ਕੀਤਾ ਗਿਆ ਕਿ ਜੇਕਰ ਕੋਈ ਇਸ ਤੋਂ ਪਹਿਲਾਂ ਵਿਆਹ ਕਰਵਾਉਂਦਾ ਹੈ ਤਾਂ ਕੁਤਾਹੀ ਕਰਨ ਵਾਲੇ ਅਤੇ ਉਸਦੇ ਪਰਿਵਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਸ਼ਮੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ 27 ਨਵੰਬਰ, 2025 ਤੋਂ ਆਗਾਮੀ 08 ਮਾਰਚ, 2026 ਤੱਕ ਬਾਲ ਵਿਆਹ ਦੀ ਰੋਕਥਾਮ ਲਈ ਵਿਸ਼ੇਸ਼ ਅਭਿਆਨ ਆਰੰਭਿਆ ਗਿਆ ਹੈ ਜਿਸਦੇ ਤਹਿਤ ਵੱਖ-ਵੱਖ ਸਕੂਲਾਂ ਵਿੱਚ ਬੱਚਿਆਂ ਨੂੰ ਸੁਚੇਤ ਕੀਤਾ ਜਾਣਾ ਹੈ। ਇਸ ਮੌਕੇ ਰੀਤੂ ਸੂਦ ਅਤੇ ਸੰਜਨਾ ਕੁਮਾਰੀ ਵੀ ਸ਼ਾਮਲ ਸਨ।

# ਲੁਧਿਆਣਾ 'ਚ ਵੱਡਾ ਬੱਸ ਹਾਦਸਾ ! ਪੈ ਗਈਆਂ ਭਾਜੜਾਂ; ਅੱਧਾ ਦਰਜਨ ਤੋਂ ਵੱਧ ਲੋਕ ਜ਼ਖ਼ਮੀ

**ਕੌਮੀ ਪਤ੍ਰਿਕਾ**

ਲੁਧਿਆਣਾ, 12 ਦਸੰਬਰ। ਵੀਰਵਾਰ ਦੁਪਹਿਰ ਨੂੰ ਬੱਸ ਸਟੈਂਡ ਦੇ ਬਾਹਰ ਇੱਕ ਨਿੱਜੀ ਬੱਸ ਕੰਟਰੋਲ ਤੋਂ ਬਾਹਰ ਹੋ ਗਈ। ਪੁਲ ਤੋਂ ਉਤਰਦੇ ਸਮੇਂ ਇਹ ਪਹਿਲਾਂ ਇੱਕ ਖੰਭੇ ਨਾਲ ਟਕਰਾ ਗਈ ਅਤੇ ਫਿਰ ਵਾਪਸ ਆਉਂਦੇ ਸਮੇਂ ਕਈ ਹੋਰ ਵਾਹਨਾਂ ਨਾਲ ਟਕਰਾ ਗਈ। ਇਸ ਹਾਦਸੇ ਕਾਰਨ ਟ?ਰੈਫਿਕ ਜਾਮ ਹੋ ਗਿਆ ਤੇ ਲੰਬੀਆਂ ਕਤਾਰਾਂ ਲੱਗ ਗਈਆਂ। ਪੁਲਸ ਨੇ ਬਚਾਅ ਕਾਰਜ ਚਲਾ ਕੇ ਆਵਾਜਾਈ ਬਹਾਲ ਕੀਤੀ। ਦੱਸਿਆ ਜਾ ਰਿਹਾ ਹੈ ਕਿ ਬੱਸ ਦੇ ਬ੍ਰੇਕ ਫੇਲ੍ਹ ਹੋ ਗਏ, ਜਿਸ ਕਾਰਨ ਲਗਭਗ ਇੱਕ ਦਰਜਨ ਲੋਕ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸੂਚਨਾ ਮਿਲਣ 'ਤੇ ਥਾਣਾ ਡਿਵੀਜ਼ਨ ਨੰਬਰ 5 ਅਧੀਨ ਆਉਂਦੇ ਕੌਚਰ ਮਾਰਕੀਟ ਚੌਕੀ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਜੁਝਾਰ ਕੰਪਨੀ ਦੀ ਬੱਸ ਨੰਗਲ ਤੋਂ ਆਈ ਸੀ ਅਤੇ ਬੱਸ ਸਟੈਂਡ ਤੋਂ ਨਿਕਲਣ ਤੋਂ ਬਾਅਦ ਪੁਲ ਤੋਂ ਹੇਠਾਂ ਉਤਰ ਰਹੀ ਸੀ ਜਦੋਂ ਇਹ ਹਾਦਸਾਗ੍ਰਸਤ ਹੋ ਗਈ। ਬੱਸ ਵਿੱਚ ਲਗਭਗ 5-6 ਯਾਤਰੀ ਸਨ, ਜਿਸਦਾ ਪਤਾ ਚੰਡੀਗੜ੍ਹ ਸੀ। ਨਿਵਾਸੀਆਂ ਨੇ ਦੱਸਿਆ ਕਿ ਗੁੰਮ ਹੋਈ ਬੱਸ ਦੇ ਡਰਾਈਵਰ ਦੀ ਟੱਕਰ ਇੱਕ ਈ-ਰਿਕਸ਼ਾ, ਇੱਕ ਆਟੋ-ਰਿਕਸ਼ਾ ਅਤੇ ਦੋ ਮੋਟਰਸਾਈਕਲ ਸਵਾਰਾਂ ਨਾਲ ਹੋ ਗਈ। ਈ-ਰਿਕਸ਼ਾ ਵਿੱਚ ਸਵਾਰ ਛੇ ਯਾਤਰੀ ਜ਼ਖਮੀ ਹੋ ਗਏ, ਅਤੇ ਮੋਟਰਸਾਈਕਲ ਸਵਾਰ, ਬੱਸ ਦੀ ਉਡੀਕ ਕਰ ਰਹੇ ਹੋਰ ਲੋਕਾਂ ਦੇ ਨਾਲ, ਵੀ ਜ਼ਖਮੀ ਹੋ ਗਏ। ਇੱਕ ਔਰਤ ਅਤੇ ਇੱਕ ਆਦਮੀ ਦੀਆਂ ਲੱਤਾਂ ਟੁੱਟ ਗਈਆਂ। ਨਿਵਾਸੀਆਂ ਨੇ ਦੱਸਿਆ ਕਿ ਬੁੱਧਵਾਰ ਨੂੰ, ਨਿਗਮ ਦੀ ਟੀਮ ਨੇ ਚੌਰਾਹੇ ਤੋਂ ਗਲੀ ਦੇ ਵਿਕਰੇਤਾਵਾਂ ਨੂੰ ਹਟਾ ਦਿੱਤਾ ਸੀ, ਜਿਸ ਨਾਲ ਭੀੜ ਘੱਟ ਗਈ ਸੀ। ਜੇਕਰ ਵਿਕਰੇਤਾ ਉੱਥੇ ਹੀ ਰਹਿੰਦੇ ਤਾਂ ਨੁਕਸਾਨ ਕਾਫ਼ੀ ਹੋ ਸਕਦਾ ਸੀ। ਚੌਕੀ ਇੰਚਾਰਜ ਸਬ-ਇੰਸਪੈਕਟਰ ਮੇਵਾ ਸਿੰਘ ਨੇ ਦੱਸਿਆ ਕਿ ਜੁਝਾਰ ਕੰਪਨੀ ਦੀ ਬੱਸ ਨੂੰ ਜ਼ਬਤ ਕਰ ਲਿਆ ਗਿਆ ਹੈ ਅਤੇ ਕਾਰਵਾਈ ਕੀਤੀ ਜਾ ਰਹੀ ਹੈ। ਬੱਸ ਡਰਾਈਵਰ ਜਸਵੰਤ ਸਿੰਘ ਮੌਕੇ ਤੋਂ ਭੱਜ ਗਿਆ ਹੈ ਅਤੇ ਉਸਦੀ ਭਾਲ ਕੀਤੀ ਜਾ ਰਹੀ ਹੈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

## ਕਰਿਆਨੇ ਦੀ ਦੁਕਾਨ 'ਚੋਂ ਨਕਦੀ ਤੇ ਸਾਮਾਨ ਚੋਰੀ

ਬਟਾਲਾ 12 ਦਸੰਬਰ। ਬੀਤੀ ਰਾਤ ਚੋਰਾਂ ਵੱਲੋਂ ਮੁਲਤਾਨੀ ਮੁਹੱਲਾ ਸਥਿਤ ਇਕ ਕਰਿਆਨੇ ਦੀ ਦੁਕਾਨ 'ਚੋਂ ਨਕਦੀ ਅਤੇ ਸਾਮਾਨ ਚੋਰੀ ਕਰਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੱਸ਼ ਪੁੱਤਰ ਰਜਿੰਦਰ ਕੁਮਾਰ ਵਾਸੀ ਚੱਕਰੀ ਬਾਜ਼ਾਰ ਬਟਾਲਾ ਨੇ ਦੱਸਿਆ ਕਿ ਉਸਦੀ ਮੁਲਤਾਨੀ ਮੁਹੱਲਾ ਓਹਰੀ ਚੌਂਕ ਵਿਖੇ ਕਸ਼ਿਸ਼ ਕੰਨਫੈਕਸ਼ਨਰੀ ਨਾਂ ਦੀ ਦੁਕਾਨ ਹੈ ਅਤੇ ਰੋਜ਼ਾਨਾ ਦੀ ਤਰਾਂ ਬੀਤੀ ਰਾਤ ਉਹ ਵੀ ਦੁਕਾਨ ਨੂੰ ਬੰਦ ਕਰਕੇ ਘਰ ਚਲਾ ਗਿਆ ਸੀ। ਅੱਜ ਸਵੇਰੇ ਸਾਨੂੰ ਸਾਡੇ ਗੁਆਂਢੀਆਂ ਦਾ ਫੋਨ ਆਇਆ ਕਿ ਤੁਹਾਡੀ ਦੁਕਾਨ ਦਾ ਤਾਲਾ ਟੁੱਟਾ ਪਿਆ ਹੈ, ਜਿਸ ਦੇ ਬਾਅਦ ਉਹ ਤੁਰੰਤ ਦੁਕਾਨ 'ਤੇ ਦੇਖਿਆ ਕਿ ਦੁਕਾਨ ਦਾ ਮੇਨ ਲੱਕੜ ਦੇ ਦਰਵਾਜ਼ੇ ਦਾ ਤਾਲਾ ਤੋੜ ਕੇ ਚੋਰ ਅੰਦਰ ਪਈ ਕਰੀਬ 30 ਹਜ਼ਾਰ ਰੁਪਏ ਨਕਦੀ ਅਤੇ ਕਰੀਬ 6/7 ਹਜ਼ਾਰ ਰੁਪਏ ਦਾ ਸਮਾਨ ਚੋਰੀ ਕਰਕੇ ਲੈ ਜਾ ਚੁੱਕੇ ਸਨ।

## ਸ਼ਰਮਸਾਰ ਪੰਜਾਬ ! ਧੀ ਦੀ ਡੋਲੀ ਤੋਰਨ ਮਗਰੋਂ ਮਾਪਿਆਂ ਦੀ ਮੌਤ, ਲਾਸ਼ਾਂ ਨੂੰ ਵੀ ਲੁੱਟ ਕੇ ਲੈ ਗਏ 'ਲਾਲਚੀ ਲੋਕ'

ਫ਼ਤਹਿਗੜ੍ਹ ਸਾਹਿਬ 12 ਦਸੰਬਰ। ਲੁਧਿਆਣੇ ਤੋਂ ਵਿਆਹ ਸਮਾਗਮ ਦੌਰਾਨ ਧੀ ਦੀ ਡੋਲੀ ਤੋਰ ਕੇ ਸਰਹੰਦ ਵਾਪਸ ਪਰਤਣ ਸਮੇਂ ਢੰਡਾਰੀ ਲਾਗੇ ਟਰਾਲੇ ਨਾਲ ਕਾਰ ਟਕਰਾਉਣ ਨਾਲ ਵਾਪਰੇ



ਦਰਦਨਾਕ ਹਾਦਸੇ ਵਿਚ ਲਾੜੀ ਦੇ ਮਾਤਾ-ਪਿਤਾ ਸਮੇਤ ਤਿੰਨ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਨੂੰ ਇਲਾਜ ਲਈ ਲੁਧਿਆਣਾ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜਿੱਥੇ ਇਸ ਖ਼ਬਰ ਨੇ ਪੰਜਾਬ ਦੇ ਹਰ ਵਿਅਕਤੀ ਨੂੰ ਹੀ ਝੰਜੋੜ ਕੇ ਰੱਖ ਦਿੱਤਾ ਸੀ, ਉੱਥੇ ਹੀ ਹਾਦਸੇ ਤੋਂ ਬਾਅਦ ਕੁਝ ਲਾਲਚੀ ਲੋਕਾਂ ਨੇ ਇਸ ਮੌਕੇ ਦਾ ਵੀ ਫ਼ਾਇਦਾ ਚੁੱਕ ਕੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਦਿੱਤਾ। ਹਾਦਸੇ ਵਾਲੀ ਜਗ?ਹਾ 'ਤੇ ਲੋਕਾਂ ਨੇ ਮ੍ਰਿਤਕਾਂ ਦੀਆਂ ਦੇਹਾਂ ਤੋਂ ਗਹਿਣੇ, ਨਗ਼ਦੀ ਤੇ ਹੋਰ ਕੀਮਤੀ ਸਾਮਾਨ ਚੋਰੀ ਕਰਕੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਕਾਰਾ ਕੀਤਾ ਹੈ। ਹਾਦਸੇ ਵਾਲੇ ਸਥਾਨ ਤੋਂ ਲੋਕਾਂ ਨੇ ਮ੍ਰਿਤਕਾਂ ਦੇ ਗਲੇ ਵਿਚੋਂ ਹਾਰ, ਮੁੰਦਰੀਆਂ, ਕੜੇ, ਇਕ ਐਪਲ ਦੀ ਘੜੀ, ਕੁੱਲ ਮਿਲਾ ਕੇ 15 ਤੋਲੇ ਸੋਨਾ, 3 ਲੱਖ ਰੁਪਏ ਨਕਦ ਅਤੇ ਵਿਆਹ ਵਿਚ ਮਿਲੇ ਲਗਭਗ 2 ਲੱਖ ਰੁਪਏ ਦੇ ਸ਼ਗਨ ਆਦਿ ਚੋਰੀ ਕਰ ਲਏ।

# ਬਿਜਲੀ ਦਾ ਬਿੱਲ ਭਰਨ ਵਾਲੇ ਹੋ ਜਾਣ ਸਾਵਧਾਨ ! ਖ਼ਬਰ ਪੜ੍ਹ ਤੁਹਾਡੇ ਵੀ ਹੋਸ਼ ਉੱਡ ਜਾਣਗੇ

**ਕੌਮੀ ਪਤ੍ਰਿਕਾ**

ਚੰਡੀਗੜ੍ਹ 12 ਦਸੰਬਰ। ਬਿਜਲੀ ਬੰਦ ਹੋਣ 'ਤੇ ਬਿੱਲ ਭੁਗਤਾਨ ਅਪਡੇਟ ਕਰਨ ਦੇ ਨਾਂ 'ਤੇ ਠੱਗਾਂ ਨੇ 3 ਲੱਖ 67 ਹਜ਼ਾਰ 500 ਰੁਪਏ ਦੀ ਠੱਗੀ ਕਰ ਲਈ। ਸ਼ਿਕਾਇਤਕਰਤਾ ਉਮੇਸ਼ ਕੁਮਾਰ ਨੇ ਜਿਵੇਂ ਹੀ ਮੋਬਾਇਲ ਫੋਨ 'ਤੇ ਭੇਜੇ ਗਏ ਲਿੰਕ 'ਤੇ ਕਲਿੱਕ ਕੀਤਾ ਤਾਂ ਉਸਦੇ ਖ਼ਾਤੇ 'ਚੋਂ ਰੁਪਏ ਨਿਕਲਣ ਦਾ ਸੁਨੇਹਾ ਆਇਆ। ਖ਼ਾਤੇ ਚੋਂ ਨਕਦੀ ਨਿਕਲਣ 'ਤੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ। ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਕਰਕੇ ਸੈਕਟਰ-35 ਨਿਵਾਸੀ ਔਰਤ ਉਮੇਸ਼ ਕੁਮਾਰ ਦੀ ਸ਼ਿਕਾਇਤ 'ਤੇ ਅਣਪਛਾਤੇ ਠੱਗਾਂ 'ਤੇ ਮਾਮਲਾ ਦਰਜ ਕੀਤਾ। ਉਮੇਸ਼ ਕੁਮਾਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ 2 ਸਤੰਬਰ, 2025 ਦੀ ਰਾਤ ਨੂੰ ਘਰ 'ਚ ਬਿਜਲੀ ਚਲੀ ਗਈ ਸੀ। ਉਸ ਦੇ ਪਤੀ ਨੇ ਗੂਗਲ 'ਤੇ ਚੰਡੀਗੜ੍ਹ ਪਾਵਰ ਡਿਸਟ?ਰੀਬਿਊਸ਼ਨ ਦਾ ਕਸਟਮਰ ਕੇਅਰ ਨੰਬਰ ਸਰਚ ਕੀਤਾ ਸੀ। ਉਨ੍ਹਾਂ ਨੂੰ 9635-934050 ਮੋਬਾਇਲ ਨੰਬਰ ਮਿਲਿਆ, ਜੋ ਕਿ ਚੰਡੀਗੜ੍ਹ ਪਾਵਰ ਡਿਸਟ?ਰੀਬਿਊਸ਼ਨ ਦੇ



ਕਸਟਮਰ ਕੇਅਰ ਦਾ ਲੱਗ ਰਿਹਾ ਸੀ। ਉਨ੍ਹਾਂ ਨੇ ਉਸ ਨੰਬਰ 'ਤੇ ਕਾਲ ਕੀਤੀ। ਕਾਲ ਚੁੱਕਣ ਵਾਲੇ ਵਿਅਕਤੀ ਨੇ ਦੱਸਿਆ ਕਿ ਉਹ ਚੰਡੀਗੜ੍ਹ ਪਾਵਰ ਡਿਸਟ?ਰੀਬਿਊਸ਼ਨ ਤੋਂ ਬੋਲ ਰਿਹਾ ਹੈ ਅਤੇ ਬਿਜਲੀ ਬਿੱਲ ਭੁਗਤਾਨ ਅਪਡੇਟ ਕਰਨ ਲਈ ਉਸ ਨੂੰ 10 ਰੁਪਏ ਦਾ ਆਨਲਾਈਨ ਭੁਗਤਾਨ ਕਰਨਾ ਹੋਵੇਗਾ। ਉਸ ਨੂੰ ਦੱਸਿਆ ਗਿਆ ਕਿ ਉਹ ਸਿਰਫ਼ ਗੂਗਲ ਪੇਅ ਦੀ ਵਰਤੋਂ ਕਰਦਾ ਹੈ। ਕਰਮਚਾਰੀ ਨੇ ਕਿਹਾ ਕਿ ਗੂਗਲ ਪੇਅ ਨਾਲ ਭੁਗਤਾਨ ਸੰਭਵ ਨਹੀਂ ਹੈ ਅਤੇ ਉਹ ਉਨ੍ਹਾਂ ਨੂੰ ਵਟਸਐਪ 'ਤੇ ਇੱਕ ਲਿੰਕ ਭੇਜੇਗਾ। ਲਿੰਕ 'ਤੇ ਕਲਿੱਕ ਕਰਦੇ ਹੋਏ ਵਿਅਕਤੀ ਨੇ ਬਿਜਲੀ ਬਿੱਲ ਭੁਗਤਾਨ ਅਪਡੇਟ ਕਰਨ ਦੇ ਬਹਾਨੇ ਓ. ਟੀ. ਪੀ. ਪ੍ਰਾਪਤ ਕੀਤਾ। ਇਸ ਦੇ ਬਾਅਦ ਐਕਸਿਸ ਬੈਂਕ ਦੇ ਖ਼ਾਤੇ ਵਿਚੋਂ 50,000, ਇੱਕ ਲੱਖ ਰੁਪਏ, 50,000 ਰੁਪਏ, ਇੱਕ ਲੱਖ ਰੁਪਏ, 50 ਅਤੇ 50 ਹਜ਼ਾਰ ਰੁਪਏ ਨਿਕਲ ਗਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਠੱਗਾਂ ਨੇ ਕੁੱਲ 3 ਲੱਖ 67 ਹਜ਼ਾਰ 500 ਰੁਪਏ ਕੱਢਵਾਏ ਹਨ। ਉਸਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਕਰ ਕੇ ਉਮੇਸ਼ ਕੁਮਾਰ ਦੇ ਬਿਆਨਾਂ 'ਤੇ ਠੱਗਾਂ 'ਤੇ ਮਾਮਲਾ ਦਰਜ ਕੀਤਾ। ਪੁਲਸ ਬੈਂਕ ਖ਼ਾਤੇ ਰਾਹੀਂ ਠੱਗਾਂ ਦਾ ਪਤਾ ਲਗਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕੇਂਦਰ ਸਰਕਾਰ ਵੱਲੋਂ ਪੰਦਰਵੇਂ ਵਿੱਤ ਕਮਿਸ਼ਨ ਤਹਿਤ ਬਲਾਕ ਖਮਾਣੋ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟ ਜਾਰੀ

## ਪੰਜਾਬ ਸਰਕਾਰ ਦੇ ਸਹਿਯੋਗ ਸਦਕਾ ਵਾਟਰ ਸਪਲਾਈ ਸਕੀਮਾਂ ਵਿੱਚ ਹੋਵੇਗਾ ਸੁਧਾਰ

**ਕੌਮੀ ਪਤ੍ਰਿਕਾ**
**ਮਲਾਗਰ ਖਮਾਣੋਂ**

ਫਤਿਹਗੜ੍ਹ ਸਾਹਿਬ,12, ਦਸੰਬਰ: ਇਤਿਹਾਸਿਕ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਅਧੀਨ ਬਲਾਕ ਖਮਾਣੋ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਕੇਂਦਰ ਸਰਕਾਰ ਵੱਲੋਂ 15ਵੇਂ ਵਿੱਤ ਕਮਿਸ਼ਨ ਤਹਿਤ ਸਾਲ 2024 /25 ਦੇ ਲੱਗਭਗ 50 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਹਨ। ਇਹਨਾਂ ਫੰਡਾ ਦੀ ਪੁਸ਼ਟੀ ਬਲਾਕ ਖਮਾਣੋ ਦੇ ਬੀਡੀਪੀਓ ਮੈਡਮ ਵਨੀਤਾ ਵੱਲੋਂ ਕੀਤੀ ਗਈ। ਇਸ ਸਬੰਧੀ ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਤੇ ਸੰਬੰਧਿਤ ਕੇਂਦਰ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਉਪਰਾਲੇ ਤਹਿਤ ਹੀ ਕੇਂਦਰ ਸਰਕਾਰ ਵੱਲੋਂ ਪੰਦਰਵੇਂ ਵਿੱਤ ਕਮਿਸ਼ਨ ਤਹਿਤ ਲਗਭਗ ਤਿੰਨ ਕਰੋੜ 59 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਹਨਾਂ ਫੰਡਾ ਤਹਿਤ ਬਲਾਕ ਖਮਾਣੋ ਅਧੀਨ ਸਪਲਾਈ ਸਕੀਮਾਂ, ਗਲੀਆਂ ਨਾਲੀਆਂ, ਕੂੜੇ ਦੇ ਵਿਸ਼ੇਸ਼ ਡੰਪ ਆਦਿ ਲਈ ਖਰਚੇ ਜਾ ਰਹੇ ਹਨ , ਇਹ ਫੰਡ ਬਲਾਕ ਖਮਾਣੋ ਦੇ 77 ਪਿੰਡਾਂ ਵਿੱਚ ਖਰਚੇ ਜਾਣਗੇ।ਇਹਨਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਪਾਰਦਾਸਤਾ ਤਹਿਤ ਇਹਨਾਂ ਫੰਡਾਂ ਦੀ ਪੂਰੀ ਇਮਾਨਦਾਰੀ ਤੇ ਨਿਯਮਾਂ ਤਹਿਤ ਖਰਚੇ ਜਾ ਰਹੇ ਹਨ ਸੰਬੰਧਿਤ ਵੱਖ-




ਵੱਖ ਵਿਭਾਗਾਂ ਜਿਵੇਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਉੱਪ ਮੰਡਲ ਇੰਜੀਨੀਅਰ ਨੂੰ ਕੰਮਾਂ ਦੇ ਤਖਮੀਨੇ , ਜ਼ਰੂਰੀ ਕੰਮਾਂ ਲਈ ਐਸਟੀਮੇਟ ਮੰਗਵਾਏ ਜਾ ਰਹੇ ਹਨ ।ਇਹਨਾਂ ਦੱਸਿਆ ਕਿ ਇਹਨਾਂ ਵਿਕਾਸ ਕਾਰਜਾਂ ਲਈ ਹਲਕੇ ਦੇ ਮੌਜੂਦਾ ਵਿਧਾਇਕ, ਮੈਂਬਰ ਪਾਰਲੀਮੈਂਟ ਸਮੇਤ ਬਲਾਕ ਦੀਆਂ ਪੰਚਾਇਤਾਂ ਭਰਭੂਰ ਸਹਿਯੋਗ ਕਰ ਰਹੀਆਂ ਹਨ ।ਇਹਨਾਂ ਫੰਡਾ ਸਬੰਧੀ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਉਪ ਮੰਡਲ ਇੰਜੀਨੀਅਰ ਗਗਨਦੀਪ ਸਿੰਘ ਵਿਰਕ ਨੇ ਦੱਸਿਆ ਕਿ ਬਲਾਕ ਅਧੀਨ ਤਕਰੀਬਨ 8 ਵਾਟਰ ਸਪਲਾਈ ਸਕੀਮਾਂ ਦੀ ਰਿਪੇਅਰ ,ਮਸ਼ੀਨਰੀ ਆਦੀ ਦੇ ਐਸਟੀਮੇਟ ਸੰਬੰਧਿਤ ਬੀਡੀਪੀਓ ਦਫਤਰ ਨੂੰ ਭੇਜ ਦਿੱਤੇ ਗਏ ਸਨ, ਬਾਕੀ ਹੋਰ ਸਕੀਮਾਂ ਅਧੀਨ ਪਿੰਡਾਂ ਵਿੱਚ ਪਾਈਪ ਲਾਈਨਾਂ ਸਬੰਧੀ ਤਖਮੀਨੇ ਤਿਆਰ ਕੀਤੇ ਜਾ ਰਹੇ ਹਨ। ਇਹਨਾਂ ਦੱਸਿਆ ਕਿ ਇਹਨਾਂ ਫੰਡਾਂ ਨਾਲ ਬਲਾਕ ਖਮਾਣੋ ਦੇ ਪੇਂਡੂ ਖੇਤਰ ਦੇ ਲੋਕਾਂ ਨੂੰ ਪਾਣੀ ਦੀ ਬੁਨਿਆਦੀ ਸਹੂਲਤ ਵਿੱਚ ਬਹੁਤ ਸੁਧਾਰ ਹੋਵੇਗਾ ।

## ਮੋਟਰਸਾਈਕਲ 'ਤੇ ਜਾ ਰਹੇ 3 ਦੋਸਤਾਂ ਨਾਲ ਵਾਪਰੀ ਅਣਹੋਣੀ, ਇਕ ਨੌਜਵਾਨ ਦੀ ਦਰਦਨਾਕ ਮੌਤ

ਪੱਟੀ 12 ਦਸੰਬਰ। ਪੱਟੀ-ਤਰਨਤਾਰਨ ਰੋਡ ਸਥਿਤ ਕਚਹਿਰੀਆਂ ਨੇੜੇ ਮੋਟਰਸਾਈਕਲ ਅਚਾਨਕ ਸੜਕ ਦੇ ਕਿਨਾਰੇ ਬਣੇ ਖੱਡੇ ਵਿਚ ਡਿੱਗਣ ਕਾਰਨ ਦੋ ਨੌਜਵਾਨਾਂ ਦਾ ਗੰਭੀਰ ਜ਼ਖਮੀ ਅਤੇ ਇਕ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਗੰਭੀਰ ਜ਼ਖ਼ਮੀ ਜੈ ਪਾਲ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪੱਟੀ ਨੇ ਦੱਸਿਆ ਕਿ ਉਹ ਕੋਰੀਅਰ ਸੈਡੋਂ ਫੈਕਸ ਪ੍ਰਾਈਵੇਟ ਲਿਮਿਡਿਟ ਕੰਪਨੀ ਚਲਾ ਰਹੇ ਹਨ ਅਤੇ ਉਹ ਸਵੇਰੇ 8 ਵਜੇ ਸਾਹਿਲ ਕੁਮਾਰ ਪੁੱਤਰ ਕਰਮਜੀਤ ਵਾਰਡ ਨੰ: 1 ਪੱਟੀ ਦੇ ਘਰੋਂ ਦੁਕਾਨ ਦੀਆਂ ਚਾਬੀਆਂ ਲੈ ਕੇ ਖੋਲ੍ਹਣ ਜਾ ਰਹੇ ਸੀ। ਇਸ ਦੌਰਾਨ ਜਦੋਂ ਤਿੰਨੋਂ ਤਰਨਤਾਰਨ ਰੋਡ ਸਥਿਤ ਕਚਹਿਰੀਆਂ ਨੇੜੇ ਪਹੁੰਚੇ ਤਾਂ ਸਪਲੈਂਡਰ ਮੋਟਰਸਾਈਕਲ ਪੀ.ਬੀ 38 ਈ 6709 ਅਚਾਨਕ ਸੜਕ ਦੇ ਕਿਨਾਰੇ ਬਣੇ ਖੱਡੇ ਵਿਚ ਡਿੱਗ ਪਿਆ ਤਾਂ ਸਾਹਿਲ ਕੁਮਾਰ ਜੋ ਕਿ ਸਭ ਤੋਂ ਪਿੱਛੇ ਬੈਠਾ ਸੀ ਅਤੇ ਲਵਜੀਤ ਸਿੰਘ ਵਾਸੀ ਧਾਰੀਵਾਲ ਜੋ ਕਿ ਮੋਟਰਸਾਈਕਲ ਚਲਾ ਰਿਹਾ ਸੀ, ਬਹੁਤ ਜ਼ੋਰ ਨਾਲ ਥੱਲੇ ਡਿੱਗੇ, ਜਿਨ੍ਹਾਂ ਨੂੰ ਸੰਧੂ ਹਸਪਤਾਲ ਪੱਟੀ ਅਤੇ ਤਰਨਤਾਰਨ ਹਸਪਤਾਲ ਇਲਾਜ ਲਈ ਪਹੁੰਚਾਇਆ ਗਿਆ। ਇਸ ਦੌਰਾਨ ਲਵਜੀਤ ਸਿੰਘ ਦੀ ਲੱਤ ਟੁੱਟ ਗਈ ਅਤੇ ਸਾਹਿਲ ਕੁਮਾਰ ਦੀ ਮੌਤ ਹੋ ਗਈ। ਵਰਣਨਯੋਗ ਹੈ ਕਿ ਲਵਜੀਤ ਸਿੰਘ ਦਾ ਘਰਿਆਲਾ ਹਪਸਤਾਲ ਵਿਖੇ ਇਲਾਜ ਚੱਲ ਰਿਹਾ ਹੈ ਅਤੇ ਸਾਹਿਲ ਕੁਮਾਰ ਦਾ ਛੋਟਾ ਭਰਾ ਰੋਹਿਤ ਜੋ ਦੁਬਈ ਵਿਚ ਰੋਜ਼ੀ-ਰੋਟੀ ਕਮਾਉਣ ਗਿਆ ਸੀ, ਕੱਲ੍ਹ ਆਉਣ 'ਤੇ ਪੱਟੀ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ।

## ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਬਾਈਕ ਸਵਾਰ ਦੀ ਮੌਤ

ਭਵਾਨੀਗੜ੍ਹ, 12 ਦਸੰਬਰ। ਸਥਾਨਕ ਇਲਾਕੇ 'ਚੋਂ ਲੰਘਦੀ ਬਠਿੰਡਾ ਜ਼ੀਰਕਪੁਰ ਨੈਸ਼ਨਲ ਹਾਈਵੇ ਉੱਪਰ ਪਿੰਡ ਫੱਗੂਵਾਲਾ ਵਿਖੇ ਹਾਈਵੇ ਵਿਚਕਾਰ ਬਣੇ ਕੱਟ 'ਤੇ ਇਕ ਕਾਰ ਅਤੇ ਮੋਟਰਸਾਈਕਲ ਵਿਚਕਾਰ ਟੱਕਰ ਹੋ ਜਾਣ ਕਾਰਨ ਹੋਏ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਲਾਲ ਸਿੰਘ ਲਾਲੀ ਵਾਸੀ ਪਿੰਡ ਫੱਗੂਵਾਲਾ ਨੇ ਦੱਸਿਆ ਕਿ ਗੋਬਰ ਗੈਸ ਪਲਾਂਟ ਲਗਾਉਣ ਦਾ ਕੰਮ ਕਰਦਾ ਸੁਖਵਿੰਦਰ ਸਿੰਘ ਨਿੱਕਾ ਪੁੱਤਰ ਜੱਗਾ ਸਿੰਘ ਵਾਸੀ ਪਿੰਡ ਫੱਗੂਵਾਲਾ ਅੱਜ ਸ਼ਾਮ ਨੂੰ ਜਦੋਂ ਭਵਾਨੀਗੜ੍ਹ ਤੋਂ ਆਪਣੇ ਮੋਟਰਸਾਈਕਲ ਰਾਹੀਂ ਆਪਣੇ ਘਰ ਪਰਤ ਰਿਹਾ ਸੀ, ਤਾਂ ਫੱਗੂਵਾਲਾ ਕੱਟ 'ਤੇ ਇਕ ਕਾਰ ਨਾਲ ਉਸ ਦੀ ਟੱਕਰ ਹੋ ਜਾਣ ਕਾਰਨ ਇਸ ਹਾਦਸੇ 'ਚ ਸੁਖਵਿੰਦਰ ਸਿੰਘ ਗੰਭੀਰ ਰੂਪ 'ਚ ਜਖ਼ਮੀ ਹੋ ਗਿਆ

## ਇਕ ਹੋਰ ਪੰਜਾਬੀ ਹੋਇਆ ਮਾਲੋਮਾਲ, ਅਚਾਨਕ ਕਿਸਮਤ ਨੇ ਮਾਰੀ ਪਲਟੀ

ਫਾਜ਼ਿਲਕਾ 12 ਦਸੰਬਰ। ਫਾਜ਼ਿਲਕਾ 'ਚ ਲਾਟਰੀ ਦੀ ਦੁਕਾਨ ਤੋਂ ਇਕ ਵਿਅਕਤੀ ਦੀ 3 ਲੱਖ ਰੁਪਏ ਦੀ ਲਾਟਰੀ ਨਿਕਲੀ ਹੈ। ਜਾਣਕਾਰੀ ਦਿੰਦਿਆਂ ਰੂਪ ਚੰਦ ਲਾਟਰੀ ਦੁਕਾਨ ਦੇ ਸੰਚਾਲਕ ਬੌਬੀ ਨੇ ਦੱਸਿਆ ਕਿ 9 ਤਾਰੀਖ਼ ਨੂੰ ਹੋਏ ਡਰਾਅ 'ਚ ਲੁਧਿਆਣਾ ਦੇ ਨੇੜੇ ਦੋਰਾਹਾ ਦੇ ਰਹਿਣ ਵਾਲੇ ਅਮਰਜੀਤ ਸਿੰਘ ਨੇ ਇਨਾਮ ਜਿੱਤਿਆ। ਅਮਰਜੀਤ ਸਿੰਘ ਆਪਣੀ ਪਤਨੀ ਨਾਲ ਲਾਟਰੀ ਦੀ ਦੁਕਾਨ 'ਤੇ ਪਹੁੰਚਿਆ। ਬੌਬੀ ਨੇ ਦੱਸਿਆ ਕਿ ਅਮਰਜੀਤ ਸਿੰਘ ਨੇ ਪਹਿਲਾਂ ਵੀ ਕਈ ਵਾਰ ਟਿਕਟਾਂ ਖ਼ਰੀਦੀਆਂ ਸਨ, ਜਿਸ ਦਾ ਅੱਜ 3 ਲੱਖ ਰੁਪਏ ਦਾ ਇਨਾਮ ਨਿਕਲਿਆ ਹੈ। ਅਮਰਜੀਤ ਸਿੰਘ ਖੇਤੀਬਾੜੀ ਦਾ ਕੰਮ ਕਰਦਾ ਹੈ ਅਤੇ ਪਹਿਲਾਂ ਵੀ ਕਈ ਵਾਰ ਇਸ ਨੇ ਟਿਕਟਾਂ ਖ਼ਰੀਦੀਆਂ ਪਰ ਉਸ ਦੀ ਕਿਸਮਤ ਨਹੀਂ ਖੁੱਲ੍ਹੀ। ਹੁਣ ਪਹਿਲੀ ਵਾਰ ਉਸ ਦਾ ਇੰਨਾ ਵੱਡਾ ਇਨਾਮ ਨਿਕਲਿਆ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


**ਉੱਤਰ ਰੇਲਵੇ**

**ਟੈਂਡਰ ਸੂਚਨਾ**

ਉਪ ਮੁੱਖ ਵਿਯੁਤ ਇੰਜੀਨੀਅਰ/ਗਤੀ ਸ਼ਕਤੀ ਇਕਾਈ/ਦਿੱਲੀ, ਡੀਆਰਐਮ ਦਫਤਰ, ਨਵੀਂ ਦਿੱਲੀ-110055 ਦੁਆਰਾ ਹੇਠਾ ਲਿਖੇ ਕੰਮ ਦੇ ਲਈ ਈ-ਟੈਂਡਰਾ ਮੰਗ ਕਰਦੇ ਹਨ :-

| | | |
|---|---|---|
| 1. | ਕੰਮ ਅਤੇ ਜਗ੍ਹਾਂ ਦਾ ਨਾਮ | ਅੰਮ੍ਰਿਤ ਭਾਰਤ ਯੋਜਨਾ ਦੇ ਅੰਤਰਗਤ ਦਿੱਲੀ ਮੰਡਲ ਦੇ ਪਲਵਲ ਰੇਲਵੇ ਸਟੇਸ਼ਨ ਦੇ ਮੁੱਖ ਪ੍ਰਵੇਸ਼ ਦੁਵਾਰ ਤੋਂ 2x500 ਕੇਵੀਈ ਸਬਸਟੇਸ਼ਨ ਦਾ ਸਥਾਨਾਂਤਰਣ। |
| 2. | ਟੈਂਡਰ ਸੂਚਨਾ ਨੰਬਰ | 27-DyCEE-GSU-DLI-25-26 |
| 3. | ਬਿਆਨਾ ਰਾਸ਼ੀ (ਆਨਲਾਈਨ ਜਮਾਂ ਕੀਤੀ ਜਾਵੇਗੀ) | ₹ 51,800 /- |
| 4. | ਅਨੁਮਾਨਿਤ ਲਾਗਤ | ₹ 25,91,623.00/- |
| 5. | ਈ-ਟੈਂਡਰ ਜਮਾਂ ਕਰਨਾ ਅਤੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਮਿਤੀ 11.12.2025 ਨੂੰ ਆਈਆਰਈਪੀਐਸ ਵੇਬਸਾਈਟ ਅਰਥਾਤ www.ireps.gov.in ਉਤੇ ਟੈਂਡਰਾ ਅਪਲੋਡ ਕੀਤੀ ਹੈ। ਟੈਂਡਰਦਾਤਾ ਈ-ਟੈਂਡਰ ਵਿਚ ਭਾਗ ਲੈ ਸਕਦੇ ਹਨ, ਇਹ ਟੈਂਡਰ 02.01.2026 ਨੂੰ 12.30 ਵਜੇ ਖੋਲੀ ਜਾਵੇਗੀ। |
| 6. | ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾ-ਵੇਜ | ਪੂਰੀ ਈ-ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ ਉੱਤਰ ਰੇਲਵੇ ਦੀ ਵੇਬਸਾਈਟ ਯਾਨੀ www.nr.indianrailway.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ www.ireps.gov.in ਉਤੇ ਉਪਲਬਧ ਹੈ। ਉਪਰੋਕਤ ਟੈਂਡਰ ਦਸਤਾਵੇਜ ਆਈਆਰਈਪੀਐਸ ਵੇਬਸਾਈਟ ਯਾਨੀ www.ireps.gov.in 19.12.2025 to 02.01.2026 ਤਕ ਪ੍ਰਸਤਾਵ ਪੇਸ਼ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਟੈਂਡਰਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਟੈਂਡਰ ਦਸਤਾਵੇਜ ਵਿਚ ਦਿਤੀ ਗਈ ਹੈ। ਪੂਰੀ ਟੈਂਡਰ ਸੂਚਨਾ ਵੀ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਦੇਖੀ ਜਾਂ ਸਕਦੀ ਹੈ। |

No. 27-DyCEE-GSU-DLI-25-26 ਮਿਤੀ : 11.12.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3844/25


**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਪਟਿਆਲਾ ਜਿਲ੍ਹੇ ’ ਚ ਅਣ ਅਧਿਕਾਰਤ ਤੌਰ ’ਤੇ ਸੀਮਨ ਦਾ ਭੰਡਾਰਣ/ਵੇਚਣ ’ਤੇ ਪਾਬੰਦੀ

ਪਟਿਆਲਾ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਸ਼੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਣ-ਅਧਿਕਾਰਤ ਤੌਰ ’ਤੇ ਸੀਮਨ ਦਾ ਭੰਡਾਰਣ /ਟਰਾਂਸਪੋਰਟੇਸ਼ਨ ਕਰਨ, ਵਰਤਣ ਜਾਂ ਵੇਚਣ ’ਤੇ ਪਾਬੰਦੀ ਲਾਈ ਹੈ। ਜ਼ਿਲ੍ਹੇ ਵਿੱਚ ਇਹ ਹੁਕਮ 5 ਦਸੰਬਰ 2026 ਤਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਕਿ ਗਿਆ ਹੈ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਵੱਖ-ਵੱਖ ਥਾਵਾਂ ’ਤੇ ਨਕਲੀ ਸੀਮਨ ਵਿਕਣ ਕਾਰਨ ਰਾਜ ਦੇ ਪਸ਼ੂ ਧਨ ਦੀ ਸੁਧਰੀ ਨਸਲ ਖਰਾਬ ਹੋਣ ਦਾ ਖਦਸ਼ਾ ਹੈ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਵਿਭਾਗ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਪਸ਼ੂਆਂ ਦੀ ਨਸਲ ਸੁਧਾਰ ਲਈ ਕੀਤੇ ਜਾਣ ਵਾਲੇ ਸਮੁੱਚੇ ਉਪਰਾਲੇ ਬੇਕਾਰ ਹੋ ਜਾਣਗੇ। ਪੰਜਾਬ ਰਾਜ ਵਿੱਚ ਵੱਖ-ਵੱਖ ਥਾਵਾਂ ’ਤੇ ਨਕਲੀ ਅਤੇ ਅਣ-ਅਧਿਕਾਰਤ ਤੌਰ ’ਤੇ ਵੇਚੇ/ਖਰੀਦੇ ਜਾ ਰਹੇ ਸੀਮਨ ਦੀ ਵਰਤੋਂ ਕਰਨਾ ਰਾਜ ਦੀ ਬਰੀਡਿੰਗ ਨੀਤੀ ਅਨੁਸਾਰ ਉਚਿਤ ਨਹੀਂ ਹੈ, ਕਿਉਂਕਿ ਅਜਿਹਾ ਕਰਨ ਨਾਲ ਰਾਜ ਦੇ ਪਸ਼ੂ ਧਨ ਦੀ ਨਸਲ ਖਰਾਬ ਹੋਣ ਦਾ ਖਦਸ਼ਾ ਹੈ, ਕਿਉਂਕਿ ਅਜਿਹੇ ਸੀਮਨ ਦੀ ਪੈਡਿਗਰੀ ਬਾਰੇ ਕੁਝ ਪਤਾ ਨਹੀਂ ਹੁੰਦਾ।

ਇਸ ਨਾਲ ਪਸ਼ੂ ਧੰਨ ਦੀ ਪ੍ਰੋਡਕਟੀਵਿਟੀ ’ਤੇ ਮਾੜਾ ਅਸਰ ਪੈ ਸਕਦਾ ਹੈ ਅਤੇ ਇਸ ਦਾ ਅਸਰ ਤੁਰੰਤ ਪਤਾ ਨਹੀਂ ਲੱਗ ਸਕਦਾ ਬਲਕਿ ਆਉਣ ਵਾਲੇ ਸਮੇਂ ਵਿੱਚ ਇਸ ਦਾ ਅਸਰ ਦਿਖੇਗਾ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਵਿਭਾਗ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਪਸ਼ੂਆਂ ਦੀ ਨਸਲ ਸੁਧਾਰ ਲਈ ਕੀਤੇ ਜਾਣ ਵਾਲੇ ਸਮੁੱਚੇ ਉਪਰਾਲੇ ਬੇਕਾਰ ਹੋ ਜਾਣਗੇ। ਇਸ ਤਰ੍ਹਾਂ ਅਣ-ਅਧਿਕਾਰਤ ਸੀਮਨ ਵੇਚਣ ਇੱਕ ਬਹੁਤ ਗੰਭੀਰ ਮਾਮਲਾ ਹੈ, ਜਿਸ ਦਾ ਹੱਲ ਕਰਨਾ ਬਹੁਤ ਲਾਜ਼ਮੀ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਇਹ ਹੁਕਮ ਪਸ਼ੂ ਪਾਲਣ ਵਿਭਾਗ ਪੰਜਾਬ ਦੀਆਂ ਸਮੂਹ ਵੈਟਨਰੀ ਸੰਸਥਾਵਾਂ ਸਮੇਤ ਪਸ਼ੂ ਹਸਪਤਾਲ/ ਡਿਸਪੈਂਸਰੀਆਂ ਅਤੇ ਪੌਲੀਕਲੀਨਿਕ, ਪਸ਼ੂ ਪਾਲਣ ਵਿਭਾਗ ਪੰਜਾਬ ਮਿਲਕਫੈਡ ਅਤੇ ਕਾਲਜ ਆਫ ਵੈਟਨਰੀ ਸਾਇੰਸ, ਗਡਵਾਸ਼ੂ ਲੁਧਿਆਣਾ ਵੱਲੋਂ ਚਲਾਏ ਜਾ ਰਹੇ ਆਰਟੀਫੀਸ਼ਲ ਇਨਸੈਮੀਨੇਸ਼ਨ ਸੈਂਟਰ, ਕੋਈ ਹੋਰ ਆਰਟੀਫੀਸ਼ਲ, ਇਨਸੈਮੀਨੇਸ਼ਨ ਸੈਂਟਰ ਜੋ ਕਿ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਪ੍ਰੋਸੈਸ ਅਤੇ ਸਪਲਾਈ ਜਾਂ ਇੰਪੋਰਟ ਕੀਤੇ ਗਏ ਬੋਵਾਇਨ ਸੀਮਨ ਵਰਤ ਰਹੇ ਹਨ ਅਤੇ ਪ੍ਰੋਗਰੈਸਿਵ ਡੇਅਰੀ ਫਾਰਮਜ਼ ਐਸੋਸੀਏਸ਼ਨ, ਪੰਜਾਬ ਦੇ ਮੈਂਬਰ ਜਿਹਨਾਂ ਨੇ ਕੇਵਲ ਆਪਣੇ ਪਸ਼ੂਆਂ ਦੀ ਵਰਤੋਂ ਲਈ ਬੋਵਾਇਨ ਸੀਮਨ ਇੰਪੋਰਟ ਕੀਤਾ ਹੋਵੇ ’ਤੇ ਲਾਗੂ ਨਹੀਂ ਹੋਣਗੇ।

# ਕਾਂਗਰਸ ਵਿਚ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਵਾਲੇ ਮਾਮਲੇ ਦੀ ਹੋਵੇ ਉਚ ਪੱਧਰੀ ਜਾਂਚ: ਗੋਗੀ ਟਿਵਾਣਾ



ਪਟਿਆਲਾ, 12 ਦਸੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਅੰਦਰ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਲਈ ਨਵਜੋਤ ਸਿੰਘ ਸਿੱਧੂ ਦੀ ਧਰਮ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ ਨੇ ਕੁਰਸੀ ਖਾਤਰ 500 ਕਰੋੜ ਰੁਪਏ ਵਾਲੇ ਮਾਮਲੇ ਨੇ ਕਾਂਗਰਸ ਦੀ ਪੰਜਾਬ ਸੇਵਾ ਭਾਵਨਾ ਦੀ ਨੀਤੀ ਨੂੰ ਉਜਾਗਰ ਕਰ ਦਿੱਤਾ। ਇਸ ਮਾਮਲੇ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਕਾਂਗਰਸ ਪਾਰਟੀ ਦੇ ਆਗੂਆਂ ਕੋਲ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਲਈ ਕਰੋੜਾਂ ਰੁਪਏ ਕਿਥੋਂ ਆਏ ਹਨ, ਜੋ ਕਿ ਜਾਂਚ ਦਾ ਵਿਸ਼ਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਦਸੋਂ ਮੰਡਲ ਪ੍ਰਧਾਨ ਤੇਜਪਾਲ ਸਿੰਘ ਗੋਗੀ ਟਿਵਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕੇਂਦਰ ਵਿਚ ਰਾਜ ਕਰਨ ਸਮੇਂ ਵੀ ਕਰੋੜਾਂ ਰੁਪਏ ਦੇ ਘਪਲੇ ਸਾਹਮਣੇ ਆਉਂਦੇ ਰਹਿੰਦੇ ਸਨ ਅਤੇ ਹੁਣ ਡਾਕਟਰ ਨਵਜੋਤ ਕੌਰ ਸਿੱਧੂ ਨੇ ਸੀ. ਐਮ. ਦਾ ਚਿਹਰਾ ਬਣਨ ਲਈ 500 ਕਰੋੜ ਰੁਪਏ ਦੇ ਖੁਲਾਸੇ ਨੇ ਕਾਂਗਰਸ ਦੇ ਭ੍ਰਿਸ਼ਟਾਚਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਜਿਸ ਤੋਂ ਇੰਜ ਲੱਗਦਾ ਹੈ ਕਿ ਪਾਰਟੀ ਅੰਦਰ ਮਿਹਨਤੀ ਆਗੂ ਅਤੇ ਵਰਕਰ ਦਾ ਕੋਈ ਮੁੱਲ ਨਹੀਂ ਹੈ ਅਤੇ ਨਾ ਹੀ ਉਸ ਦੀ ਕੋਈ ਸੁਣਵਾਈ ਹੈ। ਕਿਉਂਕਿ ਜਿਸ ਪਾਰਟੀ ਵਿਚ ਕੁਰਸੀ ਖਾਤਰ ਕਰੋੜਾਂ ਰੁਪਏ ਦੀਆਂ ਗੱਲਾਂ ਹੋਣ ਤਾਂ ਉਥੇ ਆਮ ਵਿਅਕਤੀ ਦੀ ਕੀ ਕਦਰ ਹੋਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾ ਕੇ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਸੰਬੰਧੀ ਜਾਂਚ ਹੋਣੀ ਚਾਹੀਦੀ ਹੈ।

# ਸਰਕਾਰ ਨੇ ਧੱਕੇਸ਼ਾਹੀ ਦੇ ਸਾਰੇ ਰਿਕਾਰਡ ਤੋੜੇ: ਚੱਠਾ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜਸਪਾਲ ਸਿੰਘ ਬਿੱਟੂ ਚੱਠਾ ਨਾਲ ਹਨ ਯੂਥ ਪ੍ਰਧਾਨ ਅਮ੍ਰਿਤਪਾਲ ਸਿੰਘ ਲੰਗ ਤੇ ਹੋਰ।

ਪਟਿਆਲਾ, 12 ਦਸੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਆਮ ਆਦਮੀ ਪਾਰਟੀ ਜੋ ਆਮ ਲੋਕਾਂ ਦੀ ਪਾਰਟੀ ਅਖਵਾਉਂਦੀ ਸੀ, ਉਸ ਦੀ ਪੋਲ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਵੱਖ-ਵੱਖ ਪਾਰਟੀ ਦੇ ਉਮੀਦਵਾਰਾਂ ਦੇ ਹੱਥਾਂ ਵਿਚੋਂ ਫਾਈਲਾਂ ਖੋਹ ਕੇ ਚੋਰਾਂ ਵਾਂਗ ਭੱਜਣ ਸਮੇਂ ਦੇਖੀ ਗਈ, ਜਿਸ ਤੋਂ ਇੰਜ ਪ੍ਰਤੀਤ ਹੋ ਰਿਹਾ ਸੀ ਕਿ ਸੂਬੇ ਅੰਦਰ ਲਾਅ ਐਂਡ ਆਰਡਰ ਦੀ ਸਥਿਤੀ ਬੇਹੱਦ ਕਮਜ਼ੋਰ ਹੈ ਜਿਸ ਕਰਕੇ ਮੌਜੂਦਾ ਸਰਕਾਰ ਨੇ ਪੁਲਸ ਦਾ ਸਹਾਰਾ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਤੋਂ ਸ਼ਰੇਆਮ ਫਾਈਲਾਂ ਦੀ ਲੁੱਟ ਖਸੁੱਟ ਕੀਤੀ ਗਈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਅਕਾਲੀ ਆਗੂ ਜਸਪਾਲ ਸਿੰਘ ਬਿੱਟੂ ਚੱਠਾ ਤੇ ਜਿਲ੍ਹਾ ਦਿਹਾਤੀ ਯੂਥ ਵਿੰਗ ਪ੍ਰਧਾਨ ਅਮ੍ਰਿਤਪਾਲ ਸਿੰਘ ਲੰਗ ਨੇ ਪੱਤਰਕਾਰਾਂ ਨੇ ਗੱਲਬਾਤ ਕਰਦਿਆਂ ਕੀਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਚੋਣਾਂ ਦੌਰਾਨ ਕੀਤੀ ਜਾ ਰਹੀ ਸ਼ਰੇਆਮ ਗੁੰਡਾਗਰਦੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਚੋਣਾਂ ਨੂੰ ਲੁੱਟਣ ਤੋਂ ਇਲਾਵਾ ਸਰਕਾਰ ਕੋਲ ਹੋਰ ਕੋਈ ਪਲੈਨਿੰਗ ਨਹੀਂ ਹੈ। ਕਿਉਂਕਿ ਇਨ੍ਹਾਂ ਚੋਣਾਂ ਵਿਚ ਆਪ ਸਰਕਾਰ ਨੂੰ ਹਾਰ ਦਾ ਮੂੰਹ ਦਿਖ ਰਿਹਾ ਹੈ, ਜਿਸ ਕਰਕੇ ਇਹ ਧੱਕੇਸ਼ਾਹੀ ਨਾਲ ਪੁਲਸ ਰਾਹੀਂ ਕਬਜ਼ੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਵਾਲੇ ਦਿਨ ਵੀ ਮੌਜੂਦਾ ਸਰਕਾਰ ਬੂਥ ਕੈਪਚਰ ਕਰਨ ਲਈ ਤਿਆਰੀ ਵਿਚ ਲੱਗੀ ਹੋਈ ਹੈ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿੱਤ ਵੱਲ ਜਾਣ ਤੋਂ ਰੋਕਿਆ ਜਾ ਸਕੇ। ਲਿਹਾਜ਼ਾ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਸੋਚ ਸਦਕਾ ਇਨ੍ਹਾਂ ਚੋਣਾਂ ਵਿਚ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਿਆ ਗਿਆ ਸੀ ਤਾਂ ਹੀ ਸਰਕਾਰ ਨੂੰ ਆਪਣੇ ਬੰਦਿਆਂ ਦੀ ਹਾਰ ਲਿਖੀ ਸਾਹਮਣੇ ਦਿਖ ਰਹੀ ਹੈ ਤਾਂ ਹੀ ਅਜਿਹੇ ਹੱਥਕੰਡੇ ਅਪਣਾ ਕੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਜਿਸ ਵਿਚ ਕਾਮਯਾਬ ਨਹੀਂ ਹੋਵੇਗੀ। ਕਿਉਂਕਿ ਹਰ ਬੂਥ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਚੱਟਾਨ ਵਾਂਗ ਖੜ੍ਹਨਗੇ। ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਾ ਮੁਕਤੀ ਜਾਗਰੂਕਤਾ ਵੈਨ ਰਵਾਨਾ

## ਜ਼ਿਲ੍ਹਾ ਅਤੇ ਸੈਸ਼ਨ ਜੱਜ ਅਵਤਾਰ ਸਿੰਘ ਵੱਲੋਂ ਵੈਨ ਨੂੰ ਹਰੀ ਝੰਡੀ




ਪਟਿਆਲਾ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਪਟਿਆਲਾ ਸ਼੍ਰੀ ਅਵਤਾਰ ਸਿੰਘ ਨੇ ਅੱਜ ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਦੀ ਡਰੱਗ ਡੀ-ਐਡਿਕਸ਼ਨ ਅਤੇ ਜਾਗਰੂਕਤਾ ਮੁਹਿੰਮ ਦੇ ਤਹਿਤ ਇੱਕ ਵਿਸ਼ੇਸ਼ ਜਾਗਰੂਕਤਾ ਵੈਨ ਨੂੰ ਰਵਾਨਾ ਕੀਤਾ। ਇਹ ਪਹਿਲ ਲੋਕਾਂ ਨੂੰ ਨਸ਼ੇ ਦੇ ਨੁਕਸਾਨਾਂ ਬਾਰੇ ਜਾਣੂ ਕਰਾਉਣ, ਡੀ-ਐਡਿਕਸ਼ਨ ਸੇਵਾਵਾਂ ਨੂੰ ਪ੍ਰੋਤਸਾਹਿਤ ਕਰਨ ਅਤੇ ਸੰਵੇਦਨਸ਼ੀਲ ਵਿਅਕਤੀਆਂ ਨੂੰ ਪੁਨਰਵਾਸ ਸਹਾਇਤਾ ਲੈਣ ਲਈ ਪ੍ਰੇਰਿਤ ਕਰਨ ਲਈ ਹੈ।

ਫਲੈਗ-ਆਫ਼ ਸਮਾਰੋਹ ਜ਼ਿਲ੍ਹਾ ਅਦਾਲਤਾਂ, ਪਟਿਆਲਾ ਵਿੱਚ ਜੱਜ ਸਾਹਿਬਾਨ, ਲ਼ੀਗਲ ਏਡ ਡਿਫੈਂਸ ਕਾਊਂਸਲ , ਪੈਰਾ ਲੀਗਲ ਵਲੰਟੀਅਰ ਅਤੇ ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ, ਪਟਿਆਲਾ ਦੇ ਸਟਾਫ ਦੀ ਹਾਜ਼ਰੀ ਵਿੱਚ ਕਰਵਾਇਆ ਗਿਆ। ਇਹ ਜਾਗਰੂਕਤਾ ਵੈਨ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਯਾਤਰਾ ਕਰੇਗੀ ਅਤੇ ਆਡੀਓ-ਵਿਜ਼ੂਅਲ ਸੁਨੇਹੇ, ਨਸ਼ਿਆਂ ਦੇ ਨੁਕਸਾਨਾਂ ਨੂੰ ਉਜਾਗਰ ਕਰਨ ਵਾਲੇ ਬੈਨਰ, ਪੰਫਲੇਟ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਜਾਣਕਾਰੀ ਪਹੁੰਚਾਏਗੀ।

ਸਭਾ ਨੂੰ ਸੰਬੋਧਨ ਕਰਦਿਆਂ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ਼੍ਰੀ ਅਵਤਾਰ ਸਿੰਘ ਨੇ ਨਸ਼ੇ ਦੀ ਵਧ ਰਹੀ ਸਮੱਸਿਆ ਦਾ ਤੁਰੰਤ ਮੁਕਾਬਲਾ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਜਾਗਰੂਕਤਾ ਵਧਾਉਣ, ਪੁਨਰਵਾਸ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣ ਅਤੇ ਪ੍ਰਭਾਵਿਤ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਵਿੱਚ ਕੇਂਦਰੀ ਭੂਮਿਕਾ ’ਤੇ ਰੋਸ਼ਨੀ ਪਾਈ । ਓਹਨਾ ਨਾਗਰਿਕਾਂ ਨੂੰ ਨਸ਼ੇ-ਮੁਕਤ ਸਮਾਜ ਬਣਾਉਣ ਵਿੱਚ ਸਰਗਰਮ ਭਾਗੀਦਾਰੀ ਕਰਨ ਲਈ ਵੀ ਆਹਵਾਨ ਕੀਤਾ। ਜ਼ਿਕਰਯੋਗ ਹੈ ਕਿ ਇਹ ਮੁਹਿੰਮ 6 ਜਨਵਰੀ 2026 ਤੱਕ ਜਾਰੀ ਰਹੇਗੀ। ਇਸ ਮੁਹਿੰਮ ਦੌਰਾਨ ਸਕੂਲ, ਕਾਲਜਾਂ ਅਤੇ ਪਿੰਡਾਂ ਵਿੱਚ ਨਸਾ ਮੁਕਤੀ ਅਤੇ ਪੁਨਰਵਾਸ ਕੇਂਦਰਾਂ ਦੇ ਸਹਿਯੋਗ ਨਾਲ ਜਾਗਰੂਕਤਾ ਕੈਂਪ ਚਲਾਏ ਜਾ ਰਹੇ ਹਨ।

# ਜੰਗਲਾਤ ਵਿਭਾਗ ਨੇ ਸੂਬੇ ਵਿੱਚ ਜੰਗਲਾਂ ਅਤੇ ਰੁੱਖਾਂ ਦੇ ਰਕਬੇ ਨੂੰ ਵਧਾਉਣ ਲਈ 12 ਲੱਖ ਤੋਂ ਵੱਧ ਬੂਟੇ ਲਗਾਏ

ਚੰਡੀਗੜ੍ਹ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

‘ਗਰੀਨਿੰਗ ਪੰਜਾਬ ਮਿਸ਼ਨ’ ਤਹਿਤ ਸੂਬੇ ਵਿੱਚ ਮੌਜੂਦਾ ਜੰਗਲਾਂ ਅਤੇ ਰੁੱਖਾਂ ਹੇਠਲੇ ਰਕਬੇ ਦੀ ਸਾਂਭ-ਸੰਭਾਲ, ਵਿਕਾਸ ਅਤੇ ਵਾਧੇ ਨੂੰ ਹੁਲਾਰਾ ਦੇਣ ਲਈ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਵਿਭਾਗ ਨੇ ਪੰਜਾਬ ਵਿੱਚ ਹਰਿਆਵਲ ਨੂੰ ਵਧਾਉਣ ਦੇ ਆਪਣੇ ਯਤਨਾਂ ਤਹਿਤ ਸੂਬੇ ਭਰ ਵਿੱਚ ਵੱਖ-ਵੱਖ ਯੋਜਨਾਵਾਂ ਅਧੀਨ ਬੂਟੇ ਲਗਾਏ ਹਨ।

ਕਈ ਨਵੀਆਂ ਪਹਿਲਕਦਮੀਆਂ ਤਹਿਤ 12,55,700 ਬੂਟੇ ਲਗਾਏ ਗਏ ਹਨ। ਇਨ੍ਹਾਂ ਵਿੱਚ ਸ਼ਹਿਰੀ ਜੰਗਲਾਤ ਅਧੀਨ ਲਗਾਏ ਗਏ 3,31,000 ਪੌਦੇ ਸ਼ਾਮਲ ਹਨ, ਜਿਨ੍ਹਾਂ ਵਿੱਚ ਸੰਸਥਾਗਤ ਜ਼ਮੀਨ ’ਤੇ ਪੌਦੇ ਲਗਾਉਣਾ ਅਤੇ ਐਗਰੋ ਫਾਰੈਸਟਰੀ (ਲਿੰਕ ਸੜਕਾਂ ਦੇ ਨਾਲ ਲਗਦੇ ਦੇ ਖੇਤਾਂ ਵਿੱਚ ਇੱਕ ਕਤਾਰ ਵਿੱਚ ਪੌਦੇ ਲਗਾਉਣਾ), 2,50,000 ਪੋਪਲਰ/ਡਰੇਕ ਅਤੇ 3,00,000 ਸਫੈਦੇ ਦੇ ਰੁੱਖ ਸ਼ਾਮਿਲ ਹਨ। ਇਸ ਤੋਂ ਇਲਾਵਾ, ਕੰਡਿਆਲੀ ਤਾਰ ਲਗਾ ਕੇ ਪਵਿੱਤਰ ਵਣ ਵਿਕਸਤ ਕਰਨ ਦੇ ਨਾਲ-ਨਾਲ ਕੰਡਿਆਲੀ ਤਾਰ ਨਾਲ ‘ਨਾਨਕ ਬਗੀਚੀਆਂ’ ਵਿਕਸਿਤ ਕਰਨ ਦੇ ਹਿੱਸੇ ਵਜੋਂ 20,800 ਪੌਦੇ ਲਗਾਏ ਗਏ ਹਨ। ਇਸ ਦੇ ਨਾਲ ਹੀ ਉਦਯੋਗਿਕ ਸੰਸਥਾਨਾਂ ਵਿਖੇ 46,500 ਬੂਟੇ ਲਗਾਏ ਗਏ ਹਨ, ਜਦੋਂ ਕਿ ਸਕੂਲਾਂ ਵਿੱਚ 1,44,500 ਬੂਟੇ ਲਗਾਏ ਗਏ ਹਨ। ਇਸ ਤੋਂ ਇਲਾਵਾ, 1,62,900 ਲੰਬੇ ਪੌਦੇ ਵੀ ਲਗਾਏ ਗਏ ਹਨ।

ਬੂਟੇ ਲਗਾਉਣ ਦਾ ਉਦੇਸ਼ ਰਾਜ ਵਿੱਚ ਸਾਰੀਆਂ ਉਪਲਬਧ ਜ਼ਮੀਨਾਂ ’ਤੇ ਵੱਧ ਤੋਂ ਵੱਧ ਗਿਣਤੀ ਵਿੱਚ ਪੌਦੇ ਲਗਾ ਕੇ ਜ਼ਿਆਦਾ ਤੋਂ ਜ਼ਿਆਦਾ ਰਕਬੇ ਨੂੰ ਹਰਿਆਲੀ ਹੇਠ ਲਿਆਉਣਾ , ਨਰਸਰੀਆਂ ਵਧਾਉਣਾ, ਜੰਗਲਾਤ ਹੇਠਲਾ ਰਕਬਾ ਵਧਾਉਣ ਲਈ ਰਾਜ ਸਰਕਾਰ ਦੀਆਂ ਪਹਿਲਕਦਮੀਆਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਬੂਟਿਆਂ ਦੀ ਸੁਰੱਖਿਆ ਲਈ ਜ਼ਰੂਰੀ ਪ੍ਰਬੰਧ ਕਰਨਾ, ਸੂਬੇ ਵਿੱਚ ਜੰਗਲ ਜਾਗਰੂਕਤਾ ਪਾਰਕਾਂ ਦੀ ਸਥਾਪਨਾ ਅਤੇ ਰੱਖ-ਰਖਾਅ ਕਰਨਾ ਅਤੇ ਜੰਗਲਾਤ ਖੋਜ ਦੇ ਨਾਲ-ਨਾਲ ਸਿਖਲਾਈ ਗਤੀਵਿਧੀਆਂ ਕਰਨਾ ਹੈ।

# ਪੰਜਾਬ ਚੋਣ ਕਮਿਸ਼ਨ ਦੇ ਦ.ਫਤਰ ਪੁੱਜਾ ਅਕਾਲੀ ਦਲ ਦਾ ਵ.ਫਦ, ‘ਆਪ’ ’ਤੇ ਵਿੰਨ੍ਹਿਆ ਨਿਸ਼ਾਨਾ

ਚੰਡੀਗੜ੍ਹ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ’ਚ ਅੱਜ ਅਕਾਲੀ ਦਲ ਦਾ ਵਫ਼ਦ ਪੰਜਾਬ ਰਾਜ ਚੋਣ ਕਮਿਸ਼ਨ ਦੇ ਦਫ਼ਤਰ ਪੁੱਜਿਆ। ਇਸ ਮੌਕੇ ਵਫ਼ਦ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਵਲੋਂ ਧੱਕਾ ਕੀਤਾ ਜਾ ਰਿਹਾ ਹੈ। ਵਫ਼ਦ ਨੇ ਪੰਜਾਬ ਦੇ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨਾਲ ਮੁਲਾਕਾਤ ਕੀਤੀ ਅਤੇ ਅਪੀਲ ਕੀਤੀ ਕਿ ਸਾਨੂੰ ਇਕ ਸ਼ਾਂਤੀ ਦਾ ਮਾਹੌਲ ਦਿੱਤਾ ਜਾਵੇ ਤਾਂ ਜੋ ਅਮਨ-ਅਮਾਨ ਨਾਲ ਚੋਣਾਂ ਹੋ ਸਕਣ।

# ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ (ਰਜਿ.) ਵੱਲੋਂ ਮਹੀਨਾਵਾਰ ਸਾਹਿਤਕ ਮਿਲਣੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ




ਲੁਧਿਆਣਾ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਗਿਲ ਰੋਡ ਸਥਿਤ ਕੈਰੀਅਰ ਕਾਲਜ ਦੇ ਦਫ਼ਤਰ ਵਿੱਚ ਕਲ੍ਹ ਦੇਰ ਸ਼ਾਮ ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਰਜਿ. ਦੀ ਮਹੀਨਾਵਾਰ ਸਾਹਿਤਕ ਮਿਲਣੀ ਬੋਰਡ ਦੇ ਪ੍ਰਧਾਨ ਪ੍ਰਭਕਿਰਨ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਹ ਵਿਸ਼ੇਸ਼ ਸਾਹਿਤਕ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ ਰਿਹਾ।

ਸਮਾਗਮ ਦੀ ਸ਼ੁਰੂਆਤ ਨਵੇਂ ਉਭਰਦੇ ਕਵੀ ਨਵਪ੍ਰੀਤ ਸਿੰਘ ਨੇ ਆਪਣੀ ਰਚਨਾ ਮੈਂ ਹਾਂ ਦੱਬੀ ਹੋਈ ਆਵਾਜ਼ ਦਿਲ ਦੀ ਨਾਲ ਕੀਤੀ। ਇਸ ਤੋਂ ਬਾਅਦ ਗ਼ਜ਼ਲ ਗੋ ਹਰਦੀਪ ਬਿਰਦੀ ਨੇ ਬਣੀ ਮੇਰੇ ਦਿਲ ਦੀ ਦਵਾਈ ਗ਼ਜ਼ਲ ਹੈ ਸੁਣਾਕੇ ਸਮਾਗਮ ਵਿਚ ਰੂਹਾਨੀ ਰੰਗ ਭਰ ਦਿੱਤਾ। ਗਾਇਕ ਜਗਪਾਲ ਸਿੰਘ ਜੱਗਾ ਜਮਾਲਪੁਰੀ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੰਗਤ ਸਿੰਘ ਦੇ ਸਿਰ ਤੇ ਕਲਗੀ ਤੋੜਾ ਆਪ ਸਜਾਉਂਦੇ ਨੇ ਗੀਤ ਪੇਸ਼ ਕਰਕੇ ਦਰਬਾਰ ਵਿਚ ਭਾਵਨਾਵਾਂ ਨੂੰ ਉਚਾਈਆਂ ’ਤੇ ਪਹੁੰਚਾਇਆ। ਦਲਬੀਰ ਸਿੰਘ ਕਲੇਰ ਨੇ ਆਪਣੀ ਕਵਿਤਾ ਰਾਹੀਂ ਮਾਹੌਲ ਨੂੰ ਹੋਰ ਵੀ ਰੰਗੀਨ ਬਣਾਇਆ।

ਉਪਰੰਤ ਸਾਰੇ ਹਾਜ਼ਰ ਕਵੀਆਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਦੇ ਵੱਖ-ਵੱਖ ਪਹਿਲੂਆਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਉਜਾਗਰ ਕੀਤਾ। ਪੰਥਕ ਕਵੀ ਹਰਦੇਵ ਸਿੰਘ ਕਲਸੀ ਦੀ ਰਚਨਾ ਨੇ ਹਾਜ਼ਰ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ। ਵਿਸ਼ਵ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਜੁਗਿੰਦਰ ਸਿੰਘ ਕੰਗ ਨੇ ਚੌਂਕ ਚਾਂਦਨੀ ਅੱਜ ਹੈ ਯਾਦ ਆਉਂਦਾ, ਉਸਤਾਦ ਕਵੀ ਸੁਰਜੀਤ ਸਿੰਘ ਜੀਤ ਨੇ ਦਿੱਲੀ ਦੇ ਚੌਕ ਚਾਂਦਨੀ ਦੇ ਵਿਚ ਧੰਨ ਸਿੱਖ ਤਸੀਹੇ ਝੱਲ ਰਹੇ ਨੇ ਅਤੇ ਪੰਥਕ ਕਵੀ ਚਰਨਜੀਤ ਸਿੰਘ ਚੰਨ ਨੇ ਤੇਗ ਬਹਾਦਰ ਆਖਿਆ ਅਸੀਂ ਜੰਞੂ ਲਹਿਣ ਨੀ ਦੇਣਾ ਰਚਨਾਵਾਂ ਪੇਸ਼ ਕਰਕੇ ਮਾਹੌਲ ਨੂੰ ਗਮਗੀਨ ਕਰ ਦਿੱਤਾ।

ਵਿਸ਼ੇਸ਼ ਸੱਦੇ ’ਤੇ ਸ਼ਾਮਿਲ ਹੋਏ ਸਿਰਜਣਧਾਰਾ ਦੇ ਜਨਰਲ ਸਕੱਤਰ ਅਤੇ ਪ੍ਰਸਿੱਧ ਗੀਤਕਾਰ ਅਮਰਜੀਤ ਸ਼ੇਰਪੁਰੀ ਨੇ ਮਨ ਦੇ ਅੰਦਰ ਸਦਾ ਧਿਆਈਐ, ਸ਼ਰਧਾ ਦੇ ਨਾਲ ਸੀਸ ਨਿਵਾਈਐ ਆਪਣੇ ਮਿੱਠੇ ਤੇ ਸੁਰੀਲੇ ਸੁਰਾਂ ਰਾਹੀਂ ਗੁਰੂ ਸਾਹਿਬ ਨੂੰ ਨਿਮਰ ਸ਼ਰਧਾਂਜਲੀ ਭੇਟ ਕੀਤੀ।

ਰੇਡੀਓ ਬਸੰਤ ਦੀ ਪ੍ਰੋਗਰਾਮ ਸੰਚਾਲਿਕਾ ਅਤੇ ਉੱਘੀ ਕਵਿਤ੍ਰੀ ਜਸਵਿੰਦਰ ਕੌਰ ਜੱਸੀ ਨੇ ਮੁਗਲ ਹਕੂਮਤ ਨੇ ਕਹਿਰ ਸੀ ਢਾਅ ਦਿੱਤਾ ਕਵਿਤਾ ਰਾਹੀਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਦ੍ਰਿਸ਼ ਨੂੰ ਦੁਬਾਰਾ ਜੀਵੰਤ ਕਰ ਦਿੱਤਾ। ਕੁਲਵਿੰਦਰ ਕੌਰ ਕਿਰਨ ਨੇ ਆਪਣੀ ਪ੍ਰਪੱਕ ਗ਼ਜ਼ਲ ਨੌਵੇਂ ਗੁਰੂ ਦਿੱਲੀ ਵਿਚ ਸੀਸ ਜੇ ਨਾ ਵਾਰਦੇ, ਹਿੰਦ ਤੇ ਆਉਣੇ ਨਹੀਂ ਸਨ ਦਿਨ ਬਹਾਰ ਦੇ ਪੜ੍ਹ ਕੇ ਵਾਹ-ਵਾਹ ਲੁੱਟੀ।

ਬੋਰਡ ਦੇ ਪ੍ਰਧਾਨ ਪ੍ਰਭਕਿਰਨ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਵਿਸ਼ਵ ਪੈਗਾਮ ਕਰਾਰ ਦਿੱਤਾ। ਉਨ੍ਹਾਂ ਨੇ ਆਪਣੀ ਸ੍ਵਰ. ਮਾਤਾ ਤੇ ਪੰਥਕ ਕਵਿਤਰੀ ਨਿਰਅੰਜਨ ਅਵਤਾਰ ਕੌਰ ਦੀ ਲਿਖੀ ਰਚਨਾ ਨੂੰ ਪੂਰੇ ਭਾਵ-ਭਰਾਵ ਨਾਲ ਗਾ ਕੇ ਸਮਾਗਮ ਵਿੱਚ ਹਾਜ਼ਰੀ ਭਰਤੀ।

ਤੂਫ਼ਾਨ ਸਾਹਿਬ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ (ਰਜਿ.) ਵੱਲੋਂ ਮੈਡਮ ਅਮਰਪ੍ਰੀਤ ਕੌਰ ਅਤੇ ਵਿਜੇ ਕਲਿਆਣ ਨੇ ਸਮਾਗਮ ਦੇ ਸ਼ਾਨਦਾਰ ਪ੍ਰਬੰਧ ਕੀਤੇ, ਜਿਸ ਲਈ ਉਹ ਖ਼ਾਸ ਤੌਰ ’ਤੇ ਸ਼ਲਾਘਾ ਦੇ ਪਾਤਰ ਹਨ।

# ਹਰਜੋਤ ਮਾਂਗਟ ਦੀ ਚੋਣ ਮੁਹਿੰਮ ਨੂੰ ਮਿਲਿਆ ਵੱਡਾ ਹੁੰਗਾਰਾ, ਬੁਰਜ ਪਵਾਤ ਤੋਂ ਨੌਜਵਾਨ ਵੱਖ-ਵੱਖ ਪਾਰਟੀਆਂ ਛੱਡ ਅਕਾਲੀ ਦਲ ਚ ਹੋਏ ਸ਼ਾਮਿਲ



ਮਾਛੀਵਾੜਾ ਸਾਹਿਬ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਪਰਿਸ਼ਦ ਜੋਨ ਨੀਲੋਂ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਮਾਛੀਵਾੜਾ ਸਾਹਿਬ ਨਜ਼ਦੀਕ ਪਿੰਡ ਬੁਰਜ ਪਵਾਤ ਤੋਂ ਅਨੇਕਾਂ ਨੌਜਵਾਨ ਵੱਖ-ਵੱਖ ਪਾਰਟੀਆਂ ਨੂੰ ਛੱਡ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਅਤੇ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਦਾ ਹਿੱਸਾ ਬਣੇ। ਅੱਜ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋ ਸਮੇਤ ਵੱਖ-ਵੱਖ ਅਕਾਲੀ ਆਗੂਆਂ ਨੇ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਸਰਕਾਰਾਂ ਵੇਲੇ ਕੀਤੇ ਗਏ ਕੰਮਾਂ ਨੂੰ ਯਾਦ ਕੀਤਾ।

ਉਹਨਾਂ ਕਿਹਾ ਕਿ ਮੌਜੂਦਾ ਸਰਕਾਰ ਹਰ ਫਰੰਟ ਤੇ ਫੇਲ੍ਹ ਹੋਈ ਹੈ । ਉਹਨਾਂ ਕਿਹਾ ਕਿ ਝੂਠੇ ਲਾਰਿਆਂ ਨਾਲ ਪੰਜਾਬ ਦੀ ਸੱਤਾ ਵਿੱਚ ਆਈ ਆਪ ਸਰਕਾਰ ਨੇ ਆਪਣੇ ਵਾਅਦਿਆਂ ਨੂੰ ਵਿਸਾਰਦਿਆਂ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ।

ਪੰਜਾਬ ਵਿੱਚ ਆਏ ਦਿਨ ਚੋਰੀਆਂ ,ਡਕੈਤੀਆਂ, ਸ਼ਰੇਆਮ ਲੁੱਟਾਂ ਖੋਹਾਂ ਹੋ ਰਹੀਆਂ ਹਨ, ਥਾਂ-ਥਾਂ ਗੋਲੀਬਾਰੀ ਹੋ ਰਹੀ ਹੈ ,ਹਰ ਵਿਭਾਗ ਦੇ ਲੋਕ ਧਰਨੇ ਲਾ ਰਹੇ ਹਨ। ਹਰਜੋਤ ਸਿੰਘ ਮਾਂਗਟ ਨੇ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਵਿਕਾਸ ਦੀ ਲਈ ਇੱਕੋ ਇੱਕ ਪਾਰਟੀ ਹੈ ਜੋ ਖੇਤਰੀ ਪਾਰਟੀ ਹੋਣ ਦੇ ਨਾਤੇ ਪੰਜਾਬ ਦੇ ਵਿਕਾਸ ਲਈ ਸੋਚ ਸਕਦੀ ਹੈ ,ਤੇ ਉਹ ਹੈ ਸ਼੍ਰੋਮਣੀ ਅਕਾਲੀ ਦਲ ਬਾਦਲ,ਜਿਸ ਨੂੰ ਕਾਮਯਾਬ ਕਰਨ ਲਈ ਆਉਣ ਵਾਲੀ 14 ਦਸੰਬਰ ਨੂੰ ਚੋਣ ਨਿਸ਼ਾਨ ਤੱਕੜੀ ਤੇ ਮੋਹਰਾ ਲਾ ਕੇ ਸਾਰੇ ਹੀ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰਾਂ ਨੂੰ ਬਹੁਮਤ ਨਾਲ ਜਿਤਾਈਏ ਤਾਂ ਜੋ ਵਿਕਾਸ ਦੀ ਲੀਹ ਨੂੰ ਤੋਰਨ ਲਈ ਹੰਭਲਾ ਮਾਰਿਆ ਜਾ ਸਕੇ।

# ਪਰਾਲੀ ਸਾੜਨ ਦੇ ਮਾਮਲੇ 50 ਫੀਸਦੀ ਘਟੇ; ਦੋ ਸਾਲ ਵਿੱਚ 68 ਕਰੋੜ ਦਾ ਜੁਰਮਾਨਾ ਵਸੂਲਿਆ, ਨਵੰਬਰ ਸਭ ਤੋਂ ਵਧ ਪ੍ਰਦੂਸ਼ਿਤ ਰਿਹਾ

ਨਵੀਂ ਦਿੱਲੀ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 50 ਫੀਸਦੀ ਦੀ ਕਮੀ ਆਈ ਹੈ। ਇਹ ਖੁਲਾਸਾ ਸੂਚਨਾ ਦਾ ਅਧਿਕਾਰ ਤਹਿਤ ਹਵਾ ਗੁਣਵੱਤਾ ਪ੍ਰਬੰਧਕ ਕਮਿਸ਼ਨ ਦੇ ਅੰਕੜਿਆਂ ਵਿੱਚ ਕੀਤਾ ਗਿਆ ਹੈ। ਅੰਕੜਿਆਂ ਅਨੁਸਾਰ ਬੀਤੇ ਇਕ ਵਰ੍ਹੇ ਵਿੱਚ 6,469 ਦੇ ਮੁਕਾਬਲੇ ਦਰਜ ਕੇਸਾਂ ਦੀ ਗਿਣਤੀ ਘਟ ਕੇ 2,193 ਰਹਿ ਗਈ ਹੈ।

ਕਮਿਸ਼ਨ ਅਨੁਸਾਰ, ਖੇਤਾਂ ਵਿੱਚ ਅੱਗ ਲਗਾਉਣ ਦੀਆਂ ਕੁੱਲ ਘਟਨਾਵਾਂ 2024 ਦੇ 12,750 ਦੇ ਮੁਕਾਬਲੇ ਘੱਟ ਕੇ 2025 ਵਿੱਚ 6,080 ਰਹਿ ਗਈਆਂ। ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਸਿੱਧੇ ਤੌਰ ’ਤੇ ਦਿੱਲੀ ਦੀ ਹਵਾ ਗੁਣਵੱਤਾ ਨੂੰ ਪ੍ਰਭਾਵਿਤ ਕਰਦੀਆਂ ਹਨ, ਜੋ ਹਰ ਵਰ੍ਹੇ ਸਰਦੀਆਂ ਵਿੱਚ ਗੰਭੀਰ ਸਥਿਤੀ ਵਿੱਚ ਪਹੁੰਚ ਜਾਂਦੀ ਹੈ; ਹਾਲਾਂਕਿ, ਕਈ ਹਾਲੀਆ ਖੋਜ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਹੁਣ ਦਿੱਲੀ ਦੇ ਪ੍ਰਦੂਸ਼ਣ ਵਿੱਚ ਵਾਧੇ ਪਿੱਛੇ ਪਰਾਲੀ ਸਾੜਨਾ ਮੁੱਖ ਕਾਰਨ ਨਹੀਂ ਹੈ, ਕਿਉਂਕਿ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। 2024 ਵਿੱਚ ਪੰਜਾਬ ਤੇ ਹਰਿਆਣਾ ਵਿੱਚ ਕਿਸਾਨਾਂ ਵਿਰੁੱਧ ਪਰਾਲੀ ਸਾੜਨ ਦੇ ਦੋਸ਼ ਹੇਠ 6,469 ਕੇਸ ਦਰਜ ਕੀਤੇ ਗਏ ਸਨ, ਜੋ 2025 ਵਿੱਚ ਘੱਟ ਕੇ 2,193 ਰਹਿ ਗਏ ਹਨ। 2024 ਵਿੱਚ ਪਰਾਲੀ ਸਾੜਨ ਦੇ ਪੰਜਾਬ ਵਿੱਚ 21.80 ਕਰੋੜ ਰੁਪਏ ਅਤੇ ਹਰਿਆਣਾ ਵਿੱਚ 21.87 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਗਏ। 2025 ਵਿੱਚ ਇਹ ਕ੍ਰਮਵਾਰ ਘੱਟ ਕੇ 2.58 ਕਰੋੜ ਅਤੇ 12.65 ਕਰੋੜ ਰੁਪਏ ਰਹਿ ਗਏ। ਪਿਛਲੇ ਦੋ ਸਾਲਾਂ ਵਿੱਚ, ਦੋਵਾਂ ਰਾਜਾਂ ਵਿੱਚ ਲਗਪਗ 68 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ ਹਨ। ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 50 ਫੀਸਦੀ ਦੀ ਗਿਰਾਵਟ ਦੇ ਬਾਵਜੂਦ ਨਵੰਬਰ 2025 ਬੀਤੇ ਪੰਜ ਸਾਲਾਂ ਵਿੱਚ ਸਭ ਤੋਂ ਪ੍ਰਦੂਸ਼ਿਤ ਮਹੀਨਾ ਰਿਹਾ ਹੈ।

## ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਵਾਰਿਸ ਪੰਜਾਬ ’ਚ ਸ਼ਾਮਲ

# ਅਕਾਲੀ ਦਲ ਬਾਰਿਸ ਪੰਜਾਬ ਦੇ ਪਾਰਟੀ ਵਿੱਚ ਹਰ ਵਰਕਰ ਤੇ ਆਗੂਆਂ ਨੂੰ ਬਰਾਬਰਤਾ ਦਾ ਮਾਣ ਸਤਿਕਾਰ ਦਿੱਤਾ ਜਾਵੇਗਾ : ਜਸਵੰਤ ਸਿੰਘ



ਮਲੇਰਕੋਟਲਾ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨ ਐਤਵਾਰ ਨੂੰ ਮਲੇਰਕੋਟਲਾ ਦੀ ਪ੍ਰਮੁੱਖ ਨਾਮੀ ਸਖਸ਼ੀਅਤ ਸੀਨੀਅਰ ਆਗੂ ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਨੇ ਆਪਣੇ ਕਰੀਬੀ ਸਾਥੀਆਂ ਸਮੇਤ ਰਾਏਕੋਟ ਰੋਡ ਮਲੇਰਕੋਟਲਾ ਵਿਖੇ ਮੁੱਖ ਮਾਰਗ ਤੇ ਸਥਿਤ ਨਿਜੀ ਫੈਕਟਰੀ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਸ਼ੇਸ ਤੌਰ ਤੇ ਪਹੁੰਚੇ ਬਾਪੂ ਤਰਸੇਮ ਸਿੰਘ ਕਾਰਜਕਾਰੀ ਪ੍ਰਧਾਨ (ਪਿਤਾ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ) ਐਮ ਪੀ ਹਲਕਾ ਖਡੂਰ ਸਾਹਿਬ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਰਪ੍ਰਸਤ ਕਿਸਾਨ ਯੂਨੀਅਨ ਅੰਮ੍ਰਿਤਸਰ ਮੁੱਖ ਬੁਲਾਰਾ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਅਹਿਮ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਮਾਲੇਰਕੋਟਲਾ ਪਹੁੰਚੇ ਸਨ, ਇਸ ਮੀਟਿੰਗ ਵਿੱਚ ਮਾਲੇਰਕੋਟਲਾ ਅਤੇ ਪਿੰਡਾਂ ਦੇ ਲੋਕਾਂ ਦੇ ਪਹੁੰਚੇ ਭਾਰੀ ਇਕੱਠ ਨਾਲ ਇਸ ਮੀਟਿੰਗ ਨੂੰ ਰੈਲੀ ਦਾ ਰੂਪ ਧਾਰਨ ਕੀਤਾ ਵੇਖਣ ਨੂੰ ਮਿਲਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਵੱਡੀ ਗਿਣਤੀ ਪਹੁੰਚਿਆ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਦਲ ਬਾਰਿਸ ਪੰਜਾਬ ਦੇ ਪਾਰਟੀ ਵਿੱਚ ਹਰ ਵਰਕਰ ਤੇ ਆਗੂਆਂ ਨੂੰ ਬਰਾਬਰਤਾ ਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨਾ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਨਾਲ ਜੁੜੇ ਅਤੇ ਪੰਜਾਬ ਦੇ ਸਾਰੇ ਜਿਲਿਆਂ ਵਿੱਚੋਂ ਵੱਡੀ ਗਿਣਤੀ ਨੌਜਵਾਨ ਮੈਂਬਰਸ਼ਿੱਪ ਫਾਰਮ ਭਰ ਰਹੇ ਹਨ ਉਨਾ ਕਿਹਾ ਕਿ 2027 ਵਿੱਚ ਅਕਾਲੀ ਦਲ ਬਾਰਿਸ ਪੰਜਾਬ ਦੀ ਪੰਜਾਬ ਵਿੱਚ ਸਰਕਾਰ ਬਣੇਗੀ। ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਪੰਜਾਬ ਦੇ ਮੁੱਖ ਮੰਤਰੀ ਹੋਣਗੇ । ਇਸ ਮੌਕੇ ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਨੇ ਕਿਹਾ ਕਿ ਮੈਨੂੰ ਜੋ ਪਾਰਟੀ ਹਾਈ ਕਮਾਂਡ ਜਿੰਮੇਵਾਰੀ ਦੇਵੇਗੀ ਮੈ ਉਸ ਜਿਮੇਵਾਰੀ ਨੂੰ ਤਨ ਮਨ ਅਤੇ ਧੰਨ ਨਾਲ ਖੂਬ ਨਿਭਾਵਾਂਗਾ ਉਨ੍ਹਾਂ ਦਸਿਆ ਕਿ ਇਸ ਪਾਰਟੀ ਵਿਚ ਮੈਨੂੰ ਲਿਆਉਣ ਵਾਲੇ ਬਰਜਿੰਦਰ ਸਿੰਘ ਲਸੋਈ ਅਬਜਰਵਰ ਸੰਗਰੂਰ ਹਨ ਅੱਜ ਬਾਪੂ ਸਰਦਾਰ ਤਰਸੇਮ ਸਿੰਘ ਅਤੇ ਜਸਕਰਨ ਸਿੰਘ ਨੇ ਮੈਨੂੰ ਸਿਰੋਪਾ ਪਹਿਨਾਕੇ ਅਪਣੇ ਨਾਲ ਸ਼ਾਮਲ ਕੀਤਾ ਹੈ। ਇਸ ਸਮਾਗਮ ਵਿੱਚ ਬਰਜਿੰਦਰ ਸਿੰਘ ਲਸੋਈ ਅਬਜਰਵਰ ਸੰਗਰੂਰ ਅਕਾਲੀਦਲ ਵਾਰਿਸ ਪੰਜਾਬ ਦੇ, ਲਖਵੀਰ ਸਿੰਘ ਛੋਟੀ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ, ਸੰਦੀਪ ਸਿੰਘ ਰੁਪਾਲੋਂ ਅਬਜਰਵ ਫਤਿਹਗੜ੍ਹ ਸਾਹਿਬ, ਡਾਕਟਰ ਦਲਜੀਤ ਸਿੰਘ ਸੋਢੀ ਅਬਜਰਵਰ ਰੋਪੜ, ਬੀਬੀ ਸਤਨਾਮ ਕੌਰ ਪਟਿਆਲਾ ਪ੍ਰਿਥੀਪਾਲ ਲੁਧਿਆਣਾ, ਜਸਵੰਤ ਸਿੰਘ ਚੀਮਾ ਲੁਧਿਆਣਾ, ਬੀਬੀ ਅੰਜੁਮ ਆਫ਼ਤਾਬ ਮੈਂਬਰ ਪੰਜ ਮੈਂਬਰੀ ਕਮੇਟੀ ਮਾਲੇਰਕੋਟਲਾ, ਚਰਨਦੀਪ ਸਿੰਘ ਭਿੰਡਰ, ਕਸ਼ਮੀਰ ਸਿੰਘ ਨਵਾਦਾ, ਪਰਗਟ ਸਿੰਘ ਮੱਖੂ, ਪ੍ਰਿਤਪਾਲ ਸਿੰਘ ਮੀਰਾਂਕੋਟ, ਸਰਪੰਚ ਸੁਖਵਿੰਦਰ ਸਿੰਘ ਝਨੇੜੀ, ਸਰਪੰਚ ਬਲਜੀਤ ਸਿੰਘ ਤਰੰਜਿਖੇੜਾ, ਗੱਗੀ ਝਨੇੜੀ, ਰਾਜਬੀਰ ਸਿੰਘ, ਭੁਪਿੰਦਰ ਸਿੰਘ ਧੂਰੀ, ਭੁਪਿੰਦਰ ਸਿੰਘ ਮਸਿੰਘਨ ਮੈਂਬਰ ਪੰਜ ਮੈਂਬਰੀ ਕਮੇਟੀ, ਮੱਖਣ ਸਿੰਘ ਸਹੌਲੀ, ਸਰਪੰਚ ਗੁਰਮੀਤ ਸਿੰਘ ਸ਼ੇਰਪੁਰ, ਬਾਬਾ ਜਿੱਲੂ ਸਿੰਘ, ਜੱਸੀ ਸਿੰਘ ਮੋਰਾਂਵਾਲੀ, ਜਸਵਿੰਦਰ ਸਿੰਘ ਡਰੋਲੀ ਅਬਜਰਵਰ ਮਲੇਰਕੋਟਲਾ, ਜਸਵਿੰਦਰ ਸਿੰਘ ਫੱਲੇਵਾਲ, ਹਰਵਿੰਦਰ ਸਿੰਘ ਅਹਿਮਦਗੜ੍ਹ ਆਦਿ ਹਾਜਰ ਸਨ ।ਸਮਾਗਮ ਵਿੱਚ ਮੁਹੰਮਦ ਮੁਸਤਾਕ ਮਾਨਕੀ 11 ਬੰਦਿਆਂ ਸਮੇਤ ਸ਼ਾਮਿਲ ਹੋਏ ।

ਮੁਹੰਮਦ ਅਜਹਰ ਖਾਨ ਢੱਡੇਵਾੜਾ 20 ਬੰਦਿਆਂ ਸਮੇਤ ਸ਼ਾਮਿਲ ਹੋਏ। ਹਾਜੀ ਅਬਦੁਲ ਗਫੂਰ ਕਿਲਾ ਰੋਡ ਮਲੇਰਕੋਟਲਾ 25 ਸਾਥੀਆਂ ਸਮੇਤ ਸ਼ਾਮਿਲ ਹੋਏ।ਹਾਫਜ ਲਿਆਕਤ ਅਲੀ ਫਰਵਾਹੀ ਆਪਣੇ 10 ਸਾਥੀਆਂ ਸਮੇਤ ਸ਼ਾਮਿਲ ਹੋਏ। ਕਾਰੀ ਖਾਦਮ ਕਾਸਮੀ ਆਪਣੇ 10 ਸਾਥੀਆਂ ਸਮੇਤ ਹੋਏ ਸ਼ਾਮਿਲ ਹੋਏ ।ਮੁਹੰਮਦ ਰਾਸ਼ਦ ਰਾਂਝਾ ਸੁਨਾਮੀ ਗੇਟ ਆਪਣੇ 10 ਸਾਥੀਆਂ ਸਮੇਤ ਸ਼ਾਮਿਲ ਹੋਏ। ਕੁੱਲ 86 ਵਿਅਕਤੀਆਂ ਨੂੰ ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਦੇ ਨਾਲ ਸਾਰੇ ਸਾਥੀਆਂ ਨੂੰ ਸਿਰੋਪਾਓ ਦੇਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ।

# ਵਿਧਾਇਕ ਹਲਕਾ ਗਿੱਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਅਵਨੀਤ ਕੌਰ ਜਰਖੜ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਵਿੱਚ ਵਿੱਚ ਮਿਲਿਆ ਭਰਵਾਂ ਹੁੰਗਾਰਾ



ਲੁਧਿਆਣਾ, 12 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ, ਜੋ ਕਿ 14 ਦਸੰਬਰ 2025 ਨੂੰ ਹੋਣ ਜਾ ਰਹੀਆਂ ਹਨ, ਦੇ ਮੱਦੇਨਜ਼ਰ ਹਲਕਾ ਗਿੱਲ ਦੇ ਜ਼ਿਲ੍ਹਾ ਪ੍ਰੀਸ਼ਦ ਆਲਮਗੀਰ ਜ਼ੋਨ ਤੋਂ ਚੋਣ ਮੈਦਾਨ ਵਿੱਚ ਉਤਰ ਰਹੀ ਆਮ ਆਦਮੀ ਪਾਰਟੀ ਦੀ ਉਮੀਦਵਾਰ ਅਵਨੀਤ ਕੌਰ ਜਰਖੜ (ਪਤਨੀ ਸਰਪੰਚ ਸੰਦੀਪ ਸਿੰਘ ਜਰਖੜ, ਨੂੰਹ ਉੱਘੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ) ਦੀ ਚੋਣ ਮੁਹਿੰਮ ਨੂੰ ਅੱਜ ਵੱਡਾ ਉਤਸ਼ਾਹ ਅਤੇ ਲੋਕ-ਸਮਰਥਨ ਪ੍ਰਾਪਤ ਹੋਇਆ।

ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪਿੰਡ ਆਲਮਗੀਰ, ਸਰੀਂਹ, ਖਾਨਪੁਰ, ਜੱਸੋਵਾਲ, ਠੱਕਰਵਾਲ ਆਦਿ ਪਿੰਡਾਂ ਵਿੱਚ ਵਿਸ਼ਾਲ ਮੀਟਿੰਗਾਂ ਕਰਕੇ ਪਿੰਡਾਂ ਦੀਆਂ ਪੰਚਾਇਤਾਂ, ਜ਼ਿੰਮੇਵਾਰ ਨਾਗਰਿਕਾਂ ਅਤੇ ਵੋਟਰਾਂ ਨੂੰ ਉਮੀਦਵਾਰ ਅਵਨੀਤ ਕੌਰ ਜਰਖੜ ਅਤੇ ਹੋਰ ਬਲਾਕ ਸੰਮਤੀ ਉਮੀਦਵਾਰਾਂ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਲਈ ਅਪੀਲ ਕੀਤੀ।

ਵਿਧਾਇਕ ਸੰਗੋਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਵਨੀਤ ਕੌਰ ਜਰਖੜ ਇੱਕ ਪੜ੍ਹੀ-ਲਿਖੀ, ਪੋਸਟ-ਗ੍ਰੈਜੂਏਟ, ਸੁਚੱਜੀ ਤੇ ਸਮਰਪਿਤ ਨੌਜਵਾਨ ਨੇਤਰੀ ਹੈ, ਜਿਸਦਾ ਰਾਜਨੀਤੀ ਵਿੱਚ ਆਉਣਾ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵਿਕਾਸਸ਼ੀਲ ਅਤੇ ਪਾਰਦਰਸ਼ੀ ਨੀਤੀਆਂ ਦਾ ਲਾਹਾ ਆਮ ਲੋਕਾਂ ਤੱਕ ਪਹੁੰਚ ਰਿਹਾ ਹੈ। ਉਹਨਾਂ ਦਾਅਵਾ ਕੀਤਾ ਕਿ ਹਲਕਾ ਗਿੱਲ ਦੀਆਂ 6 ਜ਼ਿਲ੍ਹਾ ਪ੍ਰੀਸ਼ਦ ਅਤੇ ਸਾਰੀਆਂ ਬਲਾਕ ਸੰਮਤੀਆਂ ਦੀਆਂ ਸੀਟਾਂ ’ਤੇ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਦਰਜ ਕਰੇਗੀ।

ਮੀਟਿੰਗਾਂ ਦੌਰਾਨ ਉਮੀਦਵਾਰ ਅਵਨੀਤ ਕੌਰ ਜਰਖੜ ਅਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨੇ ਵੀ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਆਪਣੇ ਚੋਣ ਮੁੱਦੇ ਅਤੇ ਸੰਕਲਪ ਸਾਂਝੇ ਕੀਤੇ।

ਇਸ ਮੌਕੇ ਪਿੰਡਾਂ ਦੇ ਕਈ ਪ੍ਰਮੁੱਖ ਨੁਮਾਇੰਦੇ ਅਤੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਵਿੱਚ ਸਰਪੰਚ ਬੰਤਾ ਸਿੰਘ ਜੱਸੋਵਾਲ, ਸਰਪੰਚ ਬਲਜੀਤ ਸਿੰਘ ਚੁਬਕੀ, ਸਰਪੰਚ ਆਤਮਾ ਸਿੰਘ ਠੱਕਰਵਾਲ, ਗੁਰਨਾਮ ਸਿੰਘ ਧਾਲੀਵਾਲ, ਸਰਪੰਚ ਹਰਜੋਤ ਸਿੰਘ ਜੋਤੀ ਆਲਮਗੀਰ, ਮਲਕੀਤ ਸਿੰਘ (ਸਾਬਕਾ ਬਲਾਕ ਸੰਮਤੀ ਮੈਂਬਰ ਆਲਮਗੀਰ), ਸਰਪੰਚ ਸੰਦੀਪ ਸਿੰਘ ਜਰਖੜ, ਸਰਪੰਚ ਸੰਤ ਸਿੰਘ ਸਰੀਂਹ, ਸਾਬਕਾ ਸਰਪੰਚ ਜਸਵੀਰ ਸਿੰਘ ਖਾਨਪੁਰ, ਸਾਹਿਬਜੀਤ ਸਿੰਘ ਸਾਬੀ (ਬਲਾਕ ਸੰਮਤੀ ਮੈਂਬਰ ਜਰਖੜ), ਗੁਰਜੀਤ ਸਿੰਘ ਦੁਲੇਅ (ਉਮੀਦਵਾਰ ਆਲਮਗੀਰ), ਕੁਲਵਿੰਦਰ ਸਿੰਘ ਕਿੰਦਾ (ਬਲਾਕ ਸੰਮਤੀ ਠੱਕਰਵਾਲ), ਸੁਰਿੰਦਰ ਕੌਰ (ਬਲਾਕ ਸੰਮਤੀ ਜੱਸੋਵਾਲ), ਜਸਪਾਲ ਕੌਰ (ਬਲਾਕ ਸੰਮਤੀ ਖਾਨਪੁਰ), ਮਹਿੰਦਰ ਕੌਰ ਪੱਦੀ (ਬਲਾਕ ਸੰਮਤੀ ਜੱਸੜ), ਸਵਰਨ ਸਿੰਘ ਘਵੱਦੀ (ਬਲਾਕ ਸੰਮਤੀ ਭੁੱਟਾ) ਸਮੇਤ ਇਲਾਕੇ ਦੇ ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਸ਼ਾਮਲ ਸਨ।



# ਬੁੱਢੇ ਨਹੀਂ ਬਜ਼ੁਰਗ ਬਣੋ

ਜ਼ਿੰਦਗੀ ਦੇ ਉੱਚੇ ਨੀਵੇਂ ਧਰਾਤਲ ਨੂੰ ਤਹਿ ਕਰਦਿਆਂ, ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਕਾਫੀ ਹੱਦ ਤਕ ਸੁਰਖ਼ਰੂ ਹੋਣ ਤੋਂ ਬਾਅਦ, ਵਿਅਕਤੀ ਜੀਵਨ ਦੀ ਇਕ ਅਜਿਹੀ ਅਵਸਥਾ ਵਿਚ ਦਾਖ਼ਲ ਹੁੰਦਾ ਹੈ ਜਿੱਥੇ ਪਹੁੰਚ ਕੇ ਉਸ ਨੂੰ ਸਕੂਨ ਅਤੇ ਸੁਰੱਖਿਆ ਦੀ ਤਾਲਾਸ਼ ਹੁੰਦੀ ਹੈ। ਇਹ ਅਵਸਥਾ ਬੁਢਾਪੇ ਦੀ ਹੁੰਦੀ ਹੈ। ਅਕਸਰ ਇਹ ਸਮਝਿਆ ਜਾਂਦਾ ਹੈ ਕਿ ਇਸ ਅਵਸਥਾ ਵਿਚ ਪਹੁੰਚਦਿਆਂ ਵਿਅਕਤੀ ਕੋਲ ਜ਼ਿੰਦਗੀ ਦੇ ਤਜਰਬਿਆਂ ਦੀ ਕਾਫ਼ੀ ਪੂੰਜੀ ਜਮ੍ਹਾਂ ਹੋ ਜਾਣ ਕਾਰਨ ਉਹ ਵਧੇਰੇ ਸਹਿਣਸ਼ੀਲ, ਆਪਣੇ ਬੋਲਾਂ ਨਾਲ ਦੂਸਰਿਆਂ ਨੂੰ ਮਾਨਸਿਕ ਸਕੂਨ ਦੇਣ ਅਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਸਮਾਧਾਨ ਕਰਨ ਲਈ ਪਰਪੱਕ ਹੋ ਜਾਂਦਾ ਹੈ।

ਬਜ਼ੁਰਗ ਅਤੇ ਬੁੱਢਾ, ਬੁਢਾਪੇ ਦੀ ਹੀ ਅਵਸਥਾ ਹੈ ਪਰ ਫਿਰ ਵੀ ਇਨ੍ਹਾਂ ਵਿਚ ਉਸੇ ਤਰ੍ਹਾਂ ਦਾ ਅੰਤਰ ਹੈ ਜਿਵੇਂ ਕਿਸੇ ਵਿਅਕਤੀ ਨੂੰ ਜਾਨਵਰ ਕਿਹਾ ਜਾਵੇ ਤਾਂ ਉਹ ਬੁਰਾ ਮਹਿਸੂਸ ਕਰਦਾ ਹੈ ਪਰ ਜੇ ਸ਼ੇਰ ਕਿਹਾ ਜਾਵੇ ਤਾਂ ਮੁਸਕਾਨ ਉਸ ਦੇ ਚਿਹਰੇ 'ਤੇ ਆਪਣੀ ਹੋਂਦ ਵਿਖਾ ਦਿੰਦੀ ਹੈ। ਵੇਖਣ ਵਿਚ ਅਕਸਰ ਆਉਂਦਾ ਹੈ ਕਿ ਕਈ ਵਿਅਕਤੀ ਇਸ ਅਵਸਥਾ ਤਕ ਪਹੁੰਚ ਕੇ ਵੀ ਆਪਣੇ ਨਿਭਾਏ ਜਾਣ ਵਾਲੇ ਕਿਰਦਾਰਾਂ ਤੋਂ ਜ਼ਿੰਮੇਵਾਰ ਦਿਖਾਈ ਨਹੀਂ ਦਿੰਦੇ। ਅਜਿਹੇ ਲੋਕਾਂ ਬਾਰੇ ਇਹੀ ਸੁਣਨ ਨੂੰ ਮਿਲਦਾ ਹੈ ਕਿ ਇਸ ਨੂੰ ਤਾਂ ਧੁੱਪੇ ਹੀ ਧੌਲੇ ਆਏ ਹਨ।

### ਤਾਲਮੇਲ ਬਿਠਾਓ

ਬੁਢਾਪੇ ਦੀ ਅਵਸਥਾ ਵਿਚ ਵਿਅਕਤੀ ਨੂੰ ਬਜ਼ੁਰਗ ਕਹਿ ਕੇ ਸਤਿਕਾਰਿਆ ਜਾਂਦਾ ਹੈ ਪਰ ਜੋ ਵਿਅਕਤੀ ਇਸ ਅਵਸਥਾ ਵਿਚ ਨਿਭਾਏ ਜਾਣ ਵਾਲੇ ਕਿਰਦਾਰਾਂ ਦੀਆਂ ਨਿਸ਼ਾਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਬੁੱਢੇ ਹੀ ਕਿਹਾ ਜਾਂਦਾ ਹੈ। ਅਜਿਹੇ ਬੁੱਢੇ ਲੋਕ ਇਸ ਉਮਰ ਵਿਚ ਵੀ ਆਪਣੇ ਪਰਿਵਾਰ ਦੇ ਜੀਆਂ ਨਾਲ ਤਾਲਮੇਲ ਬਣਾਉਣ ਵਿਚ ਅਸਮਰਥ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਲਈ ਲੋੜ ਹੈ, ਇਸ ਅਵਸਥਾ ਵਿਚ ਬੱਚਿਆਂ ਦੀ ਸੋਚ ਦੇ ਹਾਣੀ ਬਣਦੇ ਹੋਏ, ਆਪਣੀਆਂ ਪ੍ਰਾਪਤੀਆਂ ਦਾ ਢੰਡੋਰਾ ਪਿੱਟਣ ਦੀ ਬਜਾਏ, ਬੱਚਿਆਂ ਦੀਆਂ ਤਰੱਕੀਆਂ 'ਤੇ ਖ਼ੁਸ਼ ਹੁੰਦੇ ਹੋਏ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਪਾ ਸਕਦੇ ਹਾਂ।

ਗੁਣਾਂ ਦੇ ਸਹਾਰੇ ਹੀ ਵਿਅਕਤੀ ਸਫਲ ਹੋ ਸਕਦਾ ਹੈ। ਵਿਵੇਕ ਤੇ ਨਿਮਰਤਾ ਨਾਲ ਸਿਖ਼ਰ ਨੂੰ ਛੂਹ ਜਾਂਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਨਵੇਂ ਜ਼ਮਾਨੇ ਅਨੁਸਾਰ ਬੱਚਿਆਂ ਦੀ ਸਮਰਥਾ ਅਤੇ ਸਮਝ ਸਾਡੇ ਨਾਲੋਂ ਕਿਤੇ ਜ਼ਿਆਦਾ ਹੈ। ਖਾਹ-ਮਖਾਹ ਉਨ੍ਹਾਂ ਦੇ ਕੰਮਾਂ ਵਿਚ ਦਖ਼ਲ ਦੇਣ ਵਾਲੇ ਲੋਕ ਬੁੱਢੇ ਹੀ ਰਹਿ ਜਾਂਦੇ ਹਨ ਬਜ਼ੁਰਗ ਨਹੀਂ ਬਣਦੇ। ਬੱਚਿਆਂ ਨੂੰ ਆਪਣਾ ਜੀਵਨ ਜਿਊਣ ਦਿਓ ਅਤੇ ਤੁਸੀਂ ਆਪਣਾ ਜੀਵਨ ਜੀਓ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਮਿਲ ਸਕਦਾ ਹੈ।

### ਵਿਕਾਰਾਂ ਤੋਂ ਪਾਓ ਛੁਟਕਾਰਾ

ਮਨੁੱਖੀ ਮਨ ਦੇ ਧਰਾਤਲ 'ਤੇ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਪੂਰਨ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੀ ਹੁੰਦੇ ਹਨ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ ਜੋ ਉਨ੍ਹਾਂ ਲਈ ਘਾਤਕ ਸਿੱਧ ਹੁੰਦਾ ਹੈ। ਅਜਿਹੇ ਵਿਅਕਤੀਆਂ ਦੇ ਮਨ ਵਿਚ ਅਜੇ ਵੀ ਇੰਨੀਆਂ ਉਮੀਦਾਂ ਪਲਦੀਆਂ ਰਹਿੰਦੀਆਂ ਹਨ ਕਿ ਉਹ ਇਕਾਗਰ ਹੋਣ ਵਿਚ ਨਾਕਾਮ ਰਹਿੰਦੇ ਹਨ ਜਿਸ ਕਰਕੇ ਪਰਿਵਾਰ ਦੇ ਜੀਆਂ ਦੀ ਆਲੋਚਨਾ ਅਤੇ ਨਿੰਦਾ ਕਰਦੇ ਰਹਿਣ ਕਾਰਨ ਬਣਦੇ ਸਨਮਾਨ ਤੋਂ ਵਾਂਝੇ ਰਹਿ ਜਾਂਦੇ ਹਨ। ਆਤਮ-ਸੰਜਮ ਦੀ ਕਮੀ ਕਾਰਨ ਆਪਣੀ ਪ੍ਰਤਿਭਾ ਗੁਆ ਬੈਠਦੇ ਹਨ ਅਤੇ ਨਦੀ ਦੇ ਵਗਦੇ ਵਹਾਅ ਦੀ ਤਰ੍ਹਾਂ ਇਸ ਅਵਸਥਾ ਵਿਚ ਵੀ ਅਨੇਕਾਂ ਔਕੜਾਂ ਦਾ ਸਾਹਮਣਾ ਕਰਦੇ ਰਹਿੰਦੇ ਹਨ। ਉਹ ਮਹਿਸੂਸ ਕਰਨ ਲੱਗ ਪੈਂਦੇ ਹਨ ਕਿ ਹੁਣ ਬੇਕਾਰ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਜੀਵਨ ਕਿਸੇ ਕੰਮ ਦਾ ਨਹੀਂ ਰਿਹਾ।

ਆਪਣੇ-ਆਪ ਨੂੰ ਦੂਜਿਆਂ ਤੋਂ ਵੱਧ ਸਿਆਣਾ ਅਤੇ ਦੂਜੇ ਨੂੰ ਹੀਣਾ ਸਮਝਦੇ ਹੋਏ ਪਰਿਵਾਰ ਦੇ ਜੀਆਂ ਅਤੇ ਰਿਸ਼ਤੇਦਾਰਾਂ ਦੀ ਬੁਰਿਆਈ ਕਰੀ ਜਾਣਾ ਉਨ੍ਹਾਂ ਨੂੰ ਬਜ਼ੁਰਗ ਨਹੀਂ ਬਣਨ ਦਿੰਦਾ। ਚੰਗੀ ਸੋਚ ਵਾਲੇ ਮਨੁੱਖ ਉਮਰ ਦੇ ਹਰ ਪੜਾਅ 'ਤੇ ਚੰਗਾ ਹੀ ਸੋਚਦੇ ਹਨ। ਸੰਜਮ, ਨਿਯਮ, ਸਬਰ-ਸੰਤੋਖ, ਸਕਾਰਾਤਮਕ ਸੋਚ ਅਤੇ ਮਨ ਨੂੰ ਨਿਯੰਤਰਣ ਕਰਨ ਵਾਲੇ ਵਿਅਕਤੀ ਬਜ਼ੁਰਗ ਹੁੰਦੇ ਹਨ। ਅਜਿਹੇ ਲੋਕਾਂ ਵਿਚ ਪਵਿੱਤਰਤਾ, ਦ੍ਰਿੜ੍ਹਤਾ ਅਤੇ ਉੱਦਮ ਵਾਲੇ ਗੁਣ ਕਦੇ ਵੀ ਆਪਣੀ ਹੋਂਦ ਨਹੀਂ ਗੁਆਉਂਦੇ। ਇਸੇ ਕਾਰਨ ਗੂੜ੍ਹ ਹਨੇਰਿਆਂ ਵਾਂਗ ਕਦੇ ਨਾ ਮੁੱਕਣ ਵਾਲੀ ਭਟਕਣ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ।

### ਚੁੱਪ ਹੈ ਖ਼ੁਸ਼ੀ ਦਾ ਰਾਜ਼

ਕਹਿੰਦੇ ਹਨ ਕਿ ਇਕ ਬਜ਼ੁਰਗ ਜੋੜਾ ਬੁਢਾਪੇ ਦੀ ਅਵਸਥਾ ਵਿਚ ਵੀ ਬਹੁਤ ਖ਼ੁਸ਼ ਰਹਿੰਦਾ ਸੀ। ਕਿਸੇ ਨਿਰਾਸ਼ ਰਹਿਣ ਵਾਲੇ ਬਜ਼ੁਰਗ ਨੇ ਉਨ੍ਹਾਂ ਕੋਲੋਂ ਖ਼ੁਸ਼ ਰਹਿਣ ਦਾ ਭੇਦ ਜਾਣਨਾ ਚਾਹਿਆ। ਬਜ਼ੁਰਗ ਨੇ ਉੱਤਰ ਦਿੱਤਾ ਕਿ ਜੀਵਨ ਦੇ ਇਸ ਮੋੜ 'ਤੇ ਇਕੋ ਨੀਤੀ ਅਪਣਾਈ ਹੈ ਕਿ ਦੂਜਿਆਂ ਤੋਂ ਜ਼ਿਆਦਾ ਆਸ ਨਾ ਰੱਖੋ ਅਤੇ ਜੋ ਮਿਲੇ ਉਸ ਵਿਚ ਸੰਤੁਸ਼ਟ ਰਹੋ। ਮੈਂ ਤੇ ਮੇਰੀ ਪਤਨੀ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਆਪਣੇ ਬੇਟਿਆਂ-ਨੂੰਹਾਂ ਨੂੰ ਸੌਂਪ ਕੇ ਬੇਫ਼ਿਕਰੀ ਨਾਲ ਰਹਿੰਦੇ ਹਾਂ। ਹੁਣ ਉਹ ਜੋ ਕਹਿੰਦੇ ਹਨ, ਉਹ ਅਸੀਂ ਕਰ ਦਿੰਦੇ ਹਾਂ ਅਤੇ ਜੋ ਕੁਝ ਵੀ ਖੁਆਉਂਦੇ ਹਨ, ਖਾ ਲੈਂਦੇ ਹਾਂ। ਆਪਣੇ ਪੋਤਰੇ-ਪੋਤਰੀਆਂ ਨਾਲ ਹੱਸਦੇ-ਖੇਡਦੇ ਰਹਿੰਦੇ ਹਾਂ।'

'ਸਾਡੇ ਬੱਚੇ ਜਦੋਂ ਕੋਈ ਭੁੱਲ ਕਰਦੇ ਹਨ ਤਾਂ ਵੀ ਅਸੀਂ ਚੁੱਪ ਰਹਿੰਦੇ ਹਾਂ। ਅਸੀਂ ਉਨ੍ਹਾਂ ਦੇ ਕਿਸੇ ਕੰਮ ਵਿਚ ਵੀ ਅੜਿਕਾ ਨਹੀਂ ਬਣਦੇ। ਜਦੋਂ ਕਦੇ ਉਹ ਸਾਡੇ ਕੋਲ ਸਲਾਹ-ਮਸ਼ਵਰੇ ਲਈ ਆਉਂਦੇ ਹਨ ਤਾਂ ਅਸੀਂ ਆਪਣੇ ਜੀਵਨ ਦੇ ਸਾਰੇ ਤਜਰਬੇ ਉਨ੍ਹਾਂ ਸਾਹਮਣੇ ਰੱਖਦਿਆਂ ਉਨ੍ਹਾਂ ਵੱਲੋਂ ਕੀਤੀ ਗਈ ਭੁੱਲ ਨਾਲ ਪੈਦਾ ਮਾੜੇ ਨਤੀਜਿਆਂ ਪ੍ਰਤੀ ਸੁਚੇਤ ਕਰ ਦਿੰਦੇ ਹਾਂ। ਹੁਣ ਉਹ ਸਾਡੀ ਸਲਾਹ 'ਤੇ ਕਿੰਨਾ ਅਮਲ ਕਰਦੇ ਹਨ ਜਾਂ ਨਹੀਂ ਕਰਦੇ ਉਹ ਦੇਖਣਾ ਅਤੇ ਆਪਣਾ ਮਨ ਦੁਖੀ ਕਰਨਾ ਸਾਡਾ ਕੰਮ ਨਹੀਂ। ਉਹ ਸਾਡੀਆਂ ਹਦਾਇਤਾਂ ਅਨੁਸਾਰ ਜ਼ਰੂਰ ਚੱਲਣ, ਇਹ ਸਾਡੀ ਇੱਛਾ ਨਹੀਂ ਹੁੰਦੀ। ਸਲਾਹ ਦੇਣ ਤੋਂ ਬਾਅਦ ਵੀ ਜੇ ਉਹ ਭੁੱਲ ਕਰਦੇ ਹਨ ਤਾਂ ਅਸੀਂ ਫ਼ਿਕਰ ਨਹੀਂ ਕਰਦੇ। ਉਸ 'ਤੇ ਵੀ ਜੇ ਉਹ ਮੁੜ ਸਾਡੇ ਕੋਲ ਆਉਂਦੇ ਹਨ ਤਾਂ ਅਸੀਂ ਫਿਰ ਨੇਕ ਸਲਾਹ ਦੇ ਕੇ ਉਨ੍ਹਾਂ ਨੂੰ ਵਿਦਾ ਕਰਦੇ ਹਾਂ। ਇਹੀ ਸਾਡੇ ਖ਼ੁਸ਼ ਰਹਿਣ ਦਾ ਕਾਰਨ ਹੈ।'

ਇਸ ਲਈ ਦੋਸਤੋ, ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਆਪਣੇ-ਆਪ ਨੂੰ ਖ਼ੁਸ਼ ਰੱਖਣ, ਪਰਿਵਾਰ ਵਿਚ ਰਾਤ ਦੀ ਰਾਣੀ ਵਾਂਗ ਮਹਿਕਾਂ ਖਿਲਾਰਣ ਅਤੇ ਆਨੰਦਿਤ ਰਹਿਣ ਲਈ, ਆਪਣੇ ਵਿਚ ਲੋੜੀਂਦੀਆਂ ਤਬਦੀਲੀਆਂ ਲਿਆ ਕੇ ਬਜ਼ੁਰਗ ਅਖਵਾਈਏ, ਬੁੱਢੇ ਨਹੀਂ। •



• ਕੈਲਾਸ਼ ਚੰਦਰ ਸ਼ਰਮਾ
8054016816

*ਮਨੁੱਖੀ ਮਨ 'ਚ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੁੰਦੇ ਹਨ ਸਿਆਣੇ ਨਹੀਂ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ।*

### ਜੜ੍ਹਾਂ ਨਾਲ ਜੁੜੇ ਰਹੋ

ਆਪਣੀ ਸ਼ਖ਼ਸੀਅਤ ਵਿਚ ਗਹਿਰਾਈ ਅਤੇ ਵਿਚਾਰਾਂ ਵਿਚ ਸ਼ੁੱਧਤਾ ਬਣਾਈ ਰੱਖੋ। ਕਦੇ ਵੀ ਆਪਣੀਆਂ ਜੜ੍ਹਾਂ ਨਾਲੋਂ ਨਾ ਟੁੱਟੋ। ਇਨਸਾਨ ਉਦੋਂ ਬੁਰੀ ਤਰ੍ਹਾਂ ਹਾਰ ਜਾਂਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਸਭ ਕੁਝ ਮੰਨਦੇ ਹੋ ਉਨ੍ਹਾਂ ਲਈ ਤੁਸੀਂ ਕੁਝ ਵੀ ਨਹੀਂ ਹੋ। ਜੇ ਆਪਣਿਆਂ ਦੇ ਨਜ਼ਦੀਕ ਰਹਿਣਾ ਹੈ ਤਾਂ ਖ਼ਾਮੋਸ਼ ਰਹੋ ਅਤੇ ਜੇ ਆਪਣਿਆਂ ਨੂੰ ਨਜ਼ਦੀਕ ਰੱਖਣਾ ਹੈ ਤਾਂ ਕੋਈ ਵੀ ਗੱਲ ਦਿਲ 'ਤੇ ਨਾ ਲਗਾਓ। ਹਾਸਾ ਤਣਾਅ ਨੂੰ ਖ਼ਤਮ ਕਰਦਾ ਹੈ ਅਤੇ ਮੁਸਕਾਨ ਨਾਲ ਖ਼ੁਸ਼ੀ ਮਿਲਦੀ ਹੈ। ਸੋ ਇਸ ਅਵਸਥਾ ਵਿਚ ਖ਼ੁਸ਼ ਰਹਿਣ ਦੀ ਆਦਤ ਪਾ ਲਓ। ਸਿਆਣੇ ਕਹਿੰਦੇ ਹਨ ਕਿ "ਖ਼ੁਸ਼ੀ ਦੇ ਵਿਚਾਰ ਉਨ੍ਹਾਂ ਤਰੇਲ ਦੀਆਂ ਬੂੰਦਾਂ ਵਰਗੇ ਹੁੰਦੇ ਹਨ ਜੋ ਸਾਡੇ ਤਣਾਅ ਨੂੰ ਖ਼ਤਮ ਕਰਦੇ ਹੋਏ ਦੁੱਖਾਂ ਨੂੰ ਧੋ ਦਿੰਦੇ ਹਨ।" ਇਸ ਲਈ ਖ਼ੁਸ਼ ਰਹਿਣਾ ਸਿੱਖੋ।

### ਬਣੋ ਰਾਹ ਦਸੇਰੇ

ਜ਼ਿੰਦਗੀ ਦੀ ਤ੍ਰਾਸਦੀ ਹੈ ਕਿ ਅਸੀਂ ਬੁੱਢੇ ਜਲਦੀ ਹੋ ਜਾਂਦੇ ਹਾਂ ਪਰ ਸਿਆਣੇ ਦੇਰ ਨਾਲ ਬਣਦੇ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਦੇ ਦੁੱਖਾਂ-ਸੁੱਖਾਂ ਦੀ ਸਾਥੀ ਉਸ ਦੀ ਆਪਣੀ ਔਲਾਦ ਹੀ ਹੁੰਦੀ ਹੈ ਅਤੇ ਸਾਡਾ ਕੰਮ ਉਨ੍ਹਾਂ ਲਈ ਰਾਹ ਦਸੇਰਾ ਬਣਨਾ ਹੈ। ਮੋਮਬੱਤੀ ਕਦੇ ਵੀ ਨਹੀਂ ਬੋਲਦੀ ਪਰ ਉਸ ਦੀ ਰੋਸ਼ਨੀ ਹੀ ਉਸ ਦੀ ਪਛਾਣ ਦੱਸ ਦਿੰਦੀ ਹੈ। ਇਸੇ ਤਰ੍ਹਾਂ ਚੁੱਪ ਰਹਿ ਕੇ ਆਪਣੇ ਵਿਵਹਾਰ ਰਾਹੀਂ ਹੀ ਆਪਣੇ ਬਜ਼ੁਰਗ ਹੋਣ ਦਾ ਅਹਿਸਾਸ ਦੂਜਿਆਂ ਤਕ ਜਾਣ ਦਿਓ। ਦੂਜਿਆਂ ਵੱਲੋਂ ਕੀਤੀ ਕੇਅਰ ਨੂੰ ਖੁੱਲ੍ਹਦਿਲੀ ਨਾਲ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੀ ਪ੍ਰਸੰਸਾ ਕਰੋ। ਆਪਣੀ ਆਲੋਚਨਾ ਸੁਣ ਕੇ ਕਦੇ ਨਾ ਭੜਕੋ ਬਲਕਿ ਬਰਦਾਸ਼ਤ ਕਰੋ। ਦੋਗਲਾਪਣ ਨਾ ਰੱਖੋ। ਇਸ ਨਾਲ ਸ਼ਾਂਤੀ ਅਤੇ ਅੰਦਰੂਨੀ ਤਾਲਮੇਲ ਰੱਖਣਾ ਮੁਸ਼ਕਲ ਹੋ ਜਾਂਦਾ ਹੈ ਜਿਸ ਕਾਰਨ ਨਿਰਾਸ਼ਾ ਮਿਲਦੀ ਹੈ। ਇਸ ਅਵਸਥਾ ਵਿਚ ਖ਼ੁਦ ਦੇ ਆਚਰਣ ਰਾਹੀਂ ਸਮਾਜ ਵਿਚ ਇਮਾਨਦਾਰੀ, ਨਿਯਮ-ਪਾਲਣ ਅਤੇ ਕਦਰਾਂ-ਕੀਮਤਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰੋ। ਨਿਮਰ ਬਣ ਕੇ ਰਹੋ। ਚੰਗਾ ਯਾਦ ਰੱਖੋ ਅਤੇ ਬੁਰਾ ਭੁੱਲ ਜਾਓ। ਦੂਸਰੇ ਕਿਸੇ ਵੀ ਨਜ਼ਰੀਏ ਨਾਲ ਵੇਖਦੇ ਹੋਣ, ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਜੀਓ ਕਿ ਉਨ੍ਹਾਂ 'ਤੇ ਪ੍ਰਭਾਵ ਪਾਇਆ ਜਾ ਸਕੇ।



*ਜੋ ਬੀਤ ਗਿਆ ਉਹ ਵਾਪਸ ਨਹੀਂ ਆਉਣਾ। ਇਸ ਲਈ ਸਾਨੂੰ ਹਰ ਪਲ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਰਿਣਾਤਮਕ ਸੋਚਣੀ ਨੂੰ ਤਿਆਗ ਕੇ ਸਕਾਰਾਤਮਿਕਤਾ ਗ੍ਰਹਿਣ ਕਰੀਏ...*

# ਆਓ ਭੁੱਲਣ ਦੀ ਕਲਾ ਸਿੱਖੀਏ



ਜ਼ਿੰਦਗੀ ਬਹੁਤ ਖ਼ੂਬਸੂਰਤ ਗੁਲਦਸਤਾ ਹੈ। ਪਰ ਅਸੀਂ ਇਸ ਗੁਲਦਸਤੇ ਨੂੰ ਕੰਡਿਆਂ ਨਾਲ ਭਾਵ ਕੁਝ ਅਜਿਹੀਆਂ ਯਾਦਾਂ ਨਾਲ ਸਜਾ ਕੇ ਰੱਖਿਆ ਹੋਇਆ ਹੈ ਜੋ ਜ਼ਿੰਦਗੀ ਨੂੰ ਨੀਰਸ ਤੇ ਬਦ-ਅਸੀਸ ਬਣਾ ਰਹੀਆਂ ਹਨ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਲੋਕ ਉਨ੍ਹਾਂ ਘਟਨਾਵਾਂ ਤੇ ਅਨੁਭਵਾਂ ਨੂੰ ਯਾਦ ਕਰਨਾ ਪਸੰਦ ਨਹੀਂ ਕਰ ਰਹੇ ਜਿਨ੍ਹਾਂ ਦੁਆਰਾ ਜੀਵਨ ਨੂੰ ਖ਼ੁਸ਼ਹਾਲ ਤੇ ਆਨੰਦਤ ਬਣਾਇਆ ਜਾ ਸਕੇ, ਬਲਕਿ ਉਨ੍ਹਾਂ ਪਲਾਂ ਨੂੰ ਯਾਦ ਕਰਦੇ ਹਨ ਜਿਸ ਨਾਲ ਤੁਸੀਂ ਆਪ ਤਾਂ ਦੁੱਖ ਵਿਚ ਹੁੰਦੇ ਹੀ ਹੋ ਨਾਲ ਦੂਜਿਆਂ ਨੂੰ ਵੀ ਉਸ ਵਿਚ ਧਕੇਲਣ ਦੀ ਕੋਸ਼ਿਸ਼ ਕਰਦੇ ਹੋ। ਅਜਿਹੀ ਸੋਚਣੀ ਦੇ ਮਾਲਕ ਲੋਕ ਕਦੇ ਵੀ ਪ੍ਰਸੰਨਤਾ ਪ੍ਰਾਪਤ ਨਹੀਂ ਕਰ ਸਕਦੇ। ਬੁਰੇ ਸਮੇਂ ਦੇ ਭੱਦੇ ਖ਼ਿਆਲਾਂ ਨੂੰ ਫੜ ਕੇ ਬੈਠੇ ਰਹਿਣਾ ਹੀ ਸਭ ਤੋਂ ਵੱਡੀ ਤ੍ਰਾਸਦੀ ਦਾ ਕਾਰਨ ਬਣ ਜਾਂਦੀ ਹੈ। ਮਨੁੱਖ ਅੱਜ ਕੈਦੀ ਬਣਿਆ ਹੋਇ ਹੈ ਆਪਣੇ ਖ਼ੁਆਬਾਂ ਤੇ ਖ਼ਵਾਹਿਸ਼ਾਂ ਦਾ ਪਰ ਜੇ ਇਹ ਸਾਰਥਿਕ ਨਹੀਂ ਤਾਂ ਉਨ੍ਹਾਂ ਨੂੰ ਆਪਣੀਆਂ ਯਾਦਾਂ 'ਚੋਂ ਬਾਹਰ ਕੱਢ ਕੇ ਨਵੇਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ ਤੇ ਗ਼ਲਤੀ ਹੋ ਜਾਣਾ ਕੁਦਰਤੀ ਵੀ ਹੈ ਤੇ ਜੋ ਉਸ ਗ਼ਲਤੀ ਨੂੰ ਮੰਨ ਕੇ, ਉਸ ਨੂੰ ਸੁਧਾਰ ਲੈਂਦੇ ਹਨ ਸਫਲਤਾ ਉਨ੍ਹਾਂ ਦੇ ਹੀ ਕਦਮ ਚੁੰਮਦੀ ਹੈ। ਸਮਝਦਾਰੀ ਵੀ ਇਸੇ ਵਿਚ ਹੈ ਕਿ ਪ੍ਰਾਪਤ ਹੋਏ ਅਨੁਭਵ ਨੂੰ ਪੱਲੇ ਬੰਨ੍ਹ ਕੇ ਸਹੀ ਚੋਣ ਦੀ ਸੋਝੀ ਦਾ ਪ੍ਰਾਪਤ ਹੋਣਾ ਹੈ ਨਾ ਕਿ ਉਸ ਗ਼ਲਤੀ ਨੂੰ ਦੁਹਰਾ ਕੇ ਬੇਵਕੂਫ਼ੀ ਕਰਨਾ। ਇਸ ਤਰ੍ਹਾਂ ਤੁਸੀਂ ਜਦੋਂ ਕੁਝ ਬੁਰਾ ਭੁੱਲਣਾ ਸ਼ੁਰੂ ਕਰਦੇ ਹੋ ਤਾਂ ਉਸ ਨਾਲ ਆਪਣੇ ਤੇ ਦੂਜਿਆਂ ਨੂੰ ਵੀ ਸੁੱਖਮਈ ਜੀਵਨ ਜਿਊਣ ਦਾ ਮੌਕਾ ਦਿੰਦੇ ਹੋ।

ਸਾਡੇ ਨੇਤਾ ਹੀ ਦੇਖ ਲਓ ਜੋ ਕਿ ਆਏ ਦਿਨ ਪ੍ਰਚਾਰ ਤੰਤਰ ਦੇ ਨਾਂ 'ਤੇ ਭੜਕਾਊ ਭਾਸ਼ਣ ਦਿੰਦੇ ਹਨ। ਜਿਸ ਨਾਲ ਬੀਤੀਆਂ ਸੰਪ੍ਰਦਾਇਕ ਘਟਨਾਵਾਂ ਨੂੰ ਮੁੜ-ਮੁੜ ਕੇ ਤਾਜ਼ਾ ਕੀਤਾ ਜਾਂਦਾ ਹੈ ਤੇ ਦੇਸ਼ ਵਿਚ ਅਰਾਜਕਤਾ ਦਾ ਮਾਹੌਲ ਪੈਦਾ ਕਰ ਦਿੱਤਾ ਜਾਂਦਾ ਹੈ। ਜੇਕਰ ਨੇਤਾ ਬੀਤੀਆਂ ਘਟਨਾਵਾਂ ਨੂੰ ਭੁਲਾ ਕੇ ਨਵੇਂ ਵਿਚਾਰਾਂ ਤੇ ਨਵੀਆਂ ਨੀਤੀਆਂ ਬਣਾ ਕੇ ਨਵ-ਸਿਰਜਣਾ ਕਰੇ ਤਾਂ ਹੀ ਸਾਡਾ ਸਮਾਜ ਤਰੱਕੀ ਕਰ ਸਕੇਗਾ।

ਭਾਰਤ-ਪਾਕਿ ਵਿਚ ਹੋ ਚੁੱਕੀਆਂ ਲੜਾਈਆਂ ਦੇ ਕਾਰਨ ਭਾਵੇਂ ਜੋ ਵੀ ਸੀ। ਉਹ ਉਸ ਸਮੇਂ ਦੀਆਂ ਸਥਿਤੀਆਂ ਦੀ ਪੈਦਾਵਾਰ ਸਨ ਪਰ ਜੇ ਅਜੋਕੇ ਸਮੇਂ ਦੇ ਨੇਤਾ ਉਨ੍ਹਾਂ ਹਾਦਸਿਆਂ ਨੂੰ ਆਧਾਰ ਬਣਾ ਕੇ ਸੱਤਾ ਤੇ ਰਾਜ ਕਰਦੇ ਹਨ ਤਾਂ ਇਸ ਵਿਚ ਕੋਈ ਸਿਆਣਪ ਨਹੀਂ ਰਹਿ ਜਾਂਦੀ। ਜੇਕਰ ਉਨ੍ਹਾਂ ਗੱਲਾਂ ਨੂੰ ਭੁਲਾ ਕੇ ਕੋਈ ਨੇਤਾ ਦੂਜੇ ਦੇਸ਼ ਨਾਲ ਮੁੜ ਸਾਂਝ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਸਾਨੂੰ ਉਸ ਨਾਲ ਸਹਿਮਤੀ ਪ੍ਰਗਟਾਉਣੀ ਚਾਹੀਦੀ ਹੈ ਨਾ ਕਿ ਪਿਛਲਝਾਤ ਮਾਰਨੀ ਚਾਹੀਦੀ ਹੈ। ਦੋਵੇਂ ਦੇਸ਼ਾਂ ਨੂੰ ਅਮਨ ਤੇ ਸ਼ਾਂਤੀ ਨਾਲ ਹਰ ਗੱਲ ਦਾ ਨਿਪਟਾਰਾ ਕਰਨਾ ਚਾਹੀਦਾ ਹੈ ਪਰ ਜੇ ਪਿਛਲਝਾਤ ਹੀ ਰੱਖੀ ਤਾਂ ਤੁਸੀਂ ਕਦੇ ਵੀ ਅਗਾਂਹ ਵਧੂ ਸੋਚ ਦੇ ਧਾਰਨੀ ਨਹੀਂ ਬਣ ਸਕਦੇ। ਇਸ ਬਾਰੇ ਇਕ ਕਥਾ ਸੁਣਾਉਂਦੀ ਹਾਂ, ਇਕ ਵਾਰ ਦੋ ਭਿਖਸ਼ੂ ਯਾਤਰਾ 'ਤੇ ਸਨ। ਅੱਗੇ ਇਕ ਬਰਸਾਤੀ ਨਾਲ਼ਾ ਬੜੇ ਉਫ਼ਾਨ 'ਤੇ ਸੀ। ਵਰਖਾ ਸੀ ਕਿ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਹੀ। ਦੋਹਾਂ ਭਿਖਸ਼ੂਆਂ ਨੇ ਕਿਨਾਰੇ 'ਤੇ ਖੜ੍ਹੀ, ਪੂਰੀ ਤਰ੍ਹਾਂ ਭਿੱਜੀ ਹੋਈ ਕੰਨਿਆਂ ਨੂੰ ਦੇਖਿਆ ਜੋ ਨਾਲ਼ਾ ਪਾਰ ਕਰਨ ਦੀ ਉਡੀਕ ਕਰ ਰਹੀ ਸੀ। ਉਸ ਦੇ ਇਕ ਹੱਥ ਵਿਚ ਚੌਲਾਂ ਦੀ ਪੋਟਲੀ ਫੜੀ ਸੀ। ਉਮਰ ਵਿਚ ਛੋਟੇ ਭਿਖਸ਼ੂ ਨੇ ਕਿਹਾ, 'ਆ ਮੇਰੀ ਪਿੱਠ 'ਤੇ ਬਹਿ ਜਾ। ਮੈਂ ਤੈਨੂੰ ਨਾਲ਼ਾ ਪਾਰ ਕਰਵਾ ਦਿੰਦਾ ਹਾਂ। ਕੰਨਿਆਂ ਪਹਿਲਾਂ ਤਾਂ ਝਿਜਕੀ ਪਰ ਫਿਰ ਕੁਝ ਸੋਚ ਕੇ ਭਿਖਸ਼ੂ ਦੀ ਪਿੱਠ 'ਤੇ ਬਹਿ ਗਈ। ਨਾਲ਼ਾ ਪਾਰ ਕਰਨ ਤੋਂ ਬਾਅਦ ਉਹ ਭਿਖਸ਼ੂ ਦਾ ਧੰਨਵਾਦ ਕਰ ਕੇ ਆਪਣੇ ਪਿੰਡ ਨੂੰ ਤੁਰ ਗਈ। ਦੂਜੀ ਸਵੇਰ ਵੱਡੇ ਭਿਖਸ਼ੂ ਨੇ ਪੁੱਛਿਆ, 'ਕੱਲ੍ਹ ਤੂੰ ਉਸ ਕੁੜੀ ਨੂੰ ਛੋਹਿਆ। ਤੂੰ ਸੰਨਿਆਸੀ ਹੋ ਕੇ ਅਜਿਹਾ ਕਿਉਂ ਕੀਤਾ। ਛੋਟਾ ਭਿਖਸ਼ੂ ਇਹ ਸੁਣ ਕੇ ਜ਼ੋਰ ਦੀ ਹੱਸਿਆ ਤੇ ਬੋਲਿਆ, 'ਮੈਂ ਤਾਂ ਕੱਲ੍ਹ ਜੋ ਵਾਪਰਿਆ ਸੀ, ਭੁੱਲ ਵੀ ਗਿਆ ਹਾਂ ਪਰ ਤੂੰ ਉਹ ਵਿਚਾਰੀ ਅਬਲਾ ਨੂੰ ਆਪਣੇ ਅਵਚੇਤਨ ਵਿਚ ਅਜੇ ਵੀ ਚੁੱਕਿਆ ਹੋਇਆ ਏ। ਧੰਨ ਹੋ ਤੁਸੀਂ ਭੰਤੇ! ਮੈਂ ਤਾਂ ਉਸ ਨੂੰ ਕਦੋਂ ਦਾ ਭੁੱਲ ਚੁੱਕਿਆਂ। 'ਸੋ ਕੁਝ ਇਹੋ ਹਾਲ ਸਾਡੇ ਸਮਾਜ ਦੇ ਲੋਕਾਂ ਦਾ ਵੀ ਹੈ। ਵਰਤਮਾਨ ਵਿਚ ਤਾਂ ਅਸੀਂ ਜਿਉਂ ਹੀ ਨਹੀਂ ਰਹੇ। ਪੁਰਾਣੀਆਂ ਯਾਦਾਂ ਵਿਚ ਹੀ ਪਿਸ ਰਹੇ ਹਾਂ।

ਪਰਿਵਾਰਕ ਰਿਸ਼ਤੇ, ਸਾਕ-ਸਬੰਧੀਆਂ ਤੇ ਮਿੱਤਰਾਂ ਨਾਲ ਪੈਦਾ ਹੋ ਰਹੀ ਖੱਟਾਸ ਦਾ ਕਾਰਨ ਵੀ ਇਕ ਦੂਜੇ ਤੋਂ ਹੋਈਆਂ ਗ਼ਲਤੀ ਨੂੰ ਨਾ ਭੁੱਲਣਾ ਹੀ ਹੈ। ਅੰਮ੍ਰਿਤਾ ਪ੍ਰੀਤਮ ਦਾ ਇਕ ਨਾਵਲ ਹੈ 'ਪਿੰਜਰ' ਜਿਸ ਵਿਚ ਪੂਰੋ ਨਾਂ ਦੀ ਕੁੜੀ ਨੂੰ ਰਸ਼ੀਦਾ ਨਾਂ ਦਾ ਲੜਕਾ ਉਧਾਲ ਕੇ ਲੈ ਜਾਂਦਾ ਹੈ। ਉਸ ਨੂੰ ਲੈ ਜਾਣ ਦਾ ਕਾਰਨ ਪੁਸ਼ਤਾਨੀ ਦੁਸ਼ਮਣੀ ਸੀ ਪਰ ਬਾਅਦ ਵਿਚ ਉਹ ਆਪਣੀ ਇਸ ਗ਼ਲਤੀ ਲਈ ਸਾਰੀ ਉਮਰ ਪਛਤਾਉਂਦਾ ਹੈ ਉਨ੍ਹਾਂ ਦੀ ਉਸ ਦੁਸ਼ਮਣੀ ਨੇ ਪੂਰੋ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਹੁਣ ਗੱਲ ਇਹ ਹੈ ਕਿ ਜੇ ਰਸ਼ੀਦਾ ਉਸ ਦੁਸ਼ਮਣੀ ਨੂੰ ਭੁੱਲ ਚੁੱਕਾ ਹੁੰਦਾ ਤਾਂ ਸ਼ਾਇਦ ਪੂਰੋ ਆਪਣੇ ਘਰ ਸੁਖੀ ਵਸਦੀ ਹੁੰਦੀ ਤੇ ਰਸ਼ੀਦਾ ਵੀ।

ਕੁਝ ਅਜਿਹੀਆਂ ਘਟਨਾਵਾਂ ਜੋ ਸਾਡੇ ਤਨ ਤੇ ਮਨ ਦੋਵਾਂ ਨੂੰ ਦੂਸ਼ਿਤ ਕਰਦੀਆਂ ਹਨ ਉਨ੍ਹਾਂ ਦਾ ਤਿਆਗ ਕਰਨਾ ਹੀ ਬਿਹਤਰ ਹੈ। ਜਦੋਂ ਅਸੀਂ ਕੁਝ ਗੱਲਾਂ ਨੂੰ ਨਹੀਂ ਭੁੱਲਦੇ ਫਿਰ ਉਸ ਨਾਲ ਸਾਡਾ ਤਨ ਤੇ ਮਨ ਦੋਨੋਂ ਹੀ ਕਸ਼ਟ ਵਿੱਚੋਂ ਗੁਜ਼ਰ ਰਹੇ ਹੁੰਦੇ ਹਨ ਤੇ ਇਸ ਪੀੜਾ ਤੋਂ ਮੁਕਤੀ ਲਈ ਲੋਕ ਨਸ਼ੀਲੀਆਂ ਦਵਾਈਆਂ, ਨਸ਼ਿਆਂ ਤੇ ਕਈ ਮੈਡੀਟੇਸ਼ਨ ਦਾ ਪ੍ਰਯੋਗ ਕਰਨ ਲੱਗ ਜਾਂਦੇ ਹਨ। ਲੋਕ ਆਪਣੀ ਜ਼ਿੰਦਗੀ ਨੂੰ ਭਰਮ ਵਿਚ ਗੁਜ਼ਾਰ ਰਹੇ ਹਨ। ਅਜਿਹੇ ਭਰਮ ਜੋ ਸਾਡੇ ਖ਼ੁਦ ਦੇ ਸਿਰਜੇ ਹੋਏ ਹਨ। ਅਸੀਂ ਇਨ੍ਹਾਂ ਭਰਮਾਂ ਵਿੱਚੋਂ ਬਾਹਰ ਨਹੀਂ ਆਉਂਦੇ। ਅਸੀਂ ਇਨ੍ਹਾਂ ਭਰਮਾਂ ਵਿਚ ਹੀ ਪਲ-ਪਲ ਤਿਲ-ਤਿਲ ਕਰ ਕੇ ਦਮ ਤੋੜ ਦਿੰਦੇ ਹਾਂ।

ਜ਼ਿੰਦਗੀ ਬਹੁਤ ਛੋਟੀ ਹੈ, ਸਮਾਂ ਬਹੁਤ ਤੇਜ਼ ਚਾਲ ਚੱਲ ਰਿਹਾ ਹੈ। ਜੋ ਬੀਤ ਗਿਆ ਉਹ ਵਾਪਸ ਨਹੀਂ ਆਉਣਾ। ਇਸ ਲਈ ਸਾਨੂੰ ਹਰ ਪਲ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਰਿਣਾਤਮਕ ਸੋਚਣੀ ਨੂੰ ਤਿਆਗ ਕੇ ਸਕਾਰਾਤਮਿਕਤਾ ਗ੍ਰਹਿਣ ਕਰੀਏ। ਸੁਰਜੀਤ ਪਾਤਰ ਦੀ ਇਕ ਕਵਿਤਾ ਹੈ :

ਦੂਰ ਜੇਕਰ ਅਜੇ ਸਵੇਰਾ ਹੈ,
ਇਸ 'ਚ ਕਾਫ਼ੀ ਕਸੂਰ ਮੇਰਾ ਹੈ,
ਮੈਂ ਕਿਵੇਂ ਕਾਲੀ ਰਾਤ ਨੂੰ ਕੋਸਾਂ,
ਮੇਰੇ ਦਿਲ ਵਿਚ ਹੀ ਜਦ ਹਨੇਰਾ ਹੈ...

ਦੋਸਤੋ ਆਪਣੇ ਮਨ 'ਚ ਪਏ ਨ੍ਹੇਰੇ ਨੂੰ ਦੂਰ ਕਰੀਏ ਤੇ ਇਕ ਨਵੀਂ ਸਵੇਰ ਸਿਰਜੀਏ। ਆਓ ਭੁੱਲਣ ਦੀ ਕਲਾ ਸਿੱਖੀਏ ਤੇ ਜੀਵਨ ਨੂੰ ਖ਼ੁਸ਼ੀਆਂ ਭਰੇ ਰਾਹ ਵੱਲ ਲੈ ਜਾਈਏ •



• ਜੋਤੀ



## ਕਲਮਾਂ ਦਾ ਕਾਫ਼ਲਾ

# ਸਭ ਤੋਂ ਪੁਰਾਣੀ ਅਤੇ ਸਰਗਰਮ ਪੰਜਾਬੀ ਸਾਹਿਤ ਸਭਾ ਗੁਰਦਾਸਪੁਰ

*ਜਿੱਥੇ ਦੁਨੀਆ ਅਹੁਦਿਆਂ ਦੀ ਦੌੜ ਵਿਚ ਇਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੀ ਹੈ ਉੱਥੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਅਤੇ ਪ੍ਰੀਤਮ ਸਿੰਘ ਦਰਦੀ ਨੇ ਸਭਾ ਦੇ ਹੋਰ ਮੈਂਬਰਾਂ ਨਾਲ ਸਲਾਹ ਕਰ ਕੇ 1971 ਵਿਚ ਸਹਿਮਤੀ ਨਾਲ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਭਾ ਦਾ ਪ੍ਰਧਾਨ ਚੁਣ ਲਿਆ...*



• ਤਰਸੇਮ ਸਿੰਘ ਭੰਗੂ
94656-56214

ਇਹ ਸਭਾ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਸਾਹਿਤ ਸਭਾਵਾਂ ਵਿੱਚੋਂ ਸਭ ਤੋਂ ਪੁਰਾਣੀ ਅਤੇ ਸਰਗਰਮ ਸਭਾ ਰਹੀ ਹੈ। ਇਸ ਸਭਾ ਦੀ ਸਥਾਪਨਾ ਪ੍ਰੀਤਮ ਸਿੰਘ ਦਰਦੀ ਨੇ ਉਸਤਾਦ ਬਰਕਤ ਰਾਮ ਯੁਮਨ ਦੀ ਸਰਪ੍ਰਸਤੀ ਹੇਠ 1965 ਵਿਚ ਕੀਤੀ ਸੀ। 1966 ਵਿਚ ਪੰਜਾਬੀ ਸੂਬਾ ਬਣਿਆ, ਉਸ ਵੇਲੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਸ਼ਿਮਲੇ ਪੜ੍ਹਾਉਂਦੇ ਸਨ। 1967 ਵਿਚ ਕਿਰਪਾਲ ਸਿੰਘ ਯੋਗੀ ਦੀ ਬਤੌਰ ਪ੍ਰੋਫੈਸਰ ਸਰਕਾਰੀ ਕਾਲਜ ਗੁਰਦਾਸਪੁਰ ਵਿਚ ਨਿਯੁਕਤੀ ਹੋ ਗਈ। ਉਨ੍ਹਾਂ ਨੇ ਪ੍ਰੀਤਮ ਸਿੰਘ ਦਰਦੀ ਜੀ ਨਾਲ ਮਿਲ ਕੇ ਇਸ ਸਭਾ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਤੇ ਬਕਾਇਦਾ ਮਾਸਿਕ ਇਕੱਤਰਤਾਵਾਂ ਸ਼ੁਰੂ ਹੋ ਗਈਆਂ।

1970 ਵਿਚ ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰਸੀਪਲ ਸੁਜਾਨ ਸਿੰਘ ਜੀ ਨਵੇਂ ਖੁੱਲ੍ਹੇ ਗੁਰੂ ਨਾਨਕ ਕਾਲਜ ਗੁਰਦਾਸਪੁਰ ਵਿਚ ਬਤੌਰ ਪ੍ਰਿੰਸੀਪਲ ਆ ਗਏ। ਜਿੱਥੇ ਦੁਨੀਆ ਅਹੁਦਿਆਂ ਦੀ ਦੌੜ ਵਿਚ ਇਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੀ ਹੈ ਉੱਥੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਅਤੇ ਪ੍ਰੀਤਮ ਸਿੰਘ ਦਰਦੀ ਨੇ ਸਭਾ ਦੇ ਹੋਰ ਮੈਂਬਰਾਂ ਨਾਲ ਸਲਾਹ ਕਰ ਕੇ 1971 ਵਿਚ ਸਹਿਮਤੀ ਨਾਲ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਭਾ ਦਾ ਪ੍ਰਧਾਨ ਚੁਣ ਲਿਆ। ਪ੍ਰਿੰਸੀਪਲ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੀ ਸੀ ਜੋ ਤਾਉਮਰ ਸਭਾ ਦੇ ਪ੍ਰਧਾਨ ਰਹੇ। ਉਨ੍ਹਾਂ ਦੀ ਅਗਵਾਈ ਵਿਚ ਮੈਂਬਰਾਂ ਦੀ ਗਿਣਤੀ 'ਚ ਚੋਖਾ ਵਾਧਾ ਹੋਇਆ। ਇਸ ਸਭਾ ਵਿਚ ਉਰਦੂ ਅਤੇ ਹਿੰਦੀ ਦੇ ਲੇਖਕ ਵੀ ਜੁੜੇ ਜੋ ਦੂਰੋਂ-ਦੂਰੋਂ ਪਹੁੰਚ ਕੇ ਸਭਾ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਸਨ। ਉਨ੍ਹਾਂ ਇਕ ਸੁਝਾਅ ਰਖਿਆ ਕਿ 'ਪੰਜਾਬੀ ਸਾਹਿਤ ਸਭਾ ਗੁਰਦਾਸਪੁਰ' ਦੀ ਜਗ੍ਹਾ ਸਭਾ ਦਾ ਨਾਂ 'ਸਾਹਿਤ ਸਭਾ ਗੁਰਦਾਸਪੁਰ' ਹੋਣਾ ਚਾਹੀਦਾ ਹੈ। ਕਿਉਂਕਿ ਦੂਸਰੀਆਂ ਭਾਸ਼ਾਵਾਂ ਦੇ ਲੇਖਕ ਵੀ ਜੁੜੇ ਹੋਏ ਹਨ। ਇਹ ਸੁਝਾਅ ਸਰਬਸੰਮਤੀ ਨਾਲ ਮੰਨ ਲਿਆ ਗਿਆ।

ਪ੍ਰਿੰਸੀਪਲ ਜੀ ਦੇ ਸੁਝਾਅ ਨਾਲ ਸਭਾ ਦੀ ਰਜਿਸਟ੍ਰੇਸ਼ਨ 'ਸਾਹਿਤ ਸਭਾ ਗੁਰਦਾਸਪੁਰ' ਦੇ ਨਾਂ 'ਤੇ ਕਰਵਾਈ ਗਈ ਜੋ ਉਦੋਂ ਬਹੁਤ ਜ਼ਰੂਰੀ ਸੀ। ਉਦੋਂ ਤਕ ਜ਼ਿਲ੍ਹੇ ਦੇ ਪ੍ਰਮੁੱਖ ਲੇਖਕਾਂ ਤੋਂ ਇਲਾਵਾ ਭੁਪਿੰਦਰ ਸਿੰਘ ਪੀ.ਸੀ.ਐੱਸ., ਐੱਸ. ਕੇ.ਰਾਮ ਪਾਲ (ਦੋ ਆਂਖੇਂ ਬਾਰ੍ਹਾਂ ਹਾਥ' ਫਿਲਮ ਦੀ ਕਹਾਣੀ ਦੇ ਲੇਖਕ), ਮਨਮੋਹਨ ਅਨੰਦ (ਫਿਲਮੀ ਐਕਟਰ ਦੇਵ ਆਨੰਦ ਦੇ ਭਰਾ), ਕਾਮਰੇਡ ਰਤਨ ਲਾਲ ਐਮ. ਐਲ.ਏ., ਧਿਆਨ ਸਿੰਘ ਸ਼ਾਹ ਸਿਕੰਦਰ, ਜਸਵੰਤ ਸਿੰਘ ਰਾਹੀ, ਮੇਦਨ ਸਿੰਘ ਮੇਦਨ (ਤੇਜਾ ਸਿੰਘ ਸੁਤੰਤਰ ਦੇ ਭਰਾ), ਜਨਕ ਰਾਜ ਕੰਵਲ, ਪੂਰਨ ਚੰਦ ਆਸਿਮ, ਡਾ. ਅਸ਼ੋਕ ਹਸਤੀਰ, ਵਿਸ਼ਨੂੰ ਗੁਰਦਾਸਪੁਰੀ, ਪੀ.ਸੀ. ਵਫ਼ਾ ਅਤੇ ਕਈ ਹੋਰ ਨਾਮੀ ਗ੍ਰਾਮੀ ਸਾਹਿਤਕ ਹਸਤੀਆਂ ਸਭਾ ਨਾਲ ਜੁੜ ਚੁੱਕੀਆਂ ਸਨ। ਅਹੁਦੇਦਾਰਾਂ ਵਿੱਚੋਂ ਪ੍ਰਿੰ. ਸੁਜਾਨ ਸਿੰਘ ਜੀ ਤੋਂ ਇਲਾਵਾ ਪ੍ਰੀਤਮ ਸਿੰਘ ਦਰਦੀ, ਪ੍ਰੋ. ਕਿਰਪਾਲ ਸਿੰਘ ਯੋਗੀ, ਬੀਬਾ ਬਲਵੰਤ, ਆਰ ਨੀਲਮ, ਬਲਵੰਤ ਸਿੰਘ ਸਬਜ਼ਾ, ਅਵਤਾਰ ਸਿੰਘ ਸਿੱਧੂ, ਕਮਲਜੀਤ ਕਮਲ ਅਤੇ ਕਾਮਰੇਡ ਮੁਲਖ਼ ਰਾਜ ਦੁਆਰਾ ਸਭਾ ਦੀਆਂ ਗਤੀਵਿਧੀਆਂ ਤੇਜ਼ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਗਿਆ।

### ਸਭਾ ਦੇ ਵਿਸ਼ੇਸ਼ ਸਮਾਗਮ

10 ਮਈ 1975 ਨੂੰ ਪ੍ਰਿੰਸੀਪਲ ਸੁਜਾਨ ਸਿੰਘ ਜੀ ਦੀ ਅਗਵਾਈ ਹੇਠ ਆਲ ਇੰਡੀਆ ਉਰਦੂ-ਪੰਜਾਬੀ ਮੁਸ਼ਾਇਰਾ ਲੇਡੀਜ਼ ਕਲੱਬ ਗੁਰਦਾਸਪੁਰ ਦੀ ਵਿਸ਼ਾਲ ਗਰਾਉਂਡ ਵਿਚ ਆਯੋਜਿਤ ਕੀਤਾ ਗਿਆ। ਜਿਸ ਵਿਚ ਹੋਰਨਾਂ ਤੋਂ ਇਲਾਵਾ ਉਰਦੂ ਦੇ ਨਾਮਵਰ ਸ਼ਾਇਰ ਡਾ. ਬਸ਼ੀਰ ਬਦਰ, ਸਾਹਿਰ ਹੁਸ਼ਿਆਰਪੁਰੀ ਅਤੇ ਪੰਜਾਬੀ ਦੇ ਉੱਚ ਕੋਟੀ ਦੇ ਕਵੀ ਪ੍ਰੋ. ਮੋਹਨ ਸਿੰਘ ਤੇ ਐੱਸ. ਐੱਸ. ਮੀਸ਼ਾ ਸ਼ਾਮਿਲ ਹੋਏ। ਰਜਵੰਤ ਸਿੰਘ ਕੰਗ ਡਿਪਟੀ ਕਮਿਸ਼ਨਰ ਨੇ ਪ੍ਰਧਾਨਗੀ ਕੀਤੀ ਅਤੇ ਡਿਪਟੀ ਉਦਯੋਗ ਮੰਤਰੀ ਖੁਸ਼ਹਾਲ ਬਹਿਲ ਨੇ ਉਦਘਾਟਨ ਕੀਤਾ। ਮੁਸ਼ਾਇਰੇ ਦੀ ਸਮੁੱਚੀ ਕਾਰਵਾਈ ਆਲ ਇੰਡੀਆ ਰੇਡੀਓ ਤੋਂ ਨਸ਼ਰ ਕੀਤੀ ਗਈ। 12 ਫਰਵਰੀ 1978 ਨੂੰ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਐੱਸ. ਐੱਸ. ਮੀਸ਼ਾ ਦਾ ਸਨਮਾਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪ੍ਰਿੰ. ਸੁਜਾਨ ਸਿੰਘ ਨੇ ਕੀਤੀ। 16-17 ਸਤੰਬਰ 1978 ਨੂੰ ਦੋ ਦਿਨਾ ਕਵੀ ਦਰਬਾਰ ਅਤੇ ਕਹਾਣੀ ਦਰਬਾਰ ਕਰਵਾਇਆ ਗਿਆ। ਜਿਸ ਵਿਚ ਉਰਦੂ ਦੇ ਨਾਮਵਰ ਕਹਾਣੀਕਾਰ ਐੱਸ. ਕੇ. ਰਾਮਪਾਲ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋ. ਪ੍ਰੀਤਮ ਸਿੰਘ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ।

10-11 ਨਵੰਬਰ 1979 ਨੂੰ ਬੀਬਾ ਬਲਵੰਤ ਦੇ ਉੱਦਮ ਨਾਲ ਜ਼ਿਲ੍ਹਾ ਪ੍ਰੀਸ਼ਦ ਹਾਲ ਵਿਚ ਦੋ ਦਿਨਾ ਕਹਾਣੀ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਕਿਰਪਾਲ ਕਜ਼ਾਕ, ਜਸਬੀਰ ਭੁੱਲਰ, ਜੁਗਿੰਦਰ ਕੈਰੋਂ, ਦਲਬੀਰ ਚੇਤਨ, ਪ੍ਰੇਮ ਗੋਰਖੀ, ਵਰਿਆਮ ਸੰਧੂ, ਮੁਖਤਾਰ ਗਿੱਲ ਅਤੇ ਹੋਰ ਕਈ ਕਹਾਣੀਕਾਰ ਸ਼ਾਮਲ ਹੋਏ। ਪ੍ਰਿੰ. ਸੁਜਾਨ ਸਿੰਘ ਨੇ ਪ੍ਰਧਾਨਗੀ ਕੀਤੀ ਅਤੇ ਜਸਵੰਤ ਸਿੰਘ ਵਿਰਦੀ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। 25 ਅਗਸਤ 1985 ਨੂੰ ਪ੍ਰਿੰ. ਐੱਸ. ਐੱਸ. ਅਮੋਲ ਦੀ ਪ੍ਰਧਾਨਗੀ ਹੇਠ ਸੈਣੀ ਗੈਸਟ ਹਾਊਸ ਵਿਖੇ ਪ੍ਰਿੰ. ਸੁਜਾਨ ਸਿੰਘ ਨੂੰ ਸਨਮਾਨਿਤ ਕੀਤਾ ਗਿਆ। 19-11-1995 ਨੂੰ ਇਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕਰ ਕੇ ਉਰਦੂ ਦੇ ਨਾਮਵਰ ਸ਼ਾਇਰ ਜਨਕ ਰਾਜ ਕੰਵਲ, ਹਿੰਦੀ ਸੰਸਕ੍ਰਿਤ ਦੇ ਵਿਦਵਾਨ ਡਾਕਟਰ ਸੀ. ਡੀ. ਸ਼ਾਸਤਰੀ ਅਤੇ ਪੰਜਾਬੀ ਦੇ ਉੱਘੇ ਸ਼ਾਇਰ ਪ੍ਰੀਤਮ ਸਿੰਘ ਦਰਦੀ ਨੂੰ ਪ੍ਰਿੰ. ਐੱਸ.ਕੇ. ਖੰਨਾ ਅਤੇ ਖੁਸ਼ਹਾਲ ਬਹਿਲ ਦੁਆਰਾ ਸਨਮਾਨਿਤ ਕੀਤਾ ਗਿਆ। ਸਭਾ ਦੇ ਮੈਂਬਰਾਂ ਦੀ ਗਿਣਤੀ ਵੀ ਬਹੁਤ ਹੋ ਗਈ ਸੀ।

ਪ੍ਰਿੰਸੀਪਲ ਸੁਜਾਨ ਸਿੰਘ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਵੀ ਮਿਲ ਗਿਆ। ਉਹ ਦੋਵੇਂ ਅਹੁਦਿਆਂ 'ਤੇ ਨਾਲੋ-ਨਾਲ ਕੰਮ ਕਰਦੇ ਰਹੇ। ਉਨ੍ਹਾਂ ਦੀ ਪ੍ਰਧਾਨਗੀ ਸਮੇਂ ਸਭਾ ਦੇ ਅਹੁਦੇਦਾਰਾਂ ਦੀ ਚੋਣ ਹਮੇਸ਼ਾ ਸਰਬਸੰਮਤੀ ਨਾਲ ਹੀ ਹੁੰਦੀ ਰਹੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਕ ਮੈਂਬਰ ਨੇ ਸਭਾ ਵਿਚ ਖ਼ਾਸ ਅਹੁਦੇ ਦੀ ਮੰਗ ਰੱਖ ਦਿੱਤੀ, ਜੋ ਕਾਫ਼ੀ ਜੂਨੀਅਰ ਸੀ। ਉਸ ਮੈਂਬਰ ਦੀ ਮੰਗ ਨਾਲ ਸਭਾ ਦੇ ਬਾਕੀ ਮੈਂਬਰਾਂ ਦੀ ਸਹਿਮਤੀ ਨਾ ਬਣੀ। ਸੋ ਉਸ ਮੈਂਬਰ ਨੇ ਸਭਾ ਦੇ ਤਿੰਨ ਹੋਰ ਮੈਂਬਰ ਆਪਣੇ ਨਾਲ ਗੰਢ ਕੇ ਵੱਖਰੀ ਸਭਾ ਬਣਾ ਲਈ ਜਿਸ ਨਾਲ 'ਸਾਹਿਤ ਸਭਾ ਗੁਰਦਾਸਪੁਰ'(ਰਜਿ) ਲਿਖਣਾ ਸ਼ੁਰੂ ਕਰ ਦਿੱਤਾ ਕਿਉਂਕਿ ਸਭਾ ਦਾ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਉਕਤ ਮੈਂਬਰ ਨਾਲ ਗਏ ਇਕ ਮੈਂਬਰ ਦੇ ਕਬਜ਼ੇ ਵਿਚ ਸੀ।

ਕੁਝ ਸਮਾਂ ਕੇਂਦਰੀ ਪੰਜਾਬੀ ਲੇਖਕ ਸਭਾ ਕੋਲ ਹਰ ਸਾਲ ਮੈਂਬਰ ਸੂਚੀ 'ਸਾਹਿਤ ਸਭਾ ਗੁਰਦਾਸਪੁਰ ਰਜਿ' 1 ਅਤੇ 2 ਦੇ ਨਾਵਾਂ ਹੇਠ ਛਪਦੀ ਰਹੀ। ਉਸ ਵੇਲੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਐੱਸ. ਤਰਸੇਮ ਸਨ। ਜਦੋਂ ਉਨ੍ਹਾਂ ਪੁੱਛਿਆ ਕਿ ਤੁਸੀਂ ਇਕ ਨਾਂ ਦੋ ਸਭਾਵਾਂ ਲਈ ਕਿਉਂ ਵਰਤ ਰਹੇ ਹੋ? ਤਾਂ ਉਸ ਵੇਲੇ ਸਭਾ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਯੋਗੀ ਦਾ ਜੁਆਬ ਸੀ ਕਿ 'ਦਰਅਸਲ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਸਾਡੇ ਕੋਲ ਨਹੀਂ ਹੈ।' ਉਨ੍ਹਾਂ ਕਿਹਾ,' ਛੱਡੋ ਪਰਾਂ, ਤੁਸੀਂ ਆਪਣੀ ਸਭਾ ਦਾ ਨਾਂ ਬਦਲ ਲਓ'। ਉਸ ਵੇਲੇ ਫਿਰ ਸਭਾ ਦਾ ਨਾਂ 'ਪੰਜਾਬੀ ਸਾਹਿਤ ਸਭਾ ਗੁਰਦਾਸਪੁਰ' ਰੱਖ ਕੇ ਪੂਰੇ ਵਰਵੇ ਸਹਿਤ ਅਖ਼ਬਾਰਾਂ 'ਚ ਖ਼ਬਰ ਦਿੱਤੀ ਕਿ ਸਭਾ ਦਾ ਨਾਂ ਇਸ ਲਈ ਬਦਲਿਆ ਹੈ ਕਿ ਰਜਿਸਟ੍ਰੇਸ਼ਨ ਵੱਖ ਹੋ ਕੇ ਬਣੀ ਸਭਾ ਕੋਲ ਹੈ। ਅਗਲੇ ਦਿਨ ਉਕਤ ਸਭਾ ਦੇ ਮੁਖੀ ਪ੍ਰੋ. ਕਿਰਪਾਲ ਸਿੰਘ ਯੋਗੀ ਦੇ ਘਰ ਆ ਕੇ ਕਾਫ਼ੀ ਖ਼ਫਾ ਹੋਏ ਕਿ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਮੇਰੇ ਕੋਲ ਨਹੀਂ ਹੈ, ਤੁਸੀਂ ਇਹ ਖ਼ਬਰ ਕਿਉਂ ਲਵਾਈ ਹੈ? ਤਾਂ ਯੋਗੀ ਜੀ ਨੇ ਬੜੇ ਠਰ੍ਹੰਮੇ ਨਾਲ ਕਿਹਾ ਕਿ ਜੇ ਤੁਹਾਡੇ ਕੋਲ ਨਹੀਂ ਹੈ ਤਾਂ ਫਿਰ ਤੁਸੀਂ ਰਜਿਸਟਰਡ ਕਿਉਂ ਲਿਖਦੇ ਹੋ? ਜੋ ਕਾਨੂੰਨਨ ਵੀ ਤੇ ਨੈਤਿਕ ਆਧਾਰ 'ਤੇ ਵੀ ਗ਼ਲਤ ਹੈ। ਇਸ ਦਾ ਜੁਆਬ ਦਿੱਤੇ ਬਗ਼ੈਰ ਉਹ ਸ਼ਖ਼ਸ ਚੁੱਪ ਕਰ ਕੇ ਚਲੇ ਗਏ। ਉਸ ਤੋਂ ਬਾਅਦ ਹੁਣ ਤਕ 'ਪੰਜਾਬੀ ਸਾਹਿਤ ਸਭਾ ਗੁਰਦਾਸਪੁਰ' ਦੇ ਨਾਂ ਹੇਠ ਇਹ ਸਭਾ ਸਰਗਰਮ ਹੈ। ਉਸ ਤੋਂ ਬਆਦ ਹੋਰ ਵੀ ਕਈ ਸਭਾਵਾਂ ਹੋਂਦ ਵਿਚ ਆ ਗਈਆਂ। ਹੁਣ ਵੀ ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਦੀਆਂ ਅਹੁਦੇਦਾਰੀਆਂ ਸਰਬਸੰਮਤੀ ਨਾਲ ਹੀ ਹੁੰਦੀਆਂ ਹਨ। ਸਮੇਂ-ਸਮੇਂ ਸਿਰ ਹੋਰ ਪ੍ਰੋਗਰਾਮਾਂ ਤੋਂ ਇਲਾਵਾ ਸਭਾ 2010 ਤੋਂ ਲੈ ਕੇ ਹੁਣ ਤਕ ਸੁਭਾਸ਼ ਦੀਵਾਨਾ ਦੀਆਂ ਸੱਤ ਕਾਵਿ ਪੁਸਤਕਾਂ ਅਤੇ ਤਰਸੇਮ ਸਿੰਘ 'ਭੰਗੂ' ਦੇ ਤਿੰਨ ਕਹਾਣੀ ਸੰਗ੍ਰਹਿ ਲੋਕ ਅਰਪਣ ਕਰ ਚੁੱਕੀ ਹੈ।

ਇਸ ਵਕਤ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਨਿਸ਼ਾਨ ਸਿੰਘ ਢਿੱਲੋਂ, ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ, ਜਨਰਲ ਸਕੱਤਰ ਸੁਭਾਸ਼ ਦੀਵਾਨਾ, ਸਹਿ ਸਕੱਤਰ ਤਰਸੇਮ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਕਾਮਰੇਡ ਮੁਲਖ਼ ਰਾਜ, ਉਰਦੂ ਦੇ ਨਾਮਵਰ ਸ਼ਾਇਰ ਜਨਕ ਰਾਜ ਕੰਵਲ, ਮੀਤ ਪ੍ਰਧਾਨ ਡਾ. ਅਸ਼ੋਕ ਹਸਤੀਰ, ਪ੍ਰੈੱਸ ਸਕੱਤਰ ਅਸ਼ਵਨੀ ਕੁਮਾਰ ਹਨ। ਬਾਲ ਕਹਾਣੀਕਾਰ ਰਾਜਨ ਤਰੇੜੀਆ, ਨਾਵਲਕਾਰ ਨਿਰਮਲ ਨਿੰਮਾ ਲੰਗਾਹ, ਕਾਮਰੇਡ ਅਵਤਾਰ ਸਿੰਘ, ਕਾਮਰੇਡ ਦਲਜੀਤ ਸਿੰਘ, ਰਜਨੀਸ਼ ਵਿਸ਼ਿਸ਼ਟ, ਅਜਮੇਰ ਪਾਹੜਾ, ਕੇ. ਪੀ. ਸਿੰਘ, ਕੁਲਦੀਪ ਰਿਆੜ, ਰਜਿੰਦਰ ਸਿੰਘ ਤੱਗੜ, ਸੁਨੀਲ ਕੁਮਾਰ, ਜਨਕ ਰਾਜ ਮਹਾਜਨ, ਐੱਨ. ਕੇ. ਸੋਈ, ਜਗਦੀਸ਼ ਕਲਾਨੌਰ ਆਦਿ ਮੈਂਬਰ ਹਨ। ਹਰ ਮਹੀਨੇ ਬਕਾਇਦਾ ਮੀਟਿੰਗ ਕੀਤੀ ਜਾਂਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਸਾਹਿਤ ਅਕਾਦਮੀ ਦੇ ਸਮਾਗਮਾਂ ਅਤੇ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਮਾਗਮਾਂ 'ਚ ਸਭਾ ਅਪਣਾ ਯੋਗਦਾਨ ਵਧ ਚੜ੍ਹ ਕੇ ਪਾਉਂਦੀ ਹੈ। •



ਅਸ਼ੋਕ ਹਸਤੀਰ



ਕਿਰਪਾਲ ਸਿੰਘ ਯੋਗੀ



ਮੁਲਖ ਰਾਜ



ਨਿਰਮਲ ਸਿੰਘ ਲੰਗਾਹ



ਸੁਭਾਸ਼ ਦੀਵਾਨਾ

ਕੌਮੀ ਪੱਤ੍ਰਿਕਾ

## ਸੰਪਾਦਕੀ

### ਇੰਡਿਗੋ ਦੀ ਘਟਨਾ ਤਾਂ ਅਜਾਰੇਦਾਰੀ ਦਾ ਇੱਕ ਛੋਟਾ ਜਿਹਾ ਝਲਕਾਰਾ

ਇੰਡਿਗੋ ਦੀ ਘਟਨਾ ਤਾਂ ਅਜਾਰੇਦਾਰੀ ਦਾ ਇੱਕ ਛੋਟਾ ਜਿਹਾ ਝਲਕਾਰਾ ਹੈ। ਊਰਜਾ, ਪਾਵਰ, ਟੈਲੀਕਾਮ ਅਤੇ ਹੋਰ ਕਈ ਅਹਿਮ ਖੇਤਰਾਂ ਵਿੱਚ ਮੁਕਾਬਲੇਬਾਜ਼ੀ ਖ਼ਤਮ ਕਰਕੇ ਅਜਾਰੇਦਾਰੀ ਕਾਇਮ ਕਰਨ ਦਾ ਪਹੀਆ ਤੇਜ਼ ਰਫ਼ਤਾਰ ਨਾਲ ਘੁੰਮ ਰਿਹਾ ਹੈ। ਆਉਂਦੇ ਦਿਨਾਂ 'ਚ ਇਸ ਦੇ ਨਤੀਜਿਆਂ ਦੇ ਹੋਰ ਝਲਕਾਰੇ ਦੇਖਣ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਖ਼ੈਰ, ਦੇਸ਼ ਵਾਸੀਆਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਹਵਾਈ ਚੱਪਲ ਵਾਲੇ ਆਮ ਨਾਗਰਿਕ ਵੀ ਹਵਾਈ ਜਹਾਜ਼ 'ਚ ਸਫ਼ਰ ਕਰ ਸਕਣਗੇ। ਹਵਾਈ ਚੱਪਲਾਂ ਵਾਲੇ ਤਾਂ ਜਹਾਜ਼ ਨਹੀਂ ਚੜ੍ਹ ਸਕੇ ਪਰ ਬ੍ਰਾਂਡਿਡ ਜੁੱਤੇ ਅਤੇ ਸੈਂਡਲ ਪਾਉਣ ਵਾਲਿਆਂ ਨੂੰ ਇੰਡਿਗੋ ਨੇ ਹਵਾਈ ਅੱਡਿਆਂ 'ਤੇ ਹਵਾਈ ਚੱਪਲਾਂ ਜ਼ਰੂਰ ਪੁਆ ਦਿੱਤੀਆਂ। ਇਸ ਹਫ਼ਤੇ ਮੁਲਕ ਦੇ ਵੱਖ ਵੱਖ ਸ਼ਹਿਰਾਂ ਦੇ ਹਵਾਈ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨਾਲ ਜੋ ਬੀਤੀ, ਉਹ ਕਿਸੇ ਤੋਂ ਗੁੱਝੀ ਨਹੀਂ। ਪਿਛਲੇ ਕੁਝ ਸਾਲਾਂ ਦੌਰਾਨ ਦੇਸ਼ ਵਿੱਚ ਹਵਾਈ ਸਫ਼ਰ ਕਰਨ ਵਾਲੇ ਯਾਤਰੀਆਂ ਦੀ ਗਿਣਤੀ ਬਹੁਤ ਵਧੀ ਹੈ। ਬਹੁਤੇ ਯਾਤਰੀ ਆਪਣਾ ਸਮਾਂ ਬਚਾਉਣ ਲਈ ਰੇਲ ਜਾਂ ਸੜਕ ਰਸਤੇ ਜਾਣ ਦੀ ਥਾਂ ਹਵਾਈ ਸਫ਼ਰ ਨੂੰ ਤਰਜੀਹ ਦਿੰਦੇ ਹਨ। ਪਰ ਪਿਛਲੇ ਦਿਨਾਂ 'ਚ ਇੰਡਿਗੋ ਏਅਰਲਾਈਨਜ਼ ਦੇ ਜਹਾਜ਼ਾਂ ਦੀਆਂ ਘਰੇਲੂ ਉਡਾਣਾਂ ਰੱਦ ਹੋਣ ਅਤੇ ਦੇਰੀ ਕਾਰਨ ਯਾਤਰੀ ਹਵਾਈ ਅੱਡਿਆਂ 'ਤੇ ਕੁਝ ਘੰਟੇ ਨਹੀਂ ਸਗੋਂ ਰਾਤਾਂ ਕੱਟਣ ਲਈ ਮਜਬੂਰ ਹੋ ਗਏ। ਹਵਾਈ ਅੱਡਿਆਂ 'ਤੇ ਫਸੇ ਇਨ੍ਹਾਂ ਯਾਤਰੀਆਂ ਵਿੱਚ ਡਾਕਟਰ ਵੀ ਸਨ ਤੇ ਮਰੀਜ਼ ਵੀ, ਪੜ੍ਹਾਉਣ ਵਾਲੇ ਵੀ ਤੇ ਪੜ੍ਹਨ ਵਾਲੇ ਵੀ, ਵਪਾਰੀ ਵੀ ਤੇ ਖਰੀਦਦਾਰ ਵੀ, ਉਹ ਵੀ ਸਨ ਜਿਨ੍ਹਾਂ ਕਿਸੇ ਜ਼ਰੂਰੀ ਸਮਾਗਮ 'ਤੇ ਜਾਣਾ ਸੀ ਅਤੇ ਉਹ ਵੀ ਸਨ ਜਿਨ੍ਹਾਂ ਦੇ ਵਿਆਹ ਦੀ ਰਿਸੈਪਸ਼ਨ ਸੀ। ਇਨ੍ਹਾਂ ਵਿੱਚ ਦੇਸੀ ਵੀ ਸਨ ਅਤੇ ਵਿਦੇਸ਼ੀ ਵੀ, ਬਜ਼ੁਰਗ ਵੀ ਸਨ ਅਤੇ ਜਵਾਨ ਵੀ, ਔਰਤਾਂ ਵੀ ਸਨ ਅਤੇ ਬੱਚੇ ਵੀ। ਰੱਦ ਹੋਣ ਵਾਲੀਆਂ ਇਨ੍ਹਾਂ ਉਡਾਣਾਂ ਦੀ ਗਿਣਤੀ ਦਰਜਨਾਂ ਜਾਂ ਸੈਂਕੜਿਆਂ ਵਿੱਚ ਨਹੀਂ ਸਗੋਂ ਹਜ਼ਾਰਾਂ ਵਿੱਚ ਸੀ। ਇਸ ਸ਼ੁੱਕਰਵਾਰ ਭਾਵ 5 ਦਸੰਬਰ ਨੂੰ ਵੀ ਇੰਡਿਗੋ ਨੇ ਸਾਢੇ ਪੰਜ ਸੌ ਉਡਾਣਾਂ ਰੱਦ ਕਰ ਦਿੱਤੀਆਂ। ਰੱਦ ਕੀਤੀਆਂ ਗਈਆਂ ਉਡਾਣਾਂ ਵਿੱਚ ਦਿੱਲੀ ਤੋਂ ਚੱਲਣ ਵਾਲੀਆਂ ਸਾਰੀਆਂ ਉਡਾਣਾਂ ਸ਼ਾਮਲ ਸਨ। ਆਖ਼ਰ ਅਜਿਹੀ ਸਥਿਤੀ ਕਿਉਂ ਬਣੀ ਕਿ ਆਪਣੀ ਮੰਜ਼ਿਲ 'ਤੇ ਉੱਡ ਕੇ ਪਹੁੰਚਣ ਦੀ ਖ਼ਾਹਿਸ਼ ਰੱਖਣ ਵਾਲੇ ਯਾਤਰੀ ਹਵਾਈ ਅੱਡਿਆਂ ਦੀਆਂ ਇਮਾਰਤਾਂ 'ਚ ਕੈਦੀ ਬਣ ਕੇ ਰਹਿ ਗਏ, ਜਿੱਥੇ ਉਨ੍ਹਾਂ ਲਈ ਖਾਣੇ ਅਤੇ ਪੀਣ ਵਾਲੇ ਪਾਣੀ ਦਾ ਵੀ ਢੁਕਵਾਂ ਪ੍ਰਬੰਧ ਨਹੀਂ ਸੀ। ਜਦੋਂ ਉਡਾਣਾਂ ਰੱਦ ਹੋਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਮੁੱਢ 'ਚ ਹੀ ਸਥਿਤੀ ਨਾਲ ਨਿਪਟਣ ਲਈ ਢੁਕਵੇਂ ਕਦਮ ਨਹੀਂ ਚੁੱਕੇ ਗਏ। ਜਿਉਂ ਜਿਉਂ ਘੜੀ ਦੀਆਂ ਸੂਈਆਂ ਅੱਗੇ ਵਧਦੀਆਂ ਗਈਆਂ ਤਾਂ ਰੱਦ ਉਡਾਣਾਂ ਦੀ ਗਿਣਤੀ ਵੀ ਵਧਦੀ ਗਈ। ਔਖੀਆਂ ਪ੍ਰਸਥਿਤੀਆਂ 'ਚ ਮਾਨਸਿਕ ਤਣਾਅ ਕਾਰਨ ਮੁਸਾਫ਼ਰਾਂ ਦਾ ਰੋਹ ਵਧਣ ਲੱਗਿਆ ਤੇ ਉਹ ਏਅਰਲਾਈਨਜ਼ ਦੇ ਅਮਲੇ ਨਾਲ ਖਹਿਬੜਨ ਲੱਗੇ ਅਤੇ ਕੁਝ ਵੀ ਹੱਥ ਪੱਲੇ ਨਾ ਪੈਣ ਮਗਰੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਨ ਲੱਗੇ। ਇਸ ਸਮੁੱਚੀ ਸਥਿਤੀ ਨੂੰ ਕਾਬੂ ਤੋਂ ਬਾਹਰ ਜਾਂਦਿਆਂ ਦੇਖ ਕੇ ਅਖ਼ੀਰ ਡਾਇਰੈਕਟਰ ਜਨਰਲ ਸਿਵਿਲ ਏਵੀਏਸ਼ਨ (ਡੀ ਜੀ ਸੀ ਏ) ਨੇ ਸ਼ੁੱਕਰਵਾਰ ਨੂੰ ਹੀ ਪਾਇਲਟਾਂ ਦੀਆਂ ਡਿਊਟੀਆਂ ਸਬੰਧੀ ਜਾਰੀ ਨਵੇਂ ਨੇਮਾਂ ਨੂੰ ਫ਼ੌਰੀ ਅਮਲ 'ਚ ਲਿਆਉਣ 'ਤੇ ਰੋਕ ਲਾ ਦਿੱਤੀ। ਇਸ ਘਟਨਾਕ੍ਰਮ ਦੇ ਮੱਦੇਨਜ਼ਰ ਇਨ੍ਹਾਂ ਸਾਰੇ ਨੇਮਾਂ ਦੀ ਪਾਲਣਾ ਕਰਵਾਉਣ ਤੋਂ ਪਿੱਛੇ ਮੁੜਦਿਆਂ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਡਾਣ ਸੁਰੱਖਿਆ ਅਤੇ ਪਾਇਲਟ ਜਹਾਜ਼ ਉਡਾਉਣ ਵੇਲੇ ਥੱਕੇ ਹੋਏ ਨਾ ਹੋਣ, ਇਹ ਯਕੀਨੀ ਬਣਾਉਣ ਲਈ ਲਏ ਗਏ ਫ਼ੈਸਲੇ ਨੂੰ ਅਮਲੀ ਰੂਪ ਦੇਣ 'ਤੇ ਫਿਲਹਾਲ ਰੋਕ ਲਾਉਣ ਦਾ ਮਕਸਦ ਸਿਰਫ਼ ਏਨਾ ਹੈ ਕਿ ਮੁਸਾਫ਼ਰਾਂ ਖ਼ਾਸਕਰ ਬਜ਼ੁਰਗਾਂ, ਵਿਦਿਆਰਥੀਆਂ, ਮਰੀਜ਼ਾਂ ਜਿਨ੍ਹਾਂ ਨੂੰ ਆਪਣੀਆਂ ਜ਼ਰੂਰੀ ਲੋੜਾਂ ਲਈ ਸਮੇਂ ਸਿਰ ਸਫ਼ਰ ਕਰਨ ਦੀ ਲੋੜ ਹੈ, ਨੂੰ ਕੋਈ ਦਿੱਕਤ ਨਾ ਆਵੇ। ਡੀ ਜੀ ਸੀ ਏ ਵੱਲੋਂ ਇਹ ਸਾਰੇ ਨੇਮ ਲਾਗੂ ਕਰਨ ਲਈ ਆਪਣੇ ਵੇਲੇ ਕੀ ਸਬੰਧਿਤ ਧਿਰਾਂ ਨਾਲ ਵਿਚਾਰ-ਵਟਾਂਦਰਾ ਨਹੀਂ ਸੀ ਕੀਤਾ ਗਿਆ? ਇਸ ਸਾਰੇ ਅਮਲ ਨੂੰ ਜੁਲਾਈ ਤੋਂ ਨਵੰਬਰ ਤੱਕ ਸਿਰੇ ਚੜ੍ਹਾਇਆ ਜਾਣਾ ਸੀ। ਇਹ ਸਾਰੀਆਂ ਘਰੇਲੂ ਉਡਾਣਾਂ ਰੱਦ ਕਰਨ ਵਾਲੀ ਹਵਾਈ ਕੰਪਨੀ ਕੋਲ ਦੇਸ਼ ਦੇ ਹਵਾਈ ਖੇਤਰ ਵਿੱਚ 65 ਫ਼ੀਸਦੀ ਦੇ ਲਗਭਗ ਹਿੱਸੇਦਾਰੀ ਹੈ। ਉਸ ਨੇ ਡੀ ਜੀ ਸੀ ਏ ਵੱਲੋਂ ਜਾਰੀ ਫਲਾਈਟ ਡਿਊਟੀ ਟਾਈਮ ਲਿਮਿਟੇਸ਼ਨ (ਐੱਫ ਡੀ ਟੀ ਐੱਲ) ਨੂੰ ਲਾਗੂ ਕਰਨ ਤੋਂ ਹੁਣ ਹੱਥ ਖੜ੍ਹੇ ਕਰ ਦਿੱਤੇ ਅਤੇ ਸਟਾਫ਼ ਦੀ ਘਾਟ ਦੀ ਦਲੀਲ ਦਿੰਦਿਆਂ ਆਪਣੀਆਂ ਉਡਾਣਾਂ ਰੱਦ ਕਰ ਦਿੱਤੀਆਂ। ਜਿਸ ਕੰਪਨੀ ਕੋਲ ਦੇਸ਼ ਦੇ ਘਰੇਲੂ ਹਵਾਈ ਖੇਤਰ ਦੀ ਅੱਧੇ ਤੋਂ ਵੀ ਵੱਧ ਦੀ ਜ਼ਿੰਮੇਵਾਰੀ ਹੋਵੇ, ਜਦੋਂ ਉਹ ਆਪਣੀਆਂ ਉਡਾਣਾਂ ਰੱਦ ਕਰੇਗੀ ਤਾਂ ਘਰੇਲੂ ਹਵਾਈ ਸੇਵਾ ਇੱਕ ਤਰ੍ਹਾਂ ਨਾਲ ਠੱਪ ਹੋਣ ਵਰਗੇ ਹਾਲਾਤ ਪੈਦਾ ਹੋ ਜਾਣਗੇ ਤੇ ਸਰਕਾਰ ਲਈ ਕਸੂਤੀ ਸਥਿਤੀ ਪੈਦਾ ਹੋ ਜਾਵੇਗੀ। ਕੰਪਨੀ ਇਸ ਗੱਲ ਤੋਂ ਭਲੀਭਾਂਤ ਜਾਣੂ ਸੀ।

ਡੀ ਜੀ ਸੀ ਏ ਵੱਲੋਂ ਜਾਰੀ ਨੇਮਾਂ ਅਨੁਸਾਰ ਪਾਇਲਟਾਂ ਲਈ ਇੱਕ ਹਫ਼ਤੇ ਵਿੱਚ 48 ਘੰਟੇ ਦਾ ਆਰਾਮ ਜ਼ਰੂਰੀ ਸੀ। ਇਸ ਤੋਂ ਪਹਿਲਾਂ ਪਾਇਲਟ ਇੱਕ ਹਫ਼ਤੇ 'ਚ 6 ਲੈਂਡਿੰਗਜ਼ ਕਰ ਸਕਦੇ ਸਨ ਅਤੇ ਨਵੇਂ ਨਿਯਮਾਂ ਤਹਿਤ ਸਿਰਫ਼ ਦੋ ਲੈਂਡਿੰਗਜ਼ ਦੀ ਆਗਿਆ ਹੈ, ਲਗਾਤਾਰ ਨਾਈਟ ਸ਼ਿਫ਼ਟ 'ਤੇ ਰੋਕ ਹੈ ਅਤੇ ਲਗਾਤਾਰ ਦੋ ਰਾਤਾਂ ਤੋਂ ਵੱਧ ਨਾਈਟ ਡਿਊਟੀ ਵੀ ਨਹੀਂ ਲਗਾਈ ਜਾ ਸਕਦੀ ਹੈ। ਇਹ ਸਾਰੇ ਨਿਯਮ ਸਹਿਜ ਢੰਗ ਨਾਲ ਲਾਗੂ ਕਰਨ ਲਈ ਭਾਈਵਾਲਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਸੀ ਤਾਂ ਕਿ ਵਿਹਾਰਕ ਢੰਗ ਨਾਲ ਇਸ ਨੂੰ ਲਾਗੂ ਕਰਨ ਲਈ ਕਿੰਨਾ ਸਮਾਂ ਲੱਗਣਾ ਅਤੇ ਕੀ ਕੀ ਕਦਮ ਚੁੱਕੇ ਜਾਣ ਦੀ ਲੋੜ ਹੈ, ਇਸ ਸਭ ਬਾਰੇ ਪਹਿਲਾਂ ਹੀ ਪਤਾ ਲਗਾ ਕੇ ਉਸੇ ਹਿਸਾਬ ਨਾਲ ਪੇਸ਼ਬੰਦੀਆਂ ਕਰ ਲਈਆਂ ਜਾਂਦੀਆਂ ਤਾਂ ਸ਼ਾਇਦ 'ਚ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਉਂਦੀ। ਮਹਿਜ਼ ਨੇਮ ਤੈਅ ਕਰਨ ਅਤੇ ਨਿਰਦੇਸ਼ ਦੇਣ ਨਾਲ ਕੀ ਕੋਈ ਗੱਲ ਬਣੀ? ਨਹੀਂ... ਬਿਲਕੁਲ ਨਹੀਂ। ਇਸ ਨੂੰ ਲਾਗੂ ਕਰਨ ਲਈ ਨਿਗਰਾਨੀ ਦਾ ਅਮਲ ਵੀ ਜ਼ਰੂਰੀ ਸੀ ਤਾਂ ਜੋ ਇਹ ਦੇਖਿਆ ਜਾਂਦਾ ਕਿ ਇਸ ਦਿਸ਼ਾ 'ਚ ਪੱਕੇ ਪੈਰੀਂ ਕਿਵੇਂ ਅੱਗੇ ਵਧਿਆ ਜਾ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਮੁੱਚੇ ਅਮਲ ਨੂੰ ਨੇਪਰੇ ਚਾੜ੍ਹਨ ਲਈ ਘੱਟ-ਘੱਟ 25 ਫ਼ੀਸਦੀ ਹੋਰ ਪਾਇਲਟਾਂ ਅਤੇ ਸਬੰਧਿਤ ਅਮਲੇ ਦੀ ਭਰਤੀ ਜ਼ਰੂਰੀ ਸੀ। ਨਿੱਜੀ ਖੇਤਰ ਦੀ ਹਰ ਕੰਪਨੀ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਘੱਟ ਤੋਂ ਘੱਟ ਮੁਲਾਜ਼ਮਾਂ ਨਾਲ ਆਪਣਾ ਕੰਮ ਚਲਾਉਣਾ ਚਾਹੁੰਦੀ ਹੈ। ਇੰਡਿਗੋ ਦਾ ਰਵੱਈਆ ਵੀ ਕੋਈ ਵੱਖਰਾ ਨਹੀਂ। ਇਹ ਵੀ ਦੇਖਣਾ ਬਣਦਾ ਸੀ ਕਿ ਇਨ੍ਹਾਂ ਨਵੀਆਂ ਪ੍ਰਸਥਿਤੀਆਂ ਲਈ ਕੀ ਕੰਪਨੀ ਕੋਲ ਹੋਰ ਪਾਇਲਟ ਹਨ? ਦੇਸ਼ ਵਿਚਲੇ ਵੱਖ ਵੱਖ ਫਲਾਇੰਗ ਕਲੱਬ ਤੁਹਾਨੂੰ ਛੋਟੇ ਜਹਾਜ਼ ਉਡਾਉਣ ਦਾ ਲਾਇਸੈਂਸ ਤਾਂ ਦੇ ਦਿੰਦੇ ਹਨ ਪਰ ਬੋਇੰਗ ਜਾਂ ਏਅਰਬੱਸ ਚਲਾਉਣ ਲਈ ਤੁਹਾਨੂੰ ਹੋਰ ਛੇ ਮਹੀਨੇ ਦੀ ਟਰੇਨਿੰਗ ਲੈਣੀ ਪੈਂਦੀ ਹੈ। ਪਹਿਲੇ ਸਮਿਆਂ ਵਿੱਚ ਏਅਰਲਾਈਨ ਤੁਹਾਡੇ ਲਈ ਖ਼ੁਦ ਇਸ ਟਰੇਨਿੰਗ ਦਾ ਪ੍ਰਬੰਧ ਕਰਦੀ ਸੀ ਪਰ ਹੁਣ ਏਅਰਲਾਈਨਜ਼ ਅਜਿਹਾ ਨਹੀਂ ਕਰਦੀਆਂ ਕਿਉਂਕਿ ਇਸ ਸਿਖਲਾਈ 'ਤੇ ਕੋਈ 20 ਲੱਖ ਦਾ ਖਰਚਾ ਆਉਂਦਾ ਹੈ। ਉਹ ਤੁਹਾਨੂੰ ਨੌਕਰੀ ਤਾਂ ਦੇ ਦਿੰਦੇ ਹਨ ਤੇ ਟਰੇਨਿੰਗ ਦਾ ਪ੍ਰਬੰਧ ਵੀ ਕਰ ਦਿੰਦੇ ਹਨ ਪਰ ਟਰੇਨਿੰਗ ਦੀ ਵਿੱਤੀ ਜ਼ਿੰਮੇਵਾਰੀ ਨੌਕਰੀ ਲੈਣ ਵਾਲੇ ਪਾਇਲਟ ਦੀ ਹੁੰਦੀ ਹੈ। ਇਸ ਦਾ ਭਾਵ ਹੈ ਕਿ ਜੇ 25 ਫ਼ੀਸਦੀ ਪਾਇਲਟ ਨਵੇਂ ਚਾਹੀਦੇ ਹਨ ਤਾਂ ਇਸ ਨਵੀਂ ਭਰਤੀ ਦਾ ਅਮਲ ਪੂਰਾ ਹੋਣ ਵਿੱਚ ਸਮਾਂ ਤਾਂ ਲੱਗੇਗਾ ਹੀ। ਉਧਰ ਏਅਰਲਾਈਨ, ਜਿਸ ਕੋਲ ਘਰੇਲੂ ਹਵਾਈ ਖੇਤਰ 'ਚ 65 ਫ਼ੀਸਦੀ ਅਜਾਰੇਦਾਰੀ ਹੈ, ਨੂੰ ਪਤਾ ਹੈ ਕਿ ਜੇਕਰ ਉਸ ਦੀਆਂ ਉਡਾਣਾਂ ਰੱਦ ਹੋਣਗੀਆਂ ਤਾਂ ਦੇਸ਼ ਭਰ ਵਿੱਚ ਹਵਾਈ ਸੇਵਾ ਠੱਪ ਹੋਣ ਵਰਗੇ ਹਾਲਾਤ ਪੈਦਾ ਹੋ ਜਾਣਗੇ ਅਤੇ ਮੌਜੂਦਾ ਸਥਿਤੀ ਵਿੱਚ ਏਦਾਂ ਹੀ ਹੋਇਆ। ਜਦੋਂ ਏਦਾਂ ਪੂੰਜੀਪਤੀ ਕਿਸੇ ਵੀ ਖੇਤਰ 'ਚ ਅਜਾਰਦੇਾਰੀ ਕਾਇਮ ਕਰ ਲੈਂਦੇ ਹਨ ਤਾਂ ਫਿਰ ਉਹ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਹਨ ਅਤੇ ਸਮੁੱਚਾ ਤੰਤਰ ਚਾਹ ਕੇ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ ਅਤੇ ਅਮਲੀ ਰੂਪ ਵਿੱਚ ਇਸ ਦਾ ਸਾਰਾ ਭੁਗਤਾਨ ਆਮ ਲੋਕਾਂ ਨੂੰ ਕਰਨਾ ਪੈਂਦਾ ਹੈ। ਮੌਜੂਦਾ ਸਥਿਤੀ ਵਿੱਚ ਵੀ ਕੰਪਨੀ ਵਿਰੁੱਧ ਸਖ਼ਤ ਕਦਮ ਚੁੱਕਣ ਦੀ ਬਜਾਏ ਸਰਕਾਰ ਨੇ ਆਪਣੇ ਨੇਮਾਂ (ਜੋ ਹਵਾਈ ਖੇਤਰ ਦੀ ਸੁਰੱਖਿਆ ਵਧਾਉਣ ਤੇ ਯਕੀਨੀ ਬਣਾਉਣ ਲਈ ਬਣਾਏ ਗਏ ਸਨ) 'ਤੇ ਹੀ ਫਿਲਹਾਲ ਰੋਕ ਲਾਈ ਹੈ ਕਿਉਂਕਿ ਲੋਕ ਰੋਹ ਤੋਂ ਬਚਣ ਲਈ ਸਰਕਾਰ ਲਈ ਪਹਿਲੀ ਤਰਜੀਹ ਤੇ ਸੁਖਾਲਾ ਢੰਗ ਉਡਾਣਾਂ ਚਾਲੂ ਕਰਵਾਉਣਾ ਅਤੇ ਦੇਸ਼ ਦੇ ਵੱਖ ਵੱਖ ਘਰੇਲੂ ਹਵਾਈ ਅੱਡਿਆਂ 'ਤੇ ਇਕੱਠੇ ਹੋਏ ਵੱਡੀ ਗਿਣਤੀ ਮੁਸਾਫ਼ਰਾਂ ਨੂੰ ਉੱਥੋਂ ਕੱਢ ਕੇ ਉਨ੍ਹਾਂ ਦੇ ਟਿਕਾਣਿਆਂ ਤੱਕ ਪਹੁੰਚਾਉਣਾ ਸੀ। ਅਜੇ ਤਾਂ ਪੂੰਜੀਵਾਦ ਤੇ ਸੱਤਾ ਦੇ ਗੱਠਜੋੜ ਤੋਂ ਪੈਦਾ ਅਜਾਰੇਦਾਰੀ ਦੀ ਇੱਕ ਝਲਕ ਮਾਤਰ ਹੀ ਸਾਡੇ ਸਾਹਮਣੇ ਆਈ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਚੀਨ ਵਰਗੇ ਮੁਲਕ ਨੇ ਵੀ ਘਰੇਲੂ ਹਵਾਈ ਖੇਤਰ ਵਿੱਚ ਕਿਸੇ ਕਿਸਮ ਦੀ ਅਜਾਰੇਦਾਰੀ ਨਹੀਂ ਹੋਣ ਦਿੱਤੀ।

## ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਦਿੱਤੀ ਟ੍ਰੇਨਿੰਗ



**ਹੁਸ਼ਿਆਰਪੁਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਦਿਸਾ-ਨਿਰਦੇਸ਼ਾਂ ਅਨੁਸਾਰ ਸੀ.ਜੀ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਦੋ ਸੈਸ਼ਨਾਂ ਦੌਰਾਨ ਟ੍ਰੇਨਿੰਗ ਦਿੱਤੀ ਗਈ। ਇਸ ਦੌਰਾਨ ਪਹਿਲੇ ਸੈਸ਼ਨ ਵਿਚ ਓਰੀਐਨਟੇਸ਼ਨ ਪ੍ਰੋਗਰਾਮ ਬਾਰੇ ਅਤੇ ਦੂਸਰੇ ਸੈਸ਼ਨ ਵਿਚ ਬੇਸਿਕ ਟ੍ਰੇਨਿੰਗ ਦਿੱਤੀ ਗਈ।

ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਅਥਾਰਟੀ ਵੱਲੋਂ ਚਲਾਈਆਂ ਗਈਆ ਵੱਖ- ਵੱਖ ਸਕੀਮਾਂ ਬਾਰੇ ਅਤੇ ਮਿਤੀ 13 ਦਸੰਬਰ, 2025 ਨੂੰ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਪੈਡਿੰਗ ਅਤੇ ਪ੍ਰੀ-ਲਿਟੀਗੇਟਿਵ ਕੇਸ ਸੁਣੇ ਜਾਦੇ ਹਨ, ਇਨ੍ਹਾਂ ਕੇਸਾ ਦਾ ਨਿਪਟਾਰਾ ਦੋਵੇ ਧਿਰਾ ਦੇ ਸਮਝੋਤੇ ਰਾਹੀ ਕੀਤਾ ਜਾਂਦਾ ਹੈ ਅਤੇ ਇਸ ਲੋਕ ਅਦਾਲਤ ਵਿਚ ਹੋਏ ਫ਼ੈਸਲੇ ਦੀ ਕੋਈ ਵੀ ਅਪੀਲ ਨਹੀ ਹੁੰਦੀ। ਇਸ ਨਾਲ ਸਮੇ ਅਤੇ ਧਨ ਦੀ ਬੱਚਤ ਹੁੰਦੀ ਹੈ।

ਉਪਰੋਕਤ ਤੋਂ ਇਲਾਵਾ ਟ੍ਰੇਨਿੰਗ ਦੌਰਾਨ ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਪੈਨਲ ਐਡਵੋਕੇਟ ਰੇਨੂੰ ਅਤੇ ਰੁਪਿਕਾ ਠਾਕੁਰ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ, ਹੁਸ਼ਿਆਰਪੁਰ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਸੇਵਾਵਾਂ ਅਤੇ ਨਾਲਸਾ ਸਕੀਮਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ।

## ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ ਜ਼ਿਲ੍ਹਾ ਤਰਨ ਤਾਰਨ ਵਿਖੇ ਪਹੁੰਚੇ

**ਤਰਨ ਤਾਰਨ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਆਮ ਚੋਣਾਂ-2025 ਲਈ ਸ੍ਰੀ ਗੁਰਪ੍ਰੀਤ ਸਿੰਘ, ਆਈ.ਪੀ.ਐਸ. ਨੂੰ ਜ਼ਿਲ੍ਹਾ ਤਰਨ ਤਾਰਨ ਲਈ ਪੁਲਿਸ ਅਬਜ਼ਰਵਰ ਨਿਯੁਕਤ ਕੀਤਾ ਗਿਆ। ਸੀਨੀਅਰ ਆਈ.ਪੀ.ਐਸ. ਅਧਿਕਾਰੀ ਸ੍ਰੀ ਗੁਰਪ੍ਰੀਤ ਸਿੰਘ ਅੱਜ ਜ਼ਿਲ੍ਹਾ ਤਰਨ ਤਾਰਨ ਵਿਖੇ ਪਹੁੰਚ ਗਏ ਹਨ ਅਤੇ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਸਮੁੱਚੀ ਚੋਣ ਪ੍ਰੀਕ੍ਰਿਆ ਪੂਰੀ ਤਰ੍ਹਾਂ ਅਮਨ-ਸ਼ਾਂਤੀ, ਨਿਰਪੱਖ ਅਤੇ ਅਜ਼ਾਦਾਨਾਂ ਮਹੌਲ ਵਿੱਚ ਨੇਪਰੇ ਚੜ੍ਹ ਸਕੇ।



ਪੁਲਿਸ ਅਬਜ਼ਰਵਰ ਸ੍ਰੀ ਗੁਰਪ੍ਰੀਤ ਸਿੰਘ ਨੇ ਅੱਜ ਤਰਨ ਤਾਰਨ ਵਿਖੇ ਪਹੁੰਚ ਕੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਸਬੰਧੀ ਪੁਲਿਸ ਵਿਭਾਗ ਵੱਲੋਂ ਕੀਤੇ ਸੁਰੱਖਿਆ ਪ੍ਰਬੰਧਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਪੁਲਿਸ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਪੁਲਿਸ ਅਬਜ਼ਰਵਰ ਸ੍ਰੀ ਗੁਰਪ੍ਰੀਤ ਸਿੰਘ ਪੇਂਡੂ ਵਿਕਾਸ ਭਵਨ ਦੇ ਰੈਸਟ ਹਾਊਸ ਵਿਖੇ ਰੁਕਣਗੇ ਅਤੇ ਇੱਥੇ ਹੀ ਉਨ੍ਹਾਂ ਨਾਲ ਚੋਣਾਂ ਸਬੰਧੀ ਕਿਸੇ ਤਰ੍ਹਾਂ ਸ਼ਿਕਾਇਤ ਬਾਰੇ ਮੁਲਾਕਾਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸ੍ਰੀ ਗੁਰਪ੍ਰੀਤ ਸਿੰਘ ਨਾਲ ਮੋਬਾਇਲ ਨੰਬਰ 99881-36351 ਉੱਪਰ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਪੁਲਿਸ ਅਬਜ਼ਰਵਰ ਸ੍ਰੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਮਾਣਯੋਗ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਪੂਰੀ ਤਰ੍ਹਾਂ ਅਮਨ-ਸ਼ਾਂਤੀ, ਨਿਰਪੱਖ ਅਤੇ ਅਜ਼ਾਦਾਨਾਂ ਮਹੌਲ ਵਿੱਚ ਨੇਪਰੇ ਚਾੜੀਆਂ ਜਾਣਗੀਆਂ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬਿਨ੍ਹਾਂ ਕਿਸੇ ਡਰ-ਭੈਅ, ਲਾਲਚ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ।

## ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 30 ਤੇ ਬਲਾਕ ਸੰਮਤੀਆਂ ਲਈ 124 ਨਾਮਜ਼ਦਗੀਆਂ ਵਾਪਸ ਹੋਈਆਂ

**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪ ?ਟਿਆਲਾ ਅੰਦਰ 14 ਦਸੰਬਰ ਨੂੰ ਕਰਵਾਈਆਂ ਜਾਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਦੇ 23 ਤੇ 10 ਬਲਾਕ ਸੰਮਤੀਆਂ ਦੇ 184 ਜੋਨਾਂ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਵਾਪਸ ਲੈਣ ਦੇ ਅੱਜ ਆਖਰੀ ਦਿਨ ਕੁਲ 154 ਨਾਮਜ਼ਦਗੀਆਂ ਵਾਪਸ ਹੋਈਆਂ ਹਨ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 30 ਨਾਮਜ਼ਦਗੀਆਂ ਵਾਪਸ ਲਏ ਜਾਣ ਨਾਲ ਹੁਣ 113 ਉਮੀਦਵਾਰ ਚੋਣ ਮੈਦਾਨ ਵਿੱਚ ਰਹਿ ਗਏ ਹਨ।ਬਲਾਕ ਸੰਮਤੀ ਚੋਣਾਂ ਲਈ ਕੁਲ 124 ਨਾਮਜ਼ਦਗੀਆਂ ਵਾਪਸ ਲਈਆਂ ਗਈਆਂ ਹਨ ਅਤੇ ਹੁਣ ਕੁਲ 621 ਉਮੀਦਵਾਰ ਚੋਣ ਮੈਦਾਨ ਵਿੱਚ ਬਾਕੀ ਰਹਿ ਗਏ ਹਨ।ਉਨ੍ਹਾਂ ਕਿਹਾ ਕਿ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ।

ਏ.ਡੀ.ਸੀ. ਨੇ ਦੱਸਿਆ ਕਿ ਬਲਾਕ ਸੰਮਤੀ ਭੁੱਨਰਹੇੜੀ ਲਈ ਅੱਜ 3 ਨਾਮਜ਼ਦਗੀਆਂ ਵਾਪਸ ਹੋਈਆਂ ਹਨ ਤੇ ਇੱਥੇ ਕੁਲ 33 ਉਮੀਦਵਾਰ ਮੈਦਾਨ ਵਿੱਚ ਹਨ।ਨਾਭਾ ਬਲਾਕ ਸੰਮਤੀ ਵਿਖੇ 27 ਨਾਮਜ਼ਦਗੀਆਂ ਵਾਪਸ ਹੋਈਆਂ ਹਨ ਅਤੇ ਕੁਲ 83 ਉਮੀਦਵਾਰ ਹੁਣ ਚੋਣ ਮੈਦਾਨ ਵਿੱਚ ਹਨ। ਜਦਕਿ ਘਨੌਰ ਬਲਾਕ ਸੰਮਤੀ ਲਈ ਅੱਜ 18 ਨਾਮਜ਼ਦਗੀਆਂ ਵਾਪਸ ਹੋਈਆਂ ਹਨ ਅਤੇ ਕੁਲ 59 ਉਮੀਦਵਾਰ ਬਾਕੀ ਹਨ, ਪਟਿਆਲਾ ਦਿਹਾਤੀ ਬਲਾਕ ਸੰਮਤੀ ਲਈ ਅੱਜ 13 ਨਾਮਜ਼ਦਗੀਆਂ ਵਾਪਸ ਲੈਣ ਨਾਲ ਕੁਲ 72 ਉਮੀਦਵਾਰ ਚੋਣ ਮੈਦਾਨ ਵਿੱਚ ਬਾਕੀ ਹਨ। ਇਸੇ ਤਰ੍ਹਾਂ ਹੀ ਪਟਿਆਲਾ ਬਲਾਕ ਸੰਮਤੀ ਲਈ ਅੱਜ 7 ਨਾਮਜ਼ਦਗੀਆਂ ਵਾਪਸ ਹੋਣ ਨਾਲ ਹੁਣ 53 ਉਮੀਦਵਾਰ ਚੋਣ ਮੈਦਾਨ ਵਿਚ ਹਨ।

ਇਸ ਤੋਂ ਇਲਾਵਾ ਰਾਜਪੁਰਾ ਬਲਾਕ ਸੰਮਤੀ ਲਈ ਅੱਜ 16 ਨਾਮਜ਼ਦਗੀਆਂ ਵਾਪਸ ਹੋਈਆਂ ਹਨ ਤੇ ਕੁਲ 58 ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਸਮਾਣਾ ਲਈ ਅੱਜ ਕੁਲ 16 ਨਾਮਜ਼ਦਗੀਆਂ ਵਾਪਸ ਹੋਣ ਨਾਲ ਹੁਣ 52 ਉਮੀਦਵਾਰ ਚੋਣ ਲੜਨਗੇ।ਜਦੋਂ ਕਿ ਪਾਤੜਾਂ ਬਲਾਕ ਸੰਮਤੀ ਲਈ ਅੱਜ ਕੁਲ 13 ਨਾਮਜ਼ਦਗੀ ਪੱਤਰ ਵਾਪਸ ਹੋਏ ਹਨ ਤੇ 100 ਉਮੀਦਵਾਰ ਮੈਦਾਨ ਵਿੱਚ ਬਾਕੀ ਰਹੇ ਹਨ।

ਇਸੇ ਤਰ੍ਹਾਂ ਹੀ ਸਨੌਰ ਬਲਾਕ ਸੰਮਤੀ ਲਈ ਅੱਜ 4 ਨਾਮਜ਼ਦਗੀਆਂ ਵਾਪਸ ਹੋਈਆ ਹਨ ਤੇ ਕੁਲ 49 ਬਾਕੀ ਉਮੀਦਵਾਰ ਮੈਦਾਨ ਵਿੱਚ ਹਨ। ਜਦੋਂਕਿ ਸ਼ੰਭੂ ਕਲਾਂ ਬਲਾਕ ਸੰਮਤੀ ਲਈ ਅੱਜ 7 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਵਾਪਸ ਲਏ ਹਨ ਤੇ ਇੱਥੇ ਕੁਲ 62 ਉਮੀਦਵਾਰ ਚੋਣ ਮੈਦਾਨ ਵਿੱਚ ਹਨ।

## ਪ੍ਰਸ਼ਾਸਕ ਨੇ ਚੰਡੀਗੜ੍ਹ ਦੇ ਪ੍ਰਮੁੱਖ ਵਿਕਾਸ ਅਤੇ ਰਿਹਾਇਸ਼ੀ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ



**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸ਼ਹਿਰ ਦੇ ਕਈ ਪ੍ਰਮੁੱਖ ਪ੍ਰੋਜੈਕਟ ਸਾਇਟਾਂ ਦਾ ਇੱਕ ਵਿਸਤ੍ਰਿਤ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪ੍ਰਮੁੱਖ ਰਿਹਾਇਸ਼ੀ ਪ੍ਰੋਜੈਕਟਾਂ, ਪ੍ਰਗਤੀ 'ਤੇ ਚਲ ਰਹੇ ਵਿਕਾਸ ਪ੍ਰੋਜੈਕਟਾਂ, ਥੋਕ ਸਮੱਗਰੀ ਸਾਇਟ ਅਤੇ ਸਮੂਹ ਰਿਹਾਇਸ਼ੀ ਸਾਇਟਾਂ ਦਾ ਨਿਰੀਖਣ ਕਰਕੇ ਚੰਡੀਗੜ੍ਹ ਦੇ ਨਾਗਰਿਕ ਬੁਨਿਆਦੀ ਢਾਂਚੇ, ਸ਼ਹਿਰੀ ਯੋਜਨਾਬੰਦੀ ਪਹਿਲਾਂ ਅਤੇ ਸਮਾਜਿਕ ਵਾਤਾਵਰਣ ਦੀ ਸੰਪੂਰਨ ਸਮੀਖਿਆ ਕੀਤੀ।

ਆਪਣੇ ਇਸ ਦੌਰੇ ਦੇ ਦੌਰਾਨ, ਰਾਜਪਾਲ ਨੇ ਆਈਟੀ ਪਾਰਕ, ? ?ਮਨੀਮਾਜਰਾ (ਪਾਕੇਟ ਨੰਬਰ 6) ਵਿਖੇ ਆਈਟੀ ਹੈਬੀਟੈਟ ਪ੍ਰੋਜੈਕਟ ਸਥਲ, ਇੰਡਸਟ੍ਰੀਅਲ ਏਰੀਆ ਫੇਜ਼-1 ਵਿੱਚ ਸੰਜੈ ਕਲੋਨੀ, ਸੈਕਟਰ 43 ਵਿੱਚ ਸਰਕਾਰੀ ਰਿਹਾਇਸ਼ੀ ਸਾਇਟ, ਸੈਕਟਰ 43 ਵਿੱਚ ਸਬ-ਸਿਟੀ ਸੈਂਟਰ, ਸੈਕਟਰ 53 ਵਿੱਚ ਚੰਡੀਗੜ੍ਹ ਹਾਊਸਿੰਗ ਬੋਰਡ ਪ੍ਰੋਜੈਕਟ ਸਾਇਟ, ਸੈਕਟਰ 54 ਵਿੱਚ ਹਾਲ ਹੀ ਵਿੱਚ ਖਾਲੀ ਕਰਵਾਈ ਗਈ ਫਰਨੀਚਰ ਮਾਰਕਿਟ ਦੀ ਭੂਮੀ ਅਤੇ ਸੈਕਟਰ 54 ਦੀ ਆਦਰਸ਼ ਕਲੋਨੀ ਦਾ ਨਿਰੀਖਣ ਕੀਤਾ।

ਸਮੀਖਿਆ ਦਾ ਮੁੱਖ ਉਦੇਸ਼ ਖਾਲੀ ਅਤੇ ਨਿਰਧਾਰਿਤ ਪਲਾਟਾਂ ਦਾ ਟਿਕਾਊ ਸ਼ਹਿਰੀ ਆਵਾਸ ਅਤੇ ਲੋਕ ਭਲਾਈ ਪ੍ਰੋਜੈਕਟਾਂ ਲਈ ਪ੍ਰਭਾਵੀ ਉਪਯੋਗ ਸੁਨਿਸ਼ਚਿਤ ਕਰਨਾ ਸੀ। ਰਾਜਪਾਲ ਨੇ ਵਿਸ਼ੇਸ਼ ਤੌਰ 'ਤੇ ਸੈਕਟਰ 43 ਦੇ ਸਬ-ਸਿਟੀ ਸੈਂਟਰ ਵਿੱਚ 70 ਏਕੜ ਦੇ ਮਿਸ਼ਰਿਤ-ਭੂ-ਉਪਯੋਗ ਵਿਕਾਸ ਖੇਤਰ ਅਤੇ ਸੈਕਟਰ 54 ਦੀ ਫਰਨੀਚਰ ਮਾਰਕਿਟ ਤੋਂ ਪ੍ਰਾਪਤ ਭੂਮੀ ਦੇ ਲਈ ਉਚਿਤ ਜ਼ੋਨਿੰਗ, ਯੋਜਨਾਬੱਧ ਉਪਯੋਗ ਅਤੇ ਭਵਿੱਖ-ਮੁਖੀ ਵਿਕਾਸ ਦੀ ਜ਼ਰੂਰਤ 'ਤੇ ਬਲ ਦਿੱਤਾ।

ਸਰਕਾਰੀ ਕਰਮਚਾਰੀਆਂ ਲਈ ਕਿਰਾਏ ਦੀ ਰਿਹਾਇਸ਼ ਲਈ ਸੈਕਟਰ 43 ਵਿੱਚ ਸਰਕਾਰੀ ਰਿਹਾਇਸ਼ ਪ੍ਰੋਜੈਕਟ ਦੀ ਸਮੀਖਿਆ ਕਰਦੇ ਹੋਏ, ਰਾਜਪਾਲ ਨੇ ਅਧਿਕਾਰੀਆਂ ਨੂੰ ਜ਼ਰੂਰੀ ਸੇਵਾ ਸੁਵਿਧਾਵਾਂ - ਧੋਬੀ ਸੁਵਿਧਾਵਾਂ, ਕਰਿਆਨੇ ਦੀਆਂ ਦੁਕਾਨਾਂ ਅਤੇ ਹੋਰ ਬੁਨਿਆਦੀ ਵਪਾਰਕ ਸਥਾਨਾਂ - ਨੂੰ ਸ਼ਾਮਲ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਭਵਿੱਖ ਦੇ ਰਿਹਾਇਸ਼ੀ ਪ੍ਰੋਜੈਕਟਾਂ ਵਿੱਚ ਸਰਕਾਰੀ ਕਰਮਚਾਰੀਆਂ ਲਈ ਸਮਰਪਿਤ ਇਨ-ਹਾਊਸ ਅਲਾਟਮੈਂਟ ਵਿਵਸਥਾ ਸ਼ਾਮਲ ਹੋਣੀ ਚਾਹੀਦੀ ਹੈ, ਤਾਕਿ ਰਿਹਾਇਸ਼ੀ ਕਿਰਾਏ ਦੇ ਭੱਤਿਆਂ 'ਤੇ ਨਿਰਭਰਤਾ ਘੱਟ ਹੋਵੇ ਅਤੇ ਪ੍ਰਸ਼ਾਸਨਿਕ ਕਾਰਜ-ਕੁਸ਼ਲਤਾ ਵਧੇ।

ਨਿਰੀਖਣ ਦੇ ਦੌਰਾਨ ਰਾਜਪਾਲ ਨੇ ਸੈਕਟਰ 56 ਵਿੱਚ ਬਲਕ ਮਟੀਰੀਅਲ ਮਾਰਕਿਟ ਸਾਇਟ ਦਾ ਵੀ ਦੌਰਾ ਕੀਤਾ, ਜੋ ਖੇਤਰ ਦੇ ਨਿਰਮਾਣ ਅਤੇ ਖਰੀਦ ਈਕੋਸਿਸਟਮ ਲਈ ਮਹੱਤਵਪੂਰਨ 55 ਏਕੜ ਦਾ ਵਪਾਰਕ ਕੇਂਦਰ ਹੈ। ਉਨ੍ਹਾਂ ਨੇ ਸੰਚਾਲਨ ਚੁਣੌਤੀਆਂ ਨੂੰ ਸਮਝਣ ਲਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਪਾਰਦਰਸ਼ਤਾ, ਸੁਵਿਵਸਥਿਤ ਕਾਰਜ ਪ੍ਰਣਾਲੀ ਅਤੇ ਚੰਗੀ ਤਰ੍ਹਾਂ ਨਿਯੰਤ੍ਰਿਤ ਬਜ਼ਾਰ ਵਿਵਸਥਾ ਦੇ ਪਾਲਨ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਸੁਝਾਅ ਦਿੱਤਾ ਕਿ ਇਸ ਪ੍ਰਸਤਾਵਿਤ ਜਗ੍ਹਾ 'ਤੇ ਧਨਾਸ ਦੇ ਮਾਰਬਲ ਡੀਲਰਾਂ ਅਤੇ ਫਰਨੀਚਰ ਮਾਰਕਿਟ ਦੇ ਦੁਕਾਨ ਮਾਲਕਾਂ ਨੂੰ ਸਮਾਯੋਜਨ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਨੇ ਵਪਾਰੀ ਲਾਗਤਾਂ ਨੂੰ ਘਟਾਉਣ ਅਤੇ ਜਗ੍ਹਾ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਲਈ ਵਿਅਕਤੀਗਤ ਪਲਾਟਾਂ 'ਤੇ ਤਿੰਨ ਮੰਜ਼ਿਲਾ ਇਮਾਰਤਾਂ ਬਣਾਉਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ।

ਰਾਜਪਾਲ ਨੇ ਬੇਅੰਤ ਸਿੰਘ ਮੈਮੋਰੀਅਲ, ਸੈਕਟਰ-42 ਦਾ ਵੀ ਨਿਰੀਖਣ ਕੀਤਾ ਅਤੇ ਉੱਥੇ ਪਹਿਲਾਂ ਤੋਂ ਬਣੀਆਂ ਇਮਾਰਤਾਂ ਦੇ ਬਿਹਤਰ ਉਪਯੋਗ ਅਤੇ ਜਨਤਕ ਪਹੁੰਚ ਵਧਾਉਣ ਲਈ ਪ੍ਰਸਤਾਵ ਮੰਗੇ।

ਸੈਕਟਰ 53 ਅਤੇ 54 ਵਿੱਚ ਚੰਡੀਗੜ੍ਹ ਹਾਊਸਿੰਗ ਬੋਰਡ ਪ੍ਰੋਜੈਕਟ ਸਾਇਟਾਂ 'ਤੇ, ਰਾਜਪਾਲ ਨੇ ਚੰਡੀਗੜ੍ਹ ਹਾਊਸਿੰਗ ਬੋਰਡ ਅਧਿਕਾਰੀਆਂ ਨੂੰ ਵਿਕਾਸ ਤੇਜ਼ ਕਰਨ ਅਤੇ ਭੂਮੀ ਦਾ ਕੁਸ਼ਲ ਉਪਯੋਗ ਸੁਨਿਸ਼ਚਿਤ ਕਰਨ ਲਈ ਸਮੂਹ ਹਾਊਸਿੰਗ ਲਈ ਸਾਇਟਾਂ ਦੀ ਨਿਲਾਮੀ ਦੀ ਸੰਭਾਵਨਾ 'ਤੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ।ਰਾਜਪਾਲ ਦੇ ਨਾਲ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ, ਮੁੱਖ ਸਕੱਤਰ ਯੂਟੀ ਚੰਡੀਗੜ੍ਹ; ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਰਾਜਪਾਲ ਪੰਜਾਬ ਦੇ ਪ੍ਰਿੰਸੀਪਲ ਸਕੱਤਰ; ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਡਿਪਟੀ ਕਮਿਸ਼ਨਰ ਚੰਡੀਗੜ੍ਹ; ਸ਼੍ਰੀ ਪ੍ਰਦੀਪ ਕੁਮਾਰ, ਸੀਈਓ ਚੰਡੀਗੜ੍ਹ ਹਾਊਸਿੰਗ ਬੋਰਡ; ਸ਼੍ਰੀ ਰਾਜੀਵ ਮਹਿਤਾ, ਮੁੱਖ ਆਰਕੀਟੈਕਟ; ਸ਼੍ਰੀ ਸੀ.ਬੀ. ਓਝਾ, ਮੁੱਖ ਇੰਜੀਨੀਅਰ; ਅਤੇ ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ ਹਾਊਸਿੰਗ ਬੋਰਡ ਅਤੇ ਨਗਰ ਨਿਗਮ ਦੇ ਹੋਰ ਸੀਨੀਅਰ ਅਧਿਕਾਰੀ ਉਪਸਥਿਤ ਸਨ।

## ਗੁਟਕਾ, ਪਾਨ ਮਸਾਲਾ ਤੇ ਨਸ਼ੀਲੇ ਫਲੇਵਰ ਵੇਚਣ 'ਤੇ ਪੂਰਨ ਪਾਬੰਦੀ

**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ ਪੀਣ ਵਾਲੀਆਂ ਹੋਰ ਚੀਜਾਂ ਜਿਹਨਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਖਾਣ ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਹਨਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਹੁੱਕਾ ਬਾਰ ਹੋਟਲ/ ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਪਰੋਸਣ ਅਤੇ ਅਜਿਹੇ ਹੁੱਕਾ ਬਾਰ ਚਲਾਉਣ ' ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਇਹ ਹੁਕਮ 05-12-2026 ਤੱਕ ਲਾਗੂ ਰਹਿਣਗੇ।

## ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ : ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਹੈ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਤਿੰਨ ਅਨਿਨ ਸ਼ਹੀਦਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਨੇਂ ਸ਼ਹੀਦੀ ਸ਼ਤਾਬਦੀ ਦੇ ਸੰਪੂਰਨਤਾ ਮੌਕੇ ਵਿਸ਼ਾਲ ਸਮਾਗਮ ਕਰਵਾਏ ਜਾਣਗੇ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਹਰ ਵਰਗ ਦੀ ਸ਼ਮੂਲੀਅਤ ਕਰਵਾਕੇ ਇਨ੍ਹਾਂ ਸਮਾਗਮਾਂ ਨੂੰ ਯਾਦਗਾਰੀ ਬਣਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ 13 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ । ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਅੰਮ੍ਰਿਤ ਸੰਚਾਰ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ! ਉਨ੍ਹਾਂ ਕਿਹਾ ਕਿ ਇਸ ਲਈ ਉਹ ਜਲਦੀ ਹੀ ਗੁਰੂ ਘਰਾਂ ਦੇ ਹੈਡ ਗ੍ਰੰਥੀਆਂ ਅਤੇ ਸੰਬੰਧ ਸੰਸਥਾਵਾਂ ਨਾਲ ਮੀਟਿੰਗਾਂ ਕਰਨਗੇ। ਉਨ੍ਹਾਂ ਆਸ ਪ੍ਰਗਟਾਈ ਕਿ ਬੀਬੀਆਂ ਇਨ੍ਹਾਂ ਵਿਸ਼ਾਲ ਸਮਾਗਮ ਵਿੱਚ ਵਡਮੁੱਲਾ ਯੋਗਦਾਨ ਪਾਉਣ ਗਈਆਂ।

## ਕੌਮਾਂਤਰੀ ਸਰਹੱਦ ਤੇ 6 ਕਿਲੋ ਤੋਂ ਵੱਧ ਹੈਰੋਇਨ, ਪਿਸਤੌਲ ਬਰਾਮਦ

**ਅੰਮ੍ਰਿਤਸਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਡਰ ਸਿਕਿਓਰਿਟੀ ਫੋਰਸ ਨੇ ਪੰਜਾਬ ਵਿੱਚ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਦੋ ਵੱਖ-ਵੱਖ ਤਲਾਸ਼ੀ ਮੁਹਿੰਮਾਂ ਦੌਰਾਨ 6 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਅਤੇ ਇੱਕ ਪਿਸਤੌਲ ਬਰਾਮਦ ਕੀਤਾ ਹੈ। ਇੱਕ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਬੀ ਐੱਸ ਐੱਫ ਦੇ ਜਵਾਨਾਂ ਨੇ ਸ਼ਨਿਚਰਵਾਰ ਰਾਤ ਨੂੰ ਇੱਕ ਡਰੋਨ ਦੇਖਣ ਤੋਂ ਬਾਅਦ ਇੱਕ ਵਿਆਪਕ ਤਲਾਸ਼ੀ ਮੁਹਿੰਮ ਚਲਾਈ ਅਤੇ ਦਾਓਕੇ ਪਿੰਡ ਨੇੜੇ ਇੱਕ ਖੇਤ ਪੈਕੇਟ ਬਰਾਮਦ ਕੀਤੇ।ਅਧਿਕਾਰੀ ਨੇ ਦੱਸਿਆ ਕਿ ਫਿਰੋਜ਼ਪੁਰ ਦੇ ਸਰਹੱਦੀ ਇਲਾਕੇ ਵਿੱਚ ਚਲਾਈ ਗਈ ਇੱਕ ਹੋਰ ਕਾਰਵਾਈ ਵਿੱਚ ਬੀ ਐੱਸ ਐੱਫ ਦੇ ਜਵਾਨਾਂ ਨੇ ਗੰਡੂ ਕਿਲਚਾ ਪਿੰਡ ਨੇੜੇ ਇੱਕ ਖੇਤੀਬਾੜੀ ਜ਼ਮੀਨ ਵਿੱਚੋਂ ਚਾਰ ਰਾਉਂਡਾਂ ਸਮੇਤ ਇੱਕ ਪਿਸਤੌਲ ਬਰਾਮਦ ਕੀਤਾ।

## ਜੇਲ੍ਹ ਦੇ ਆਲੇ ਦੁਆਲੇ 500 ਮੀਟਰ ਏਰੀਏ ਨੂੰ ਨੋ ਡਰੋਨ ਜ਼ੋਨ ਏਰੀਆ ਘੋਸ਼ਿਤ

**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜਿਲ੍ਹੇ ਵਿੱਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਏਰੀਏ ਨੂੰ ਨੋ ਡਰੋਨ ਜ਼ੋਨ ਏਰੀਆ ਘੋਸ਼ਿਤ ਕੀਤਾ ਹੈ।

ਓਹਨਾ ਕਿਹਾ ਕਿ ਡਰੋਨ ਜਨਤਕ ਡੋਮੇਨ ਵਿਚ ਤੇਜੀ ਨਾਲ ਅਤੇ ਅਸਾਨੀ ਨਾਲ ਪਹੁੰਚਣ ਯੋਗ ਬਣ ਗਏ ਹਨ, ਜੋ ਸੰਭਾਵੀ ਸੁਰੱਖਿਆ ਉਲੰਘਣਾਵਾਂ ਬਾਰੇ ਚਿੰਤਾ ਪੈਦਾ ਕਰਦੇ ਹਨ ਅਤੇ ਜੇਲ੍ਹਾਂ ਦੇ ਨੇੜੇ ਅਜਿਹੀਆਂ ਅਣ ਅਧਿਕਾਰਿਤ ਡਰੋਨ ਉਡਾਣਾਂ ਇਕ ਗੰਭੀਰ ਖਤਰਾ ਪੈਦਾ ਕਰਦੀਆਂ ਹਨ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਦਸਿਆ ਕਿ ਜੇਲ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਏਰੀਏ ਨੂੰ ਨੋ ਡਰੋਨ ਏਰੀਆ ਘੋਸ਼ਿਤ ਕੀਤਾ ਗਿਆ ਹੈ।

ਇਹ ਹੁਕਮ 3 ਫਰਵਰੀ 2026 ਤਕ ਲਾਗੂ ਰਹੇਗਾ।

## ਐੱਨਡੀਪੀਐੱਸ ਐਕਟ ਅਧੀਨ ਕਾਬੂ ਵਿਅਕਤੀ ਦੀ ਪੁਲਿਸ ਹਿਰਾਸਤ 'ਚ ਮੌਤ

**ਅੰਮ੍ਰਿਤਸਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲੀਸ ਥਾਣੇ ਵਿੱਚ ਅੱਜ ਐੱਨਡੀਪੀਐੱਸ ਐਕਟ ਅਧੀਨ ਬੰਦ ਕੀਤੇ ਇੱਕ ਵਿਅਕਤੀ ਦੀ ਭੇਦ ਭਰੇ ਹਾਲਾਤਾਂ ਵਿੱਚ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਕਿਲ੍ਹਾ ਜੀਵਨ ਸਿੰਘ ਵੱਜੋਂ ਹੋਈ। ਇਸ ਮੌਤ ਦੇ ਰੋਸ ਵਜੋਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਥਾਣੇ ਦੇ ਸਾਹਮਣੇ ਧਰਨਾ ਦਿੰਦਿਆਂ ਅੰਮ੍ਰਿਤਸਰ-ਜਲੰਧਰ ਜੀਟੀ ਰੋਡ ਜਾਮ ਕਰ ਦਿੱਤਾ ਅਤੇ ਪੁਲੀਸ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਇਨਸਾਫ ਦੀ ਮੰਗ ਕੀਤੀ।



ਇਸ ਸਬੰਧੀ ਗੱਲਬਾਤ ਕਰਦਿਆਂ ਐੱਸਪੀ ਹੈਡ ਕੁਆਰਟਰ ਤੇਜਵੀਰ ਸਿੰਘ ਤੇ ਡੀਐੱਸਪੀ ਗੁਰਿੰਦਰਪਾਲ ਨਾਗਰਾ ਨੇ ਦੱਸਿਆ ਇਥੋਂ ਨਜ਼ਦੀਕੀ ਪਿੰਡ ਕਿਲਾ ਜੀਵਨ ਸਿੰਘ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ, ਜੋ ਐੱਨਡੀਪੀਐੱਸ ਐਕਟ ਅਧੀਨ ਦਰਜ 326 ਨੰਬਰ ਪਰਚੇ ਵਿੱਚ ਇੱਕ ਹੋਰ ਵਿਅਕਤੀ ਸਮੇਤ ਹਿਰਾਸਤ ਵਿੱਚ ਲਿਆ ਗਿਆ ਸੀ, ਦੀ ਸਵੇਰੇ ਅਚਾਨਕ ਤਬੀਅਤ ਖਰਾਬ ਹੋ ਗਈ ਜਿਸ ਨੂੰ ਤੁਰੰਤ ਸਰਕਾਰੀ ਹਸਪਤਾਲ ਮਾਨਾਂਵਾਲਾ ਵਿਖੇ ਲਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

ਉਨ੍ਹਾਂ ਕਿਹਾ ਮ੍ਰਿਤਕ ਦੂਸਰਾ ਸਾਥੀ ਬਿਲਕੁਲ ਠੀਕ ਠਾਕ ਹੈ। ਐੱਸਪੀ ਤੇਜਵੀਰ ਸਿੰਘ ਨੇ ਕਿਹਾ ਮਾਮਲੇ ਦੀ ਜੁਡੀਸ਼ਿਅਲ ਜਾਂਚ ਹੋਵੇਗੀ, ਜਿਸ ਲਈ ਜੱਜ ਸਾਹਿਬਾਨ ਮੌਕੇ ਉੱਪਰ ਆ ਰਹੇ ਹਨ। ਠਾਣੇ ਵਿੱਚ ਥਾਂ-ਥਾਂ ਉੱਪਰ ਸੀਸੀਟੀਵੀ ਕੈਮਰੇ ਲੱਗੇ ਹਨ, ਜਿਨਾਂ ਦੇ ਫੁਟੇਜ ਵੀ ਖੰਗਾਲੀ ਜਾਵੇਗੀ ਅਤੇ ਜੋ ਵੀ ਤੱਥ ਸਾਹਮਣੇ ਆਉਣਗੇ ਉਸ ਮੁਤਾਬਕ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਪ੍ਰਦਰਸ਼ਨ ਦੌਰਾਨ ਡੀਐੱਸਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ ਅਤੇ ਹੋਰ ਥਾਣਿਆਂ ਦੇ ਐੱਸ ਐੱਚ ਓ ਭਾਰੀ ਫੋਰਸ ਨਾਲ ਮੌਜੂਦ ਸਨ ਅਤੇ ਲਗਾਤਾਰ ਮ੍ਰਿਤਕ ਦੇ ਪਰਿਵਾਰ ਵਾਲਿਆਂ ਨਾਲ ਗੱਲਬਾਤ ਕਰਕੇ ਆਵਾਜਾਈ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਿਛਲੇ ਪੰਜ ਘੰਟਿਆਂ ਤੋਂ ਹਾਈਵੇ ਉੱਪਰ ਜਾਮ ਲੱਗਏ ਜਾਮ ਵਿੱਚ ਦਰਬਾਰ ਸਾਹਿਬ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂ, ਬਰਾਤਾਂ ਵਾਲੀਆਂ ਗੱਡੀਆਂ ਅਤੇ ਕਈ ਪਾਲ ਨਾਗਰਾ ਨੇ ਦੱਸਿਆ ਇਥੋਂ ਨਜ਼ਦੀਕੀ ਪਿੰਡ ਕਿਲਾ ਜੀਵਨ ਸਿੰਘ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ, ਜੋ ਐੱਨਡੀਪੀਐੱਸ ਐਕਟ ਅਧੀਨ ਦਰਜ 326 ਨੰਬਰ ਪਰਚੇ ਵਿੱਚ ਇੱਕ ਹੋਰ ਵਿਅਕਤੀ ਸਮੇਤ ਹਿਰਾਸਤ ਵਿੱਚ ਲਿਆ ਗਿਆ ਸੀ, ਦੀ ਸਵੇਰੇ ਅਚਾਨਕ ਤਬੀਅਤ ਖਰਾਬ ਹੋ ਗਈ ਜਿਸ ਨੂੰ ਤੁਰੰਤ ਸਰਕਾਰੀ ਹਸਪਤਾਲ ਮਾਨਾਂਵਾਲਾ ਵਿਖੇ ਲਜਾਇਆ ਗਿਆ।

ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਵਿਦਿਆਰਥੀ ਜਿਨਾਂ ਦੀਆਂ ਅੱਜ ਪ੍ਰੀਖਿਆਵਾਂ ਹਨ ਜਾਮ ਵਿੱਚ ਫਸੇ ਦਿਖਾਈ ਦਿੱਤੇ। ਖ਼ਬਰ ਲਿਖੇ ਜਾਣ ਤੱਕ ਹਾਈਵੇ ਉੱਪਰ ਜਾਮ ਲੱਗਾ ਹੋਇਆ ਸੀ।

## ਪੰਜ ਪਿਸਤੌਲਾਂ ਸਮੇਤ ਗ੍ਰਿਫ਼ਤਾਰ

**ਅੰਮ੍ਰਿਤਸਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ ਪੰਜ ਪਿਸਤੌਲਾਂ ਬਰਾਮਦ ਕੀਤੀਆਂ ਹਨ। ਗ੍ਰਿਫ਼ਤਾਰ ਵਿਅਕਤੀ ਦੀ ਸ਼ਨਾਖਤ ਜੋਧਵੀਰ ਸਿੰਘ ਵਜੋਂ ਦੱਸੀ ਗਈ ਹੈ ਜਿਸ ਨੂੰ ਇੰਡੀਆ ਗੇਟ ਦੇ ਨੇੜੇ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ ਪੰਜ ਪਿਸਤੌਲ ਬਰਾਮਦ ਹੋਏ ਜਿਨ੍ਹਾਂ ਵਿੱਚ ਦੋ ਪੀਐਕਸ 5 ਪਿਸਤੌਲ, ਇੱਕ ਪੁਆਇੰਟ 30 ਬੋਰ ਦਾ ਪਿਸਤੌਲ ਅਤੇ ਦੋ 9 ਐਮ ਗਲੋਕ ਪਿਸਤੌਲ ਸ਼ਾਮਲ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਸ ਵਿਅਕਤੀ ਦੇ ਪਾਕਿਸਤਾਨ ਸਥਿਤ ਤਸਕਰਾਂ ਨਾਲ ਸਬੰਧ ਸਨ, ਜੋ ਉਸ ਨੂੰ ਪਾਕਿਸਤਾਨ ਤੋਂ ਗੈਰ ਕਾਨੂੰਨੀ ਢੰਗ ਨਾਲ ਹਥਿਆਰ ਪਹੁੰਚਾ ਰਹੇ ਸਨ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਰੰਮਤ ਮਗਰੋਂ ਲਗਾਏ ਸੋਨੇ ਦੇ ਪੱਤਰੇ



**ਅੰਮ੍ਰਿਤਸਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੱਲ ਰਹੀ ਸੋਨੇ ਦੇ ਪੱਤਰਿਆਂ ਅਤੇ ਮੀਨਾਕਾਰੀ ਦੀ ਸਾਂਭ-ਸੰਭਾਲ ਦੀ ਸੇਵਾ ਤਹਿਤ ਅੱਜ ਮੁੱਖ ਦਰਬਾਰ ਦੇ ਅੰਦਰੂਨੀ ਹਿੱਸੇ ਵਿਚ ਸੋਨੇ ਦੇ ਪੱਤਰੇ ਲਗਾਏ ਗਏ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਸੀ, ਜਿਨ੍ਹਾਂ ਨੇ ਮੁਰੰਮਤ ਦਾ ਕਾਰਜ ਕੀਤਾ ਹੈ।

ਅੱਜ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਸੋਨੇ ਦੇ ਪੱਤਰੇ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਅਤੇ ਸ਼ਰਧਾ ਨਾਲ ਪੱਤਰੇ ਲਗਾਉਣ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਸੋਨੇ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੱਤਰੇ ਲੈ ਸੇਵਾ ਆਰੰਭ ਕਰਵਾਈ।

# ਅਸੀਂ ਕਿਉਂ ਨਹੀਂ ਸਿੱਖਦੇ ਵਕਤ ਨਾਲ ਚੱਲਣਾ

**ਮਲਕੀਤ ਸਿੰਘ**

ਬਜ਼ੁਰਗਾਂ ਦੀ ਟਾਹਣੀ 'ਚ ਬੈਠੇ ਅਕਸਰ ਇਹ ਗੱਲ ਸੁਣਨ ਨੂੰ ਮਿਲ ਜਾਂਦੀ ਹੈ ਕਿ ਲੋਕਾਂ 'ਚ ਪਹਿਲਾਂ ਜਿਹਾ ਪਿਆਰ ਨਹੀਂ ਰਿਹਾ। ਲੋਕ ਮਤਲਬ ਤਕ ਸੀਮਿਤ ਹੋ ਚੁੱਕੇ ਹਨ ਕੋਈ ਕਿਸੇ ਦਾ ਦੁੱਖ ਵਢਾਉਣਾ ਤਾਂ ਦੂਰ ਦੱਸਣ 'ਤੇ ਵੀ ਸੁਣਨਾ ਨਹੀਂ ਚਾਹੁੰਦੇ। ਸਮੇਂ ਦੀ ਭੱਜ ਦੌੜ 'ਚ ਮਨੁੱਖ ਆਪਣਿਆਂ ਤੋਂ ਵੀ ਬਹੁਤ ਦੂਰ ਹੋ ਚੁੱਕਾ ਹੈ। ਸਵੇਰੇ ਦੀ ਸ਼ੁਰੂਆਤ ਸੂਰਜ ਚੜ੍ਹਨ ਤੋਂ ਬਾਅਦ ਹੁੰਦੀ ਹੈ। ਜਾਗ ਲਿਆਉਣ ਲਈ ਸਮਾਂ ਨਿਸਚਿਤ ਕਰ ਕੇ ਅਲਾਰਮ ਲਗਾ ਲਏ ਜਾਂਦੇ ਹਨ। ਸੈਰ ਸਪਾਟਾ ਡਾਕਟਰ ਵੱਲੋਂ ਦਿੱਤੀ ਗਈ ਸਜ਼ਾ ਜਾਂ ਦਵਾਈ ਸਮਝੀ ਜਾ ਰਹੀ ਹੈ। ਦਿਨ ਦਾ ਬਹੁਤਾ ਸਮਾਂ ਮੋਬਾਈਲ ਲੈਪਟਾਪ 'ਤੇ ਗੁਜਰਦਾ ਵਿਖਾਈ ਦਿੰਦਾ। ਵਕਤ 'ਚ ਕੋਈ ਤਬਦੀਲੀ ਨਹੀਂ ਮਤਲਬ ਕੋਈ ਵਾਧ ਘਾਟ ਨਹੀਂ ਸਗੋਂ ਮਨੁੱਖ 'ਚ ਭਾਰੀ ਤਬਦੀਲੀ ਆ ਚੁੱਕੀ ਹੈ ਜਿੱਥੇ ਜਿੱਥੇ ਤਕਨੀਕ ਯੁੱਗ ਦਾ ਸਹਿਯੋਗ ਮਿਲ ਰਿਹਾ ਹਰ ਇਨਸਾਨ ਮੂੰਹੋਂ ਸੁਣਨ ਨੂੰ ਇਹੋ ਮਿਲਦਾ ਹੈ ਕਿ ਵਕਤ ਨਹੀਂ। ਫ਼ਰਕ ਸਿਰਫ਼ ਤੇ ਸਿਰਫ਼ ਇਹੀ ਰਹਿ ਗਿਆ ਹੈ ਕਿ ਅਸੀਂ ਵਕਤ ਨਾਲ ਨਹੀਂ ਚਲਦੇ।



ਸਮੇਂ ਨਾਲ ਨਾ ਕੀਤੇ ਕੰਮ, ਕਦੇ ਪੂਰੇ ਨਹੀਂ ਹੁੰਦੇ ਸਗੋਂ ਸਾਨੂੰ ਜ਼ਿੰਦਗੀ 'ਚ ਪਿੱਛੇ ਜ਼ਰੂਰ ਧਕੇਲ ਦਿੰਦੇ ਹਨ। ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਕਰ ਦਿੰਦੇ ਹਾਂ।

ਇਨ੍ਹਾਂ ਕੰਮਾਂ ਦੀ ਦੇਰੀ ਕਾਰਨ ਅਸੀਂ ਕਰੀਬੀ ਰਿਸ਼ਤੇਦਾਰ ਜਾਂ ਸਾਥੀਆ ਨੂੰ ਦੂਰ ਕਰ ਬੈਠਦੇ ਹਾਂ। ਮਤਲਬ ਕਿ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰ ਪਾਉਂਦੇ। ਆਮ ਸੁਣਨ ਨੂੰ ਮਿਲਦਾ ਹੈ ਕਿ ਉਹ ਕਦੇ ਜ਼ਬਾਨ 'ਤੇ ਖਰਾ ਨਹੀਂ ਉਤਰਦਾ ਜਾ ਉਤਰਦੀ। ਅਸਲ ਅਸੀਂ ਆਪਣੀ ਜ਼ਿੰਦਗੀ ਵਿਚ ਵਕਤ ਨੂੰ ਅਹਿਮੀਅਤ ਨਹੀਂ ਦੇ ਰਹੇ। ਬਹੁਤੇ ਧਰਮੀ ਕਈ ਕਈ ਘੰਟੇ ਲਾਈਨਾਂ 'ਚ ਲੱਗ ਕੇ ਵਕਤ ਖ਼ਰਾਬ ਕਰਨ ਨੂੰ ਸ਼ਰਧਾ ਦਾ ਨਾ ਦਿੰਦੇ ਹਨ।

ਪਿਛਲੇ ਦਿਨੀਂ ਇਕ ਨਵਾਂ ਵਿਆਹਿਆ ਜੋੜਾ ਆਪਣੇ ਪਰਿਵਾਰ ਸਮੇਤ ਦਰਦਨਾਕ ਸੜਕ ਹਾਦਸੇ 'ਚ ਪਰਿਵਾਰ ਸਮੇਤ ਖ਼ਤਮ ਹੋ ਗਿਆ। ਅਜਿਹੀ ਦਰਦਨਾਕ ਖ਼ਬਰਾਂ ਵੀ ਚਾਹ ਦੀਆਂ ਚੁਸਕੀਆ ਸਮੇਤ ਪੜ੍ਹ ਕੇ ਖ਼ਤਮ ਹੋ ਜਾਂਦੀ ਆ ਹਨ। ਸੋਚਿਆ ਜਾਵੇ ਤਾਂ ਇਸ ਪਰਿਵਾਰ ਦੀਆਂ ਖ਼ੁਸ਼ੀਆਂ ਪਲਾਂ ਵਿਚ ਦਰਦਨਾਕ ਹਾਦਸੇ ਨੇ ਗ਼ਮਗੀਨ ਮਾਹੌਲ 'ਚ ਤਬਦੀਲ ਕਰ ਛੱਡੀਆਂ। ਗੱਲ ਤਾਂ ਇੱਥੇ ਆ ਮੁਕਦੀ ਏ ਕਿ ਜਿਸ ਤਨ ਲਾਗੇ ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ। ਕੋਈ ਕਿਸੇ ਦੇ ਦਰਦ ਨੂੰ ਨਹੀਂ ਜਾਣਦਾ, ਦਰਦ 'ਚ ਸ਼ਾਮਲ ਹੋਣਾ ਮਜਬੂਰੀ ਸਮਝੀ ਜਾਣ ਲੱਗ ਪਈ ਹੈ। •

98762-12222

## ਮਾਂ ਦੀ ਲੋਰੀ

ਮਾਂ ਦਾ ਆਂਚਲ ਬਣ ਛਾਂ
ਦਿੰਦਾ, ਰੁੱਖਾਂ ਦਾ ਪਰਛਾਵਾਂ।
ਗੋਦੀ ਪਾ ਕੇ ਸੁੱਖ ਦਿੰਦੀਆਂ,
ਜਿਉਂ ਬੱਚਿਆਂ ਨੂੰ ਮਾਵਾਂ।

ਥੱਕਿਆ-ਟੁੱਟਿਆ
ਰਾਹੀ ਆਵੇ,
ਠੰਡਾ ਝੌਂਕਾ ਹਵਾ ਦਾ ਪਾਵੇ,
ਵਿਛਾ ਕੇ ਚਾਦਰ
ਰੁੱਖ ਦੇ ਥੱਲੇ,
ਗੂੜ੍ਹੀ ਨੀਂਦਰ ਉਹ ਸੌਂ ਜਾਵੇ,
ਮਾਂ ਲੋਰੀ ਵਾਂਗ
ਨੀਂਦਰ ਦੇਵਣ,
ਚੱਲਦੀਆਂ ਜਦ ਹਵਾਵਾਂ।

ਰੁੱਖਾਂ ਨਾਲ ਹੀ ਜੀਵਨ ਚੱਲੇ,
ਬਿਨ ਇਨ੍ਹਾਂ ਤੋਂ
ਸਾਹ ਨਾ ਪੱਲੇ,
ਇਨ੍ਹਾਂ ਨੂੰ ਕੱਟ ਕੇ
ਮੌਤ ਸਹੇੜਨ,
ਅੱਜ ਦੇ ਲੋਕੀ ਹੋ ਗਏ ਝੱਲੇ,
ਰੁੱਖ ਕੱਟ ਹੋ ਕੇ
ਮੁੱਕਦੇ ਜਾਵਣ,
ਸੁੰਨੀਆਂ ਹੋ ਰਹੀਆਂ ਥਾਵਾਂ।

ਘਰਾਂ ਲਈ ਖਿੜਕੀ
ਤੇ ਦਰਵਾਜੇ,
ਅਲਗੋਜੇ ਤੇ ਬਣ ਦੇ ਬਾਜੇ,
ਬਾਲਣ ਰੂਪ 'ਚ ਵਰਤ ਰੁੱਖਾਂ ਨੂੰ,
ਖਾਣੇ ਬਣਦੇ ਤਾਜ਼ੇ-ਤਾਜ਼ੇ,
ਲੱਕੜ ਤੋਂ ਬਣੇ ਢੋਲ ਤੇ ਤੂੰਬੀ,
ਵਰਗੇ ਸਾਜ ਵਜਾਵਾਂ।

ਡਬਲਬੈੱਡ ਅਤੇ ਮੰਜਾ ਪੀੜ੍ਹਾ,
ਰੱਖ ਹੋ ਜਾਂਦਾ ਕੱਪੜਾ-ਲੀੜਾ,
ਪੂਰੀ ਜ਼ਿੰਦਗੀ
ਸਾਥ ਨਿਭਾਉਂਦਾ,
ਜਿਹਦਾ ਲੱਕੜ ਹੁੰਦਾ ਚੀੜਾ,
ਕਿਹੜੇ-ਕਿਹੜੇ
ਕੰਮ ਇਹ ਆਉਂਦੇ,
ਕੀ-ਕੀ ਹੋਰ ਸੁਣਾਵਾਂ।

ਅੰਤ ਸਮੇਂ
ਰੁੱਖ ਈ ਕੰਮ ਆਵਣ,
ਮੁਰਦੇ ਤਾਈਂ ਵੀ ਜਲਾਵਣ,
ਰੁੱਖਾਂ ਪਾਸੋਂ ਬਾਲਣ ਲੈ ਕੇ,
ਲੋਕੀ ਮੁਰਦਾ
ਲਾਸ਼ 'ਤੇ ਪਾਵਣ,
ਪਰਸ਼ੋਤਮ ਤਾਂ ਬਸ
ਇੱਕੋ ਰੱਖੇ,
ਰੱਖਦਾ ਨਹੀਂ ਦੋ ਰਾਵਾਂ।

ਪੰਛੀ ਇਨ੍ਹਾਂ 'ਤੇ
ਘਰ ਬਣਾਵਣ,
ਚੋਗਾ ਲੈ ਕੇ ਵਾਪਸ ਆਵਣ,
ਹਰੇ ਭਰੇ ਰੁੱਖ ਲੱਗਣ ਪਿਆਰੇ,
ਸਭਨਾਂ ਦੇ ਇਹ
ਮਨ ਨੂੰ ਭਾਵਣ,
ਸਰੋਏ ਰੁੱਖਾਂ ਦੇ
ਗੁਣਾਂ ਦੀ ਗੁੰਠਲੀ,
ਕੀਕਣ ਖੋਲ੍ਹ ਦਿਖਾਵਾਂ।

ਹੜ੍ਹਾਂ ਦੀ ਮਾਰੋਂ ਬਚਾਉਂਦੇ,
ਕਾਹਤੋਂ ਲੋਕੀ
ਕਦਰ ਨਾ ਪਾਉਂਦੇ,
ਰੁੱਖਾਂ ਦੇ ਸੀਨੇ
ਫੇਰ ਕੇ ਆਰੀ,
ਪੈਸੇ ਵੱਟ ਕੇ ਜਸ਼ਨ ਮਨਾਉਂਦੇ,
ਰੁੱਖ ਲਗਾਓ ਜੀਵਨ ਬਚਾਓ,
ਸਭ ਨੂੰ ਇਹ ਸਮਝਾਵਾਂ।

• ਪਰਸ਼ੋਤਮ ਲਾਲ ਸਰੋਏ
92175-44348



# ਕਦੇ ਹੁੰਦਾ ਸੀ ਅਧਿਆਪਕ ਦਾ ਉੱਚਾ ਰੁਤਬਾ

**ਜਸਵਿੰਦਰ ਸਿੰਘ ਖੁੱਡੀਆਂ**



**ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ ਪਰਸਪਰ ਪਿਆਰ ਅਤੇ ਅਪਣੱਤ 'ਤੇ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ-ਪ੍ਰਦਾਨ ਦਾ ਹੁੰਦਾ ਹੈ...**

ਗੁਰੂ ਜਾਂ ਮੁਰਸ਼ਦ ਦਾ ਰੁਤਬਾ ਸਾਡੇ ਧਾਰਮਿਕ ਗ੍ਰੰਥਾਂ ਅਨੁਸਾਰ ਅੱਵਲ ਦਰਸਾਇਆ ਗਿਆ ਹੈ। ਗੁਰੂ ਹੀ ਹੈ ਜੋ ਰਾਹ ਦਸੇਰਾ ਹੈ। ਗੁਰੂ ਹੀ ਬੱਚੇ ਦੇ ਮਨ ਦੀ ਕੋਰੀ ਫੱਟੀ 'ਤੇ ਪੂਰਨੇ ਪਾਉਂਦਾ ਹੈ। ਗੁਰੂ ਹੀ ਕੱਚੀ ਮਿੱਟੀ ਨੂੰ ਸਾਂਚੇ ਵਿਚ ਢਾਲ ਕੇ ਸ਼ਖ਼ਸੀਅਤ ਦੀ ਉਸਾਰੀ ਕਰਦਾ ਹੈ। ਸਮਾਜਿਕ ਤਬਦੀਲੀ ਹਰ ਪੱਧਰ 'ਤੇ ਵਾਪਰਦੀ ਹੈ ਤੇ ਇਹ ਹਰ ਸ਼ੈਅ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਸੰਸਾਰ ਪੱਧਰ 'ਤੇ ਵਾਪਰ ਰਹੀਆਂ ਆਰਥਿਕ ਅਤੇ ਸਮਾਜਿਕ ਤਬਦੀਲੀ ਵਿਅਕਤੀਗਤ ਤਬਦੀਲੀਆਂ ਦਾ ਕਾਰਨ ਵੀ ਬਣਦੀਆਂ ਹਨ। ਕੋਈ ਸਮਾਂ ਸੀ ਜਦੋਂ ਅਧਿਆਪਕ ਦਾ ਰੁਤਬਾ ਅਤੇ ਮਾਣ ਸਤਿਕਾਰ ਸਮਾਜਿਕ ਪੱਧਰ 'ਤੇ ਸਭ ਤੋਂ ਉੱਪਰ ਹੁੰਦਾ ਸੀ। ਅਧਿਆਪਕ ਨੂੰ ਹਰ ਬੱਚੇ ਦੁਆਰਾ ਆਪਣੇ ਮਾਪਿਆਂ ਸਮਾਨ ਸਮਝਿਆ ਜਾਂਦਾ ਸੀ। ਬੱਚਿਆਂ ਦੇ ਮਾਪੇ ਵੀ ਅਧਿਆਪਕਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਸਮਾਜ ਵਿਚ ਅਧਿਆਪਕ ਦਾ ਇਕ ਖ਼ਾਸ ਰੁਤਬਾ ਮੰਨਿਆ ਜਾਂਦਾ ਸੀ। ਅਧਿਆਪਕ ਨੂੰ ਰਾਜਨੀਤਿਕ, ਅਫ਼ਸਰਸ਼ਾਹੀ ਅਤੇ ਆਮ ਵਰਗ ਦੇ ਲੋਕਾਂ ਵੱਲੋਂ ਸਭ ਤੋਂ ਵੱਧ ਸਤਿਕਾਰਤ ਸਮਝਿਆ ਜਾਂਦਾ ਸੀ।

ਹੌਲੀ-ਹੌਲੀ ਸਮਾਜ ਵਿਚ ਖ਼ਪਤ ਸੱਭਿਆਚਾਰ ਦਾ ਬੋਲਬਾਲਾ ਹੋਣ ਨਾਲ ਸਮਾਜਿਕ ਤਾਣੇ ਬਾਣੇ ਵਿਚ ਵੀ ਇਹ ਸੱਭਿਆਚਾਰ ਉੱਤਰਨਾ ਸ਼ੁਰੂ ਹੋ ਗਿਆ। ਖ਼ਪਤ ਸੱਭਿਆਚਾਰ ਦਾ ਮੁੱਢਲਾ ਤੇ ਮੁੱਖ ਸਿਧਾਂਤ ਮੁਨਾਫ਼ਾ ਖੋਰੀ ਹੈ। ਇੱਥੇ ਸਿਰਫ਼ ਉਸ ਦਾ ਹੀ ਮੁੱਲ ਪੈਂਦਾ ਹੈ ਜਿਸ ਤੋਂ ਕੋਈ ਮੁਨਾਫ਼ਾ ਖੱਟਿਆ ਜਾ ਸਕਦਾ ਹੈ। ਬਦਲਦੇ ਸਮਾਜਿਕ ਸੰਦਰਭਾਂ ਨੇ ਕਿੱਤਿਆਂ ਪ੍ਰਤੀ ਸੋਚ ਨੂੰ ਵੀ ਬਦਲਣਾ ਸ਼ੁਰੂ ਕਰ ਦਿੱਤਾ। ਜਿਹੜੇ ਕਿੱਤੇ ਨਿਰੋਲ ਵਪਾਰਕ ਜਾਂ ਮਤਲਬਪ੍ਰਸਤੀ ਦੇ ਸਨ ਉਨ੍ਹਾਂ ਦੀ ਕਦਰ ਦਿਨੋ ਦਿਨ ਵਧਦੀ ਗਈ। ਰਾਜਨੀਤਕ, ਥਾਣਿਆਂ, ਕਚਹਿਰੀਆਂ, ਮਾਲ ਮਹਿਕਮੇ ਨਾਲ ਸਬੰਧਤ ਕਿੱਤੇ ਅਤੇ ਇਸ ਨਾਲ ਸਬੰਧਤ ਵਿਅਕਤੀਆਂ, ਚਾਹੇ ਉਹ ਹੇਠਲੇ ਦਰਜੇ ਦੇ ਕਰਮਚਾਰੀ ਹੀ ਕਿਉਂ ਨਾ ਹੋਣ, ਆਮ ਵਰਗ ਉਨ੍ਹਾਂ ਨਾਲ ਸੁਖਾਲੇ ਸਮਾਜਿਕ ਸਰੋਕਾਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਵਧ ਰਹੇ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਕਰਕੇ ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਪਹੁੰਚ ਸਰਕਾਰੀ ਤੰਤਰ ਤੱਕ ਹੋਵੇ। ਇਸ ਪਹੁੰਚ ਲਈ ਚੋਰ ਮੋਰੀ ਦਾ ਕੰਮ ਇਨ੍ਹਾਂ ਉਪਰੋਕਤ ਲਿਹਾਜ਼ ਰਾਹੀਂ ਲਿਆ ਜਾਂਦਾ ਹੈ।

ਇਸ ਦੇ ਉਲਟ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਨਿਰੋਲ ਭਾਵਨਾਤਮਕ ਹੈ ਅਤੇ ਮਹਿਜ਼ ਆਪਸੀ ਪਰਸਪਰ ਪਿਆਰ ਅਤੇ ਅਪਣੱਤ ਉੱਤੇ ਹੀ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮਤਲਬਪ੍ਰਸਤੀ ਜਾਂ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ ਪ੍ਰਦਾਨ ਦਾ ਹੀ ਰਿਸ਼ਤਾ ਹੈ। ਖ਼ਪਤ ਸੱਭਿਆਚਾਰ ਨੇ ਸਮਾਜਿਕ ਸਮਝ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਵਿਅਕਤੀਗਤ ਤੌਰ 'ਤੇ ਅਸੀਂ ਸਿਰਫ਼ ਮੁਨਾਫ਼ਾਖ਼ੋਰ ਰਿਸ਼ਤੇ ਹੀ ਨਿਭਾਉਣਾ ਚਾਹੁੰਦੇ ਹਾਂ, ਭਾਵਨਾਤਮਕ ਰਿਸ਼ਤਿਆਂ ਲਈ ਥਾਂ ਦਿਨੋ ਦਿਨ ਸੁੰਗੜ ਰਿਹਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੀ ਭਾਵਨਾਤਮਕ ਸਾਂਝ ਨੂੰ ਸਭ ਤੋਂ ਵੱਡਾ ਖੋਰਾ ਪ੍ਰਾਈਵੇਟ ਅਦਾਰਿਆਂ ਦੇ ਸ਼ੁਰੂ ਹੋਣ ਤੋਂ ਬਾਅਦ ਹੋਇਆ। ਵਿਦਿਆਰਥੀ ਦਾ ਅਧਿਆਪਕ ਨਾਲ ਅਤੇ ਉਨ੍ਹਾਂ ਦੇ ਮਾਪਿਆ ਦਾ ਅਧਿਆਪਕ ਨਾਲ ਰਿਸ਼ਤਾ ਨਿਵਾਣ ਵੱਲ ਜਾ ਰਿਹਾ ਹੈ। ਜਦੋਂ ਬੱਚਿਆਂ ਦੀ ਸਕੂਲੀ ਪੜ੍ਹਾਈ ਪੂਰੀ ਹੋ ਜਾਂਦੀ ਹੈ ਤਾਂ ਮਾਪੇ ਅਤੇ ਬੱਚੇ ਉਨ੍ਹਾਂ ਦੇ ਅਧਿਆਪਕ ਨਾਲ ਨਿੱਜੀ ਸੰਪਰਕ ਵਿਚ ਬਹੁਤ ਘੱਟ ਰਹਿੰਦੇ ਹਨ ਕਿਉਂ ਜੋ ਰਿਸ਼ਤੇ ਦੀ ਤਾਸੀਰ ਭਾਵਨਾਤਮਕ ਤੋਂ ਸਿਰਫ਼ ਮਤਲਬਪ੍ਰਸਤੀ ਤਕ ਸੀਮਤ ਰਹਿ ਜਾਂਦੀ ਹੈ। ਇਸ ਦੇ ਉਲਟ ਉਹ ਵਿਅਕਤੀ ਜਿਨ੍ਹਾਂ ਦੀ ਸਰਕਾਰੇ, ਦਰਬਾਰੇ, ਥਾਣੇ, ਕਚਹਿਰੀਆਂ, ਮਾਲ ਮਹਿਕਮੇ ਆਦਿ ਤਕ ਕੋਈ ਥੋੜ੍ਹੀ ਬਹੁਤ ਵੀ ਆਉਣੀ ਜਾਣੀ ਹੋਵੇ ਉਨ੍ਹਾਂ ਨਾਲ ਆਮ ਵਰਗ ਦੇ ਲੋਕ ਰੋਜ਼ਮਰਾ ਦੇ ਕੰਮਾਂ ਤੋਂ ਬਿਨਾਂ ਵੀ ਦੁਆ ਸਲਾਮ ਕਰਨਾ ਜਾਰੀ ਰੱਖਦੇ ਹਨ। ਇਸ ਦਾ ਸਿੱਧਾ ਕਾਰਨ ਇਹੀ ਹੈ ਕਿ ਮੌਜੂਦਾ ਭ੍ਰਿਸ਼ਟਾਚਾਰ ਅਤੇ ਸਿਫ਼ਾਰਸ਼ਬਾਜ਼ੀ ਦੇ ਮਾਹੌਲ ਅੰਦਰ ਆਮ ਲੋਕਾਂ ਨੂੰ ਆਸ ਹੁੰਦੀ ਹੈ ਕਿ ਇਹ ਵਿਅਕਤੀ ਕਿਸੇ ਦਿਨ ਸਾਡੇ ਕੰਮ ਆ ਸਕਦਾ ਹੈ। ਇਸ ਤਰ੍ਹਾਂ ਦੀਆਂ ਮੌਕਾਪ੍ਰਸਤ ਸਾਂਝਾਂ ਉਸਾਰਨ ਪਿੱਛੇ ਕੰਮ ਕਰਦੀ ਮਾਨਸਿਕਤਾ ਵੀ ਮੁਨਾਫ਼ਾਖ਼ੋਰੀ ਤੇ ਕੇਂਦਰਿਤ ਹੁੰਦੀ ਹੈ। ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਵਿਚ ਆ ਰਹੇ ਭਾਵਨਾਤਮਕ ਨਿਘਾਰ ਦਾ ਇਕ ਹੋਰ ਕਾਰਨ ਜਨਤਕ ਅਦਾਰਿਆਂ ਵਿਚ ਚੱਲ ਰਿਹਾ ਨਿੱਜੀਕਰਨ ਦਾ ਦੌਰ ਵੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਦੇ ਅਧਿਆਪਕ ਠੇਕੇਦਾਰੀ ਸਿਸਟਮ ਦੀ ਮਾਰ ਹੰਢਾ ਰਹੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਈ ਦਹਾਕਿਆਂ ਤੋਂ ਪੱਕੀ ਭਰਤੀ ਦਾ ਰਸਤਾ ਬੰਦ ਕੀਤਾ ਹੋਇਆ ਹੈ। ਸਕੂਲ ਅਧਿਆਪਕ ਅਤੇ ਇਕ ਦਿਹਾੜੀਦਾਰ ਕਾਮੇ ਦੀਆਂ ਉਜਰਤਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ। ਇਕ ਅਧਿਆਪਕ ਸਮਝੌਤੇ ਅਧੀਨ ਰੁਜ਼ਗਾਰ ਪ੍ਰਾਪਤ ਕਰਦਾ ਹੈ। ਇਹ ਸਿੱਧੇ ਤੌਰ 'ਤੇ ਕਿਰਤ ਦੀ ਲੁੱਟ ਹੈ। ਉੱਚ ਵਿੱਦਿਆ ਪ੍ਰਾਪਤ ਬੇਰੁਜ਼ਗਾਰਾਂ ਨੂੰ ਮਜ਼ਦੂਰਾਂ ਤੋਂ ਵੀ ਘੱਟ ਮਿਹਨਤਾਨਾ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ।ਇਕ ਅਧਿਆਪਕ ਜਦੋਂ ਤਕ ਆਰਥਿਕ ਮੁਸ਼ਕਿਲਾਂ ਵਿਚ ਹੀ ਘਿਰਿਆ ਰਹੇਗਾ ਉਹ ਆਪਣੀ ਪੂਰੀ ਤਨਦੇਹੀ ਨਾਲ ਆਪਣਾ ਫ਼ਰਜ਼ ਨਹੀਂ ਨਿਭਾ ਸਕੇਗਾ। ਅਜਿਹੀ ਮਾਨਸਿਕ ਸਥਿਤੀ ਦਾ ਸਿੱਧਾ ਅਸਰ ਅਧਿਆਪਕ ਵਿਦਿਆਰਥੀ ਦੇ ਪਰਸਪਰ ਰਿਸ਼ਤੇ ਉੱਪਰ ਵੀ ਪੈਂਦਾ ਹੈ। ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨੇ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਇਸ ਨਾਲ ਅੱਠ ਜਮਾਤਾਂ ਪਾਸ ਕਰਨ ਵਾਲੇ ਅਨਪੜ੍ਹ ਹੀ ਪੈਦਾ ਕੀਤੇ ਹਨ। ਬੱਚਿਆਂ ਦੀ ਨਜ਼ਰ ਵਿਚ ਅਧਿਆਪਕ ਅਤੇ ਸਿੱਖਿਆ ਦਾ ਰੁਤਬਾ ਬਹੁਤ ਹੇਠਾਂ ਤਕ ਆ ਗਿਆ ਹੈ।

ਸਿੱਖਿਆ ਹੀ ਕਿਸੇ ਕੌਮ ਜਾਂ ਰਾਜ ਲਈ ਭਵਿੱਖ ਦਾ ਖ਼ਾਕਾ ਤਿਆਰ ਕਰਦੀ ਹੈ। ਪੰਜਾਬ ਅੰਦਰ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਦੇ ਰਸਤੇ 'ਤੇ ਹਨ। ਸੰਵਾਦ ਲਈ ਕੋਈ ਜਗ੍ਹਾ ਨਾ ਰੱਖ ਕੇ ਸਿਰਫ਼ ਤਾਨਾਸ਼ਾਹੀ ਹੁਕਮ ਸੁਣਾਉਣ ਦਾ ਚਲਣ ਲਗਾਤਾਰ ਜਾਰੀ ਹੈ। ਬਹੁਤ ਸਾਰੇ ਅਜਿਹੇ ਵਿਭਾਗ ਜੋ ਭ੍ਰਿਸ਼ਟਾਚਾਰ ਦੀਆਂ ਸਿਖਰਾਂ ਛੂਹੰਦੇ ਹਨ, ਉਨ੍ਹਾਂ ਦੇ ਮੁਕਾਬਲਨ ਅਧਿਆਪਕ ਵਰਗ ਅੱਜ ਵੀ ਆਪਣਾ ਕੰਮ ਇਮਾਨਦਾਰੀ ਨਾਲ ਕਰਦਾ ਹੈ। ਸਿੱਖਿਆ ਦਾ ਮੁੱਖ ਧੁਰਾ ਅਧਿਆਪਕ ਹੀ ਹੈ। ਬਾਕੀ ਸਾਰਾ ਸਕੂਲੀ ਬੁਨਿਆਦੀ ਢਾਂਚਾ ਸਿਰਫ਼ ਅਧਿਆਪਕ ਦਾ ਸਹਾਇਕ ਤਾਂ ਹੋ ਸਕਦਾ ਹੈ, ਉਸ ਦਾ ਬਦਲ ਨਹੀਂ। ਜੇਕਰ ਅਧਿਆਪਕ ਮਾਨਸਿਕ, ਆਰਥਿਕ ਅਤੇ ਸਮਾਜਿਕ ਪੱਧਰ ਤੇ ਸੰਤੁਸ਼ਟ ਹੋਵੇਗਾ ਤਾਂ ਹੀ ਉਹ ਚੰਗੇ ਵਿਦਿਆਰਥੀ ਪੈਦਾ ਕਰ ਸਕਦਾ ਹੈ। ਮੌਜੂਦਾ ਰਾਜਨੀਤਿਕ, ਪ੍ਰਸ਼ਾਸ਼ਨਿਕ ਅਤੇ ਨਾਗਰਿਕ ਪੱਧਰ 'ਤੇ ਸਾਂਝੇ ਯਤਨ ਕਰਦਿਆਂ ਅਧਿਆਪਕ ਦੀ ਮਾਨਸਿਕ ਅਤੇ ਆਰਥਿਕ ਸੰਤੁਸ਼ਟੀ ਨੂੰ ਧਿਆਨ ਵਿਚ ਰੱਖਦਿਆਂ ਉਸ ਦਾ ਸਮਾਜਿਕ ਰੁਤਬਾ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਪ੍ਰਸੰਨ ਅਤੇ ਸੰਤੁਸ਼ਟ ਅਧਿਆਪਕ ਹੀ ਪਿੰਡ , ਸੂਬੇ ਅਤੇ ਦੇਸ਼ ਨੂੰ ਵਿਕਾਸ ਦੇ ਰਸਤੇ ਦਾ ਪਾਂਧੀ ਬਣਾ ਸਕਦਾ ਹੈ। •

95016-91300

## ਕਵਿਤਾਵਾਂ

### ਨਫ਼ਰਤ ਦਾ ਰੰਗ

ਘੋਲਿਆ ਕਿਸ ਨੇ ਨਫ਼ਰਤ ਦਾ ਰੰਗ,
ਵਿਚ ਪੰਜਾਬ ਦੇ ਪਾਣੀਆਂ।
ਰਲ ਮਿਲ ਕੇ ਹੁਣ ਖੇਡਣ ਨਾ ਹੀ,
ਹਾਣੀ ਸੰਗ ਹਾਣੀਆਂ।

ਲਹੂ ਦੇ ਰਿਸ਼ਤੇ ਟੁੱਟਦੇ ਲੱਗਦੇ,
ਜਿਉਂ ਟੁੱਟਦੇ ਪੱਤੇ ਟਾਹਣੀਆਂ।
ਪੁੱਤ ਜਿਨ੍ਹਾਂ ਦੇ ਮੁੜ ਨਾ ਪਰਤੇ,
ਰੋਵਣ ਮਾਵਾਂ ਮਰ ਜਾਣੀਆਂ।

ਚਾਲਾਂ ਚਲਦੇ ਸੱਤਾਧਾਰੀ,
ਪਾੜਨ ਮਿੱਤਰਾਂ ਦੀਆਂ ਢਾਣੀਆਂ।
ਮੁੱਦਿਆ ਵਿੱਚੋਂ ਮੁੱਦੇ ਲੱਭਦੇ,
ਫਿਰ ਪਾਉਂਦੇ ਫਿਰਨ ਕਹਾਣੀਆਂ।

ਅੰਗਿਆਰ ਪਏ ਹਰ ਪਾਸੇ ਵਰਦੇ,
ਧਰਮਾਂ ਦੇ ਨਾਂ 'ਤੇ ਦੰਗੇ ਕਰਦੇ।
ਪਾਉਂਦੇ ਬਲਦੀ 'ਤੇ ਤੇਲ ਜਦ ਉਹ,
ਉਲਝਾਉਂਦੇ ਹੋਰ ਵੀ ਤਾਣੀਆਂ।

• ਮਨਿੰਦਰ ਕੌਰ 'ਬਸੀ'
98784-38722

### ਸੜਕਾਂ ਵਿਚ ਟੋਏ

ਸੜਕਾਂ ਵਿਚ ਟੋਏ ਪੈ ਗਏ ਨੇ।
ਕਈ ਜਾਨਾਂ ਲੈ ਕੇ ਬਹਿ ਗਏ ਨੇ।

ਆਈਆਂ ਸਰਕਾਰਾਂ, ਮੰਗੀਆਂ ਵੋਟਾਂ
ਕਰਾਂਗੇ ਹੀਲਾ, ਵਾਅਦਾ ਕਰਦੇ ਆਂ
ਬਸ, ਇੰਨਾ ਹੀ ਕਹਿ ਗਏ ਨੇ
ਸੜਕਾਂ ਵਿਚ ਟੋਏ ਪੈ ਗਏ ਨੇ।

ਮਿਲ ਗਈਆਂ ਵੋਟਾਂ
ਬਣ ਗਈਆਂ ਸਰਕਾਰਾਂ
ਹੁਣ ਨਾ ਕੋਈ ਲੈਂਦਾ ਸਾਰਾਂ
ਸੜਕਾਂ ਦੀਆਂ ਸਾਰਾਂ
ਜਨਤਾਂ ਦੀਆਂ ਸਾਰਾਂ
ਜਦ ਨਿਕਲਿਆ ਮਤਲਬ
ਦੇਖ ਪਾਸਾ ਵੱਟ
ਕੌਣ ਹੋ ਤੁਸੀਂ ?
ਇਹ ਕਹਿ ਗਏ ਨੇ
ਸੜਕਾਂ ਵਿੱਚ ਟੋਏ ਪੈ ਗਏ ਨੇ।

ਭੋਲੀ ਜਨਤਾ ਨਾ ਹੱਕ ਜਾਣਦੀ
ਪੰਜ ਸਾਲ ਵੋਟਾਂ ਦੀ ਸਜਾ ਮਾਣਦੀ
ਨਾ ਕਰੇ ਸਰਕਾਰਾਂ ਕੰਮ ਤਾਂ ਲਾਹੇ ਥੱਲੇ
ਕੋਈ ਇਹੋ-ਜਿਹਾ ਵੀ ਕਾਨੂੰਨ ਚੱਲੇ
'ਅਮਰ' ਇਹੋ ਜਿਹੇ ਕਾਨੂੰਨ ਵੀ
ਦੇਸ਼ 'ਚ ਹੈਗੇ ਨੇ
ਸੜਕਾਂ ਵਿਚ ਟੋਏ ਪੈ ਗਏ ਨੇ
ਕਈ ਜਾਨਾਂ ਲੈ ਕੇ ਬਹਿ ਗਏ ਨੇ।

• ਅਮਰਜੀਤ ਕੌਰ 'ਲਾਲਪੁਰ'
89680-39646

## ਕਹਾਣੀ

# ਜੋਗੀ ਜੋਗ ਕਮਾ ਗਿਆ

**ਪ੍ਰਦੀਪ ਬਿੰਦ**

'ਕਿਉਂ ਆਉਂਦੀ ਏ ਹਰ ਰੋਜ਼, ਪਤਾ ਉਹ ਮਕਾਨ ਛੱਡ ਕੇ ਕਦੋਂ ਦਾ ਤੁਰ ਗਿਆ!' ਜੋਤ ਨੂੰ ਇਸ ਸਵਾਲ ਦਾ ਜਵਾਬ ਰੋਜ਼ ਦੇਣਾ ਪੈਂਦਾ। 'ਬਸ ਯਕੀਨ ਜਿਹਾ ਨਹੀਂ ਹੁੰਦਾ, ਉਸ ਦੇ ਯਕੀਨ 'ਤੇ ਹੀ ਇੰਨਾ ਯਕੀਨ ਹੋ ਗਿਆ ਕਿ ਉਹ ਮੈਨੂੰ ਛੱਡ ਕੇ ਜਾ ਹੀ ਨਹੀਂ ਸਕਦਾ। ਉਸ ਦੇ ਵਾਅਦਿਆਂ ਵਿਚ ਉਸ ਦੇ ਦਾਅਵਿਆਂ ਵਿਚ ਸਿਰਫ਼ ਤੇ ਸਿਰਫ਼ ਪਿਆਰ ਸੀ, ਤੜਫ਼ ਸੀ ਧੋਖਾ ਤਾਂ ਦੂਰ-ਦੂਰ ਤਕ ਨਹੀਂ ਸੀ। ਉਹ ਮੇਰੇ ਗਲ਼ ਲੱਗ ਕਿੰਨੀ ਵਾਰ ਬੱਚਿਆਂ ਵਾਂਗੂ ਰੋਇਆ ਸੀ। ਸ਼ਿਕਾਇਤਾਂ ਕਰਦਾ ਕਦੀ ਰੱਬ ਨੂੰ ਕਦੀ ਦੋਸਤਾਂ ਦੀਆਂ ਕਦੀ ਆਪਣੇ ਦੁੱਖਾਂ ਦੀਆਂ। ਉਸ ਦੇ ਰੋਣ ਵਿਚ ਕੋਈ ਮਿਲਾਵਟ ਨਹੀਂ ਸੀ। ਭਟਕ ਗਿਆ ਹੋਵੇਗਾ, ਰਾਹ ਭੁੱਲ ਗਿਆ ਹੋਵੇਗਾ ਕਿਸੇ ਦੋਸਤ ਕੋਲ ਰਹਿਣ ਲੱਗ ਪਿਆ ਹੋਵੇਗਾ। ਸ਼ਬਦਾਂ ਦਾ ਜਾਦੂਗਰ ਏ ਕੋਈ ਮਿਲ ਗਈ ਹੋਵੇਗੀ। ਹੁਸਨ ਦੀ ਜਾਦੂਗਰਨੀ। ਮੈਂ ਇਹ ਸਭ ਕਿੱਥੇ ਜਾਣਦੀ ਹਾਂ, ਮੈਂ ਤੇ ਉਸ ਨੂੰ ਜਾਂ ਖ਼ੁਦ ਨੂੰ ਜਾਣਦੀ ਸੀ ਤੇ ਉਸ ਨੂੰ ਜਾਣਦੀ-ਜਾਣਦੀ ਖ਼ੁਦ ਨੂੰ ਹੀ ਭੁੱਲ ਗਈ। ਆ ਜਾਵੇਗਾ ਯਕੀਨ ਏ ਮੈਨੂੰ। ਲਾਪਰਵਾਹ ਹੈ, ਬੇਪਰਵਾਹ ਨਹੀਂ।'

ਇੰਨਾ ਕਹਿ ਕੇ ਉਹ ਤੁਰ ਜਾਂਦੀ।

ਆਂਡ ਗਆਂਢ ਰਿਸ਼ਤੇਦਾਰ ਸਭ ਉਸ ਨੂੰ ਸਮਝਾ-ਸਮਝਾ ਹਾਰ ਗਏ ਪਰ ਉਹ ਤਾਂ ਸਮਝਾਂ ਤੋਂ ਕਿੱਧਰੇ ਦੂਰ ਜਾ ਰਹੀ ਸੀ ਉਸ ਦੀ ਭਾਲ ਵਿਚ, ਸਮਝਾਂ ਤੇ ਉਸ ਨੂੰ ਪੈਰੀਂ ਬੇੜੀਆਂ ਲੱਗ ਰਹੀਆਂ ਸਨ। ਹੁਣ ਤੇ ਹਾਰ ਸ਼ਿੰਗਾਰ ਵੀ ਸਮੇਂ ਦੀ ਬਰਬਾਦੀ ਜਾਪਦਾ ਸੀ, ਓਹੀ ਸਮਾਂ ਉਹ ਉਸ ਦੀ ਭਾਲ ਵਿਚ ਵਰਤਣ ਲੱਗੀ। ਹੁਣ ਦਰਵਾਜ਼ੇ ਤੇ ਦਸਤਕ ਦਿਨ ਵਿਚ ਦੋ ਵਾਰ, ਤਿੰਨ ਵਾਰ ਜਾਂ ਬੇਵਕਤ ਦੇਣ ਲੱਗ ਪਈ। ਐਨਕਾਂ ਵਾਲੇ ਡਾਕਟਰ ਨੇ ਉਸ ਨੂੰ ਪਾਗ਼ਲ ਕਰਾਰ ਦੇ ਦਿੱਤਾ। ਘਰਦਿਆਂ ਦੀ ਜਵਾਨ ਧੀਅ ਜਿਸ ਦੇ ਵਿਆਹ ਦੀ ਖ਼ੁਸ਼ੀ ਹੰਢਾਉਣੀ ਸੀ ਉਸ ਨੂੰ ਦਿਮਾਗ਼ੀ ਹਸਪਤਾਲਾਂ ਵਿਚ ਲੈ ਕੇ ਘੁੰਮਣ ਲੱਗੇ। ਕਿਸੇ ਸਿਆਣੇ ਨੇ ਦੱਸ ਪਾਈ ਕਿ ਉਸ ਕਮਰੇ ਵਿਚ ਆਤਮਾ ਹੈ ਉਸ ਲੜਕੇ ਦੀ ਛੇ ਮਹੀਨੇ ਦੀਪ ਬਾਲੋ ਤੇ ਉਸ ਨੂੰ ਉਸ ਕਮਰੇ ਵਿਚ ਹੀ ਕਿਸੇ ਬਜ਼ੁਰਗ ਔਰਤ ਦੀ ਦੇਖ ਰੇਖ ਵਿਚ ਸੌਣ ਦਿਉ। ਮਾਪਿਆਂ ਨੇ ਮਨ ਲਈ ਗੱਲ।



ਛੇ ਮਹੀਨੇ ਸਾਲਾਂ ਵਿਚ ਬਦਲ ਗਏ ਤੇ ਜੋਤ ਬਜ਼ੁਰਗ ਔਰਤ ਬਣ ਗਈ, ਦੀਪ ਹਮੇਸ਼ਾਂ ਬਲ਼ਦਾ ਰਿਹਾ। ਮਾਂ ਬਾਪ ਨੇ ਹਿੰਮਤ ਕਦੋਂ ਦੀ ਹਾਰ 'ਤੀ ਸੀ, ਸਭ ਰੱਬ ਤੇ ਛੱਡ ਕੇ ਤੁਰ ਗਏ, ਉਮਰ ਭੋਗ ਕੇ। ਪਿੱਛੋਂ ਕਿਸੇ ਸਾਰ ਨਾ ਲਈ। ਹਾਂ ਕੋਈ ਰੋਟੀ, ਕੋਈ ਕੱਪੜੇ ਕੋਈ ਹੋਰ ਜਿਊਣ ਲਈ ਜ਼ਰੂਰੀ ਚੀਜ਼ਾਂ ਉਸ ਨੂੰ ਦਿਆਲੂ ਲੋਕ ਦੇ ਜਾਂਦੇ ਸੀ। ਅਜਿਹੇ ਲੋਕ ਵੀ ਹੋ ਸਕਦੇ ਨੇ ਜੋ ਸਿਰਫ਼ ਉਡੀਕ ਵਿਚ ਉਮਰ ਗੁਜ਼ਾਰ ਦੇਣ। ਇਹ ਹਰ ਕਿਸੇ ਨੂੰ ਹੈਰਾਨ ਵੀ ਤੇ ਪਰੇਸ਼ਾਨ ਵੀ ਕਰਦਾ।

ਇਕ ਸਵੇਰ ਕਿਸੇ ਜੋਗੀ ਅਲਖ ਜਗਾਇਆ। ਜੋਤ ਥੋੜ੍ਹਾ ਆਟਾ ਕੌਲੀ ਵਿਚ ਲੈ ਕੇ ਉਸ ਨੂੰ ਦੇਣ ਲੱਗੀ ,'ਜੋਤ ਏ ਤੂੰ!'

'ਹਾਂ।' ਜੋਤ ਨੇ ਇੰਨਾ ਕਿਹਾ ਤੇ ਵਾਪਸ ਮੁੜ ਗਈ। 'ਰੁਕ ਜੋਤ।' ਪਿੱਛੋਂ ਜੋਗੀ ਨੇ ਆਵਾਜ਼ ਦਿੱਤੀ।

'ਦੀਪ ਨਹੀਂ ਆਇਆ ਮੁੜ ਕੇ ਉਸ ਦਾ ਕਸੂਰ ਨਹੀਂ ਸੀ, ਉਹ ਅਕਸਰ ਤੇਰੇ ਨਾਲ ਜਲਦੀ ਤੁਰ ਜਾਣ ਦੀਆਂ ਗੱਲਾਂ ਕਰਦਾ ਹੁੰਦਾ ਸੀ ਤੂੰ ਅੱਗਿਓਂ ਉਸ ਨੂੰ ਖ਼ੁਦ ਉਸ ਤੋਂ ਇਕ ਦਿਨ ਪਹਿਲਾਂ ਜਾਣ ਦੀ ਗੱਲ ਕਹਿ ਚੁੱਪ ਕਰਾ ਦਿੰਦੀ। ਉਹ ਰਿਹਾ ਮੇਰੇ ਨਾਲ ਇਕ ਸਾਲ ਕਾਹਲ ਸੀ ਉਸ ਨੂੰ ਜਾਣ ਦੀ। ਤੁਰ ਗਿਆ ਸਾਹ ਦੀ ਤਕਲੀਫ਼ ਸੀ ਉਸ ਨੂੰ। ਮੈਂ ਉਸ ਨੂੰ ਕਿੰਨੀ ਵਾਰ ਤੜਫ਼ਦੇ ਵੇਖਿਆ, ਮੌਤ ਦੇ ਮੂੰਹ 'ਚੋਂ ਨਿਕਲਦੇ ਵੇਖਿਆ। ਇਕ ਦਿਨ ਨਿਗਲ ਗਈ ਚੰਦਰੀ ਮੌਤ। ਉਹ ਤੈਨੂੰ ਚੇਤੇ ਕਰਦਿਆਂ-ਕਰਦਿਆਂ ਆਪਣੀ ਬੇਬਸੀ 'ਤੇ ਰੋਂਦਾ ਰਹਿੰਦਾ ਸੀ। ਉਸ ਨੇ ਕਿੰਨੀ ਵਾਰ ਕਿਹਾ ਕਿ ਪੰਜਾਬ ਜਾ ਕੇ ਆਉਣਾ ਪਰ ਵਕਤ ਹੀ ਨ੍ਹੀਂ ਮਿਲਿਆ, ਤੇਰੇ ਬਾਰੇ ਖ਼ਬਰ ਪੜ੍ਹੀ ਸੀ ਕਿਸੇ ਅਖ਼ਬਾਰ ਵਿਚ 'ਪਿਆਰ ਦੀ ਜਗਦੀ ਜੋਤ' ਦਿਲ ਤੋਂ ਰਿਹਾ ਨਾ ਗਿਆ। ਆਉਣਾ ਪਿਆ ਸੱਚ ਦੱਸਣ ਲਈ। ਜਿਉਂਦੀ ਰਹਿ।'

ਉਸ ਦੀਆਂ ਗੱਲਾਂ ਸੁਣ ਕੇ ਸਰਦਲ 'ਤੇ ਜੋਤ ਨਹੀਂ ਸੀ, ਸ਼ਾਇਦ ਉਹ ਤੇ ਦੀਪ ਦੇ ਤੁਰ ਜਾਣ ਦੀ ਖ਼ਬਰ ਸੁਣ ਕੇ ਹੀ ਜੋਤੀ ਬਣ ਉਸ ਕੋਲ ਜਾ ਕੇ ਬਲ਼ ਰਹੀ ਸੀ। ਸਰਦਲ 'ਤੇ ਇਕ ਬਜ਼ੁਰਗ ਔਰਤ ਦੀ ਲਾਸ਼ ਸੀ। ਦੀਪ ਜੋਤੀ ਇਕ ਹੋ ਚੁੱਕੇ ਸਨ। •

86991-57303

# ਬੱਚਿਆਂ ਨੂੰ ਦਿਉ ਚੰਗੇ ਸੰਸਕਾਰ

ਬੱਚੇ ਦੇ ਜਨਮ ਲੈਣ ਸਾਰ ਹੀ ਉਸ ਦੀ ਸਿੱਖਣ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬੱਚੇ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਕੁਝ ਨਾ ਕੁਝ ਨਵਾਂ ਸਿੱਖੇ ਫਿਰ ਭਾਵੇਂ ਉਹ ਚੰਗਾ ਹੋਵੇ ਜਾਂ ਬੁਰਾ। ਪੁਰਾਣੇ ਸਮਿਆਂ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ ਅਤੇ ਇਸੇ ਕਾਰਨ ਪਰਿਵਾਰ ਦੇ ਮੈਂਬਰ ਬੱਚੇ ਨੂੰ ਚੰਗੇ ਸੰਸਕਾਰ ਦਿੰਦੇ ਰਹਿੰਦੇ ਸਨ ਪਰੰਤੂ ਅੱਜ ਕੱਲ੍ਹ ਬਹੁਗਿਣਤੀ ਪਰਿਵਾਰ ਇਕਹਿਰੇ ਹੋ ਗਏ ਅਤੇ ਇਕਹਿਰੇ ਪਰਿਵਾਰ ਹੋਣ ਕਰਕੇ ਬੱਚੇ ਨੂੰ ਚੰਗੇ ਸੰਸਕਾਰ ਦੇਣ ਦੀ ਜ਼ਿੰਮੇਵਾਰੀ ਮਾਤਾ-ਪਿਤਾ ਸਿਰ ਆ ਗਈ ਹੈ। ਘਰ ਬੱਚੇ ਦਾ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਂ ਬੱਚੇ ਦੀ ਪਹਿਲੀ ਅਧਿਆਪਕਾ। ਘਰ ਵਿੱਚੋਂ ਆਪਣੇ ਮਾਤਾ ਪਿਤਾ ਤੋਂ ਹੀ ਬੱਚਾ ਚੰਗੇ ਸੰਸਕਾਰ ਸਿੱਖਦਾ ਹੈ। ਬੱਚੇ ਵਿਚ ਚੰਗੇ ਸੰਸਕਾਰਾਂ ਦੇ ਲਈ ਜ਼ਰੂਰੀ ਹੈ ਕਿ ਮਾਤਾ ਪਿਤਾ ਬੱਚੇ ਦੇ ਲਈ ਰੋਲ ਮਾਡਲ ਬਣਨ ਤਾਂ ਜੋ ਬੱਚਾ ਮਾਤਾ ਪਿਤਾ ਨੂੰ ਆਪਣਾ ਆਦਰਸ਼ ਮੰਨ ਕੇ ਚੰਗੇ ਸੰਸਕਾਰ ਗ੍ਰਹਿਣ ਕਰ ਸਕੇ।

ਹਰ ਇਕ ਬੱਚੇ ਨੂੰ ਘਰ ਵਿੱਚੋਂ ਇਹ ਸਿੱਖਿਆ ਮਿਲਣੀ ਚਾਹੀਦੀ ਹੈ ਕਿ ਉਹ ਆਪਣੇ ਮਾਤਾ ਪਿਤਾ ਦਾ ਸਨਮਾਨ ਕਰਨ, ਇਸ ਲਈ ਜ਼ਰੂਰੀ ਹੈ ਕਿ ਬੱਚੇ ਦੇ ਮਾਤਾ-ਪਿਤਾ ਘਰ ਵਿਚ ਰਹਿ ਰਹੇ ਬੱਚੇ ਦੇ ਦਾਦਾ-ਦਾਦੀ, ਨਾਨਾ-ਨਾਨੀ ਦਾ ਸਨਮਾਨ ਕਰਨ ਤਾਂ ਜੋ ਦੇਖਾ ਦੇਖੀ ਬੱਚਾ ਆਪਣੇ ਮਾਤਾ-ਪਿਤਾ ਦਾ ਸਨਮਾਨ ਕਰਨ ਲੱਗ ਜਾਵੇ। ਬੱਚਿਆਂ ਨੂੰ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਵੇਲੇ ਮਾਤਾ ਪਿਤਾ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਮਾਤਾ ਪਿਤਾ ਕੋਲ ਜ਼ਿੰਦਗੀ ਦਾ ਵੱਡਾ ਤਜਰਬਾ ਹੁੰਦਾ ਹੈ। ਬੱਚਿਆਂ ਨੂੰ ਚੰਗੇ ਇਨਸਾਨਾਂ ਦੀਆਂ ਜੀਵਨੀਆਂ ਪੜ੍ਹ ਕੇ ਸੁਣਾਉਣੀਆਂ ਚਾਹੀਦੀਆਂ ਹਨ।



ਬੱਚਿਆਂ ਨੂੰ ਇਮਾਨਦਾਰ ਬਣਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਇਸ ਲਈ ਮਾਤਾ-ਪਿਤਾ ਨੂੰ ਬੱਚਿਆ ਅੱਗੇ ਮਿਸਾਲ ਪੇਸ਼ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਇਮਾਨਦਾਰੀ ਦੇ ਰਸਤੇ 'ਤੇ ਚੱਲ ਕੇ ਹਰ ਹਾਲ ਕਾਮਯਾਬੀ ਮਿਲਣੀ ਤੈਅ ਹੈ। ਬਚਪਨ ਵਿਚ ਮਿਲੀ ਇਮਾਨਦਾਰੀ ਦੀ ਸਿੱਖਿਆ ਕਾਰਨ ਭਵਿੱਖ ਵਿਚ ਬੱਚਾ ਭ੍ਰਿਸ਼ਟਾਚਾਰ ਦੇ ਰਸਤੇ ਨਹੀਂ ਚੱਲੇਗਾ। ਇਸ ਲਈ ਬੱਚਿਆਂ ਨੂੰ ਇਮਾਨਦਾਰ ਲੋਕਾਂ ਦੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਉੱਤੇ ਅਮਲ ਕਰਨ ਲਈ ਬੱਚਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਿਆਂ ਵਿਚ ਸਹਿਯੋਗ ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ। ਘਰ ਦੀਆਂ ਛੋਟੀਆਂ ਮੋਟੀਆਂ ਜ਼ਿੰਮੇਵਾਰੀਆਂ ਵਿਚ ਬੱਚਿਆਂ ਤੋਂ ਕੁਝ ਸਹਿਯੋਗ ਲੈਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਇਕ ਦੂਜੇ ਨਾਲ ਸਹਿਯੋਗ ਕਰਨ ਦੀ ਭਾਵਨਾ ਵਿਕਸਿਤ ਹੋ ਸਕੇ। ਹੌਲੀ-ਹੌਲੀ ਇਹ ਆਦਤ ਬੱਚੇ ਦਾ ਸੁਭਾਅ ਬਣ ਜਾਵੇਗੀ ਅਤੇ ਘਰ ਤੋਂ ਮਿਲੀ ਸਹਿਯੋਗ ਕਰਨ ਦੀ ਭਾਵਨਾ ਬਾਹਰ ਵਾਲੇ ਲੋਕਾਂ ਲਈ ਅਤੇ ਬੱਚੇ ਦੇ ਸੁੰਦਰ ਭਵਿੱਖ ਲਈ ਸਹਾਈ ਹੋਵੇਗੀ।

ਬੱਚਿਆਂ ਅੰਦਰ ਪ੍ਰੇਮ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬਚਪਨ ਵਿਚ ਸਿੱਖੀ ਪ੍ਰੇਮ ਦੀ ਭਾਵਨਾ ਭਵਿੱਖ ਵਿਚ ਦੇਸ਼ ਅਤੇ ਕਿੱਤੇ ਪ੍ਰਤੀ ਲਾਹੇਵੰਦ ਸਾਬਿਤ ਹੋਵੇਗੀ ਜਿਸ ਨਾਲ ਦੇਸ਼ ਅੰਦਰ ਇਕ ਦੂਜੇ ਪ੍ਰਤੀ ਪਿਆਰ ਵੱਧੇਗਾ ਅਤੇ ਦਿਲਾਂ ਵਿੱਚੋਂ ਨਫ਼ਰਤ ਖ਼ਤਮ ਹੋਵੇਗੀ। ਅੱਜ ਦੇ ਬੱਚਿਆਂ ਵਿਚ ਸਹਿਣ-ਸ਼ਕਤੀ ਦੀ ਬਹੁਤ ਕਮੀ ਹੈ ਉਹ ਹਰ ਇਕ ਗੱਲ ਤੇ ਖਿੱਝ ਜਾਂਦੇ ਹਨ ਅਤੇ ਗੁੱਸਾ ਕਰਦੇ ਹਨ ਜਿਸ ਨਾਲ ਜਿੱਥੇ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਉੱਥੇ ਹੀ ਮਾਤਾ ਪਿਤਾ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਲਈ ਬੱਚਿਆਂ ਅੰਦਰ ਸਹਿਣ-ਸ਼ਕਤੀ ਦੀ ਆਦਤ ਪਾਉਣੀ ਚਾਹੀਦੀ ਹੈ। ਇਹ ਗੁਣ ਬੱਚਿਆਂ ਅੰਦਰ ਸਕਾਰਾਤਮਕ ਸੋਚ ਪੈਦਾ ਕਰੇਗਾ ਉੱਥੇ ਹੀ ਬੱਚਾ ਛੋਟੀਆ-ਛੋਟੀਆਂ ਗੱਲਾਂ ਉੱਤੇ ਗੁੱਸਾ ਨਹੀਂ ਕਰੇਗਾ।

ਸਕੂਲ ਅਤੇ ਮਾਪਿਆਂ ਦਾ ਇਹ ਮੁੱਢਲਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ। ਬੱਚਿਆਂ ਅੰਦਰ ਦੇਸ਼ ਪਿਆਰ, ਦੇਸ਼ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਣਾ ਅਤੀ ਜ਼ਰੂਰੀ ਹੈ ਤਾਂ ਜੋ ਕਿਸੇ ਮੁਸ਼ਕਿਲ ਸਮੇਂ ਬੱਚੇ ਦੇਸ਼ ਲਈ ਕੁਝ ਕਰ ਕੇ ਦਿਖਾ ਸਕਣ। ਇਸ ਲਈ ਬੱਚਿਆਂ ਨੂੰ ਦੇਸ਼ ਭਗਤਾਂ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਸੁਣਾ ਕੇ ਪ੍ਰੇਰਿਤ ਕਰਨਾ ਚਾਹੀਦਾ ਹੈ। ਜ਼ਿੰਦਗੀ ਵਿਚ ਚੰਗੇ ਸੰਸਕਾਰਾਂ ਦਾ ਹੋਣਾ ਅਤੀ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਪਹਿਚਾਣ ਉਸ ਦੇ ਚੰਗੇ ਗੁਣਾ ਕਰਕੇ ਕੀਤੀ ਜਾਂਦੀ ਹੈ ਨਾ ਕਿ ਉਸ ਦੀ ਧਨ ਦੌਲਤ ਨਾਲ। ਚੰਗੇ ਸੰਸਕਾਰ ਵਾਲੇ ਵਿਅਕਤੀ ਦਾ ਸਦਾ ਆਦਰ ਹੀ ਕੀਤਾ ਜਾਂਦਾ ਹੈ ਇਸ ਲਈ ਸਾਡੇ ਸੰਸਕਾਰ ਅਜਿਹੇ ਹੋਣੇ ਚਾਹੀਦੇ ਹਨ ਜੋ ਸਮਾਜ ਲਈ ਇਕ ਮਿਸਾਲ ਬਣ ਸਕਣ।

• ਪ੍ਰਿੰਸ ਅਰੋੜਾ
98554-83000

**ਪ੍ਰਭਜੋਤ ਕੌਰ ਢਿੱਲੋਂ**

**ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ ਜਿਸ ਨੂੰ ਪਿਆਰ ਦੇ ਪਾਣੀ ਦੀ ਜ਼ਰੂਰਤ ਹੁੰਦੀ ਹੈ...**

# ਘਰ ਨੂੰ ਘਰ ਬਣਾਈ ਰੱਖੋ



ਘਰ ਨੂੰ ਘਰ ਬਣਾਉਣ ਲਈ ਬਹੁਤ ਜ਼ਰੂਰੀ ਹੈ ਕਿ ਘਰ ਸ਼ਾਂਤਮਈ ਵਾਤਾਵਰਣ ਹੋਵੇ। ਅਜਿਹਾ ਵਾਤਾਵਰਣ ਤਾਂ ਹੀ ਹੋ ਸਕਦਾ ਹੈ ਜੇਕਰ ਪਰਿਵਾਰ ਦੇ ਹਰ ਮੈਂਬਰ ਦੀ ਇੱਛਾ ਹੋਵੇ। ਬਹੁਤੇ ਘਰਾਂ ਵਿਚ ਲੜਕੇ ਦੇ ਵਿਆਹ ਤੋਂ ਬਾਅਦ ਬਵਾਲ ਖੜ੍ਹਾ ਹੋ ਜਾਂਦਾ ਹੈ। ਪੁਲਿਸ ਕੇਸ ਅਤੇ ਅਦਾਲਤਾਂ ਤਕ ਗੱਲ ਪਹੁੰਚ ਜਾਂਦੀ ਹੈ। ਇੱਥੇ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ, ਉਨਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਘਰ ਨੂੰ ਬਣਾਉਣ ਵਿਚ ਲੜਕੇ ਦੇ ਮਾਂ ਬਾਪ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਲਗਾਈ ਹੁੰਦੀ ਹੈ, ਉਸ ਘਰ ਨਾਲ ਉਨ੍ਹਾਂ ਦੀਆਂ ਬਹੁਤ ਸਾਰੀਆਂ ਯਾਦਾਂ ਅਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਉਸ ਘਰ ਦੇ ਉਹ ਮਾਲਕ ਹਨ। ਬੇਟੇ ਉੱਪਰ ਉਨ੍ਹਾਂ ਨੇ ਜ਼ਿੰਦਗੀ ਭਰ ਦੀ ਕਮਾਈ ਖ਼ਰਚੀ ਹੁੰਦੀ ਹੈ। ਉਹ ਪਿਆਰ ਅਤੇ ਇੱਜ਼ਤ ਦੇ ਪੂਰੀ ਤਰ੍ਹਾਂ ਨਾਲ ਹੱਕਦਾਰ ਹਨ। ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ। ਯਾਦ ਰੱਖੋ ਜੇ ਪੌਦੇ ਦੀਆਂ ਜੜ੍ਹਾਂ ਠੀਕ ਹੋਣਗੀਆਂ, ਕੱਟੀਆਂ ਹੋਈਆਂ ਨਹੀਂ ਹੋਣਗੀਆਂ, ਮਤਲਬ ਕੁਝ ਪਹਿਲੇ ਵਾਲੀ ਧਰਤੀ ਵਿਚ ਰਹਿ ਗਈਆਂ ਤਾਂ ਅਗਲੀ ਧਰਤੀ (ਸਹੁਰਾ ਪਰਿਵਾਰ) ਜਿੰਨੀ ਮਰਜ਼ੀ ਉਪਜਾਊ ਹੋਵੇ, ਪੌਦੇ ਦੀਆਂ ਜੜ੍ਹਾਂ ਨਹੀਂ ਜੰਮਣਗੀਆਂ। ਜਦੋਂ ਲੜਕੀ ਵਿਆਹੀ ਜਾਂਦੀ ਹੈ ਤਾਂ ਉਸ ਨੂੰ ਅਗਲੇ ਘਰ ਦੇ ਤੌਰ ਤਰੀਕੇ ਅਪਣਾਉਣੇ ਚਾਹੀਦੇ ਹਨ ਨਾ ਕਿ ਉਨ੍ਹਾਂ ਨੂੰ ਬਦਲਣ ਲੱਗ ਜਾਵੇ।

ਕੁਝ ਹੋਰ ਗੱਲਾਂ ਜੋ ਧਿਆਨ ਰੱਖਣ ਵਾਲੀਆਂ ਹਨ ਜਿਵੇਂ :

- ਆਮ ਕਰ ਕੇ ਲੜਕੀ ਦੀ ਮਾਂ ਵਾਰ-ਵਾਰ ਫੋਨ ਕਰਕੇ, ਸਹੁਰੇ ਪਰਿਵਾਰ ਬਾਰੇ ਪੁੱਛਦੀ ਹੈ। ਲੜਕੀ ਨੂੰ ਤੁਸੀਂ ਇਸ ਨਾਲ ਉਤਸ਼ਾਹਿਤ ਕਰ ਰਹੇ ਹੁੰਦੇ ਹੋ। ਉਹ ਵਧਾ ਚੜ੍ਹਾ ਕੇ ਗੱਲਾਂ ਦੱਸਣ ਲੱਗ ਜਾਂਦੀ ਹੈ।
- ਲੜਕੀ ਨੂੰ ਵਾਰ-ਵਾਰ ਪੇਕੇ ਘਰ ਫੋਨ ਕਰਨ ਤੋਂ ਮਨ੍ਹਾ ਕਰਨਾ ਚਾਹੀਦਾ ਹੈ।
- ਲੜਕੀ ਦਾ ਵਾਰ-ਵਾਰ ਪੇਕੇ ਘਰ ਆਉਣਾ ਵੀ ਸਮੱਸਿਆ ਖੜ੍ਹੀ ਕਰਦਾ ਹੈ।
- ਲੜਕੀ ਨੂੰ ਘਰ ਦੇ ਕੰਮ ਕਰਨ ਦੀ ਸਲਾਹ ਦਿਉ ਨਾ ਕਿ ਏਹ ਕਹੋ ਕਿ ਤੂੰ ਨੌਕਰ ਨਹੀਂ ਹੈ।
- ਲੜਕੇ ਨੂੰ ਕਦੇ ਵੀ ਉਸ ਦੇ ਮਾਪਿਆਂ ਤੋਂ ਉਸੇ ਸ਼ਹਿਰ ਵਿਚ ਰਹਿੰਦਿਆਂ ਅਲੱਗ ਰਹਿਣ ਲਈ ਮਜ਼ਬੂਰ ਨਾ ਕਰੋ। ਲੜਕੀ ਰੂਪੀ ਪੌਦੇ ਦੀਆਂ ਜੜ੍ਹਾਂ ਵੀ ਨਹੀਂ ਲੱਗਣ ਦਿੱਤੀਆਂ ਅਤੇ ਲੜਕੇ ਦੀਆਂ ਜੜ੍ਹਾਂ ਵੀ ਹਿਲਾ ਦਿੱਤੀਆਂ।
- ਲੜਕੇ ਨੂੰ ਉਸ ਦੇ ਮਾਪਿਆਂ ਖਿਲਾਫ਼ ਖੜ੍ਹਾ ਨਾ ਕਰੋ, ਜਿੰਨੀ ਜ਼ਹਿਰ ਉਸ ਦੇ ਕੰਨਾਂ ਵਿਚ ਘੋਲੋਗੇ, ਉਹ ਉਸ ਜ਼ਹਿਰ ਨੂੰ ਹਰ ਜਗ੍ਹਾ ਉਗਲੇਗਾ।
- ਵਿਆਹ ਤੋਂ ਬਾਅਦ ਲੜਕੀ ਜੇਕਰ ਨੌਕਰੀ ਕਰਦੀ ਹੈ ਤਾਂ ਉਸ ਦੇ ਪੈਸਿਆਂ ਨੂੰ ਆਪਣੇ ਹੱਥਾਂ ਵਿਚ ਰੱਖਣ ਦੀ ਆਦਤ ਛੱਡ ਦਿਉ।
- ਲੜਕੀ ਦੀਆਂ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਪ੍ਰਤੀ ਜ਼ਿਮੇਵਾਰੀਆਂ ਹੁੰਦੀਆਂ ਹਨ।ਜਦੋਂ ਉਹ ਪੇਕਿਆਂ ਦੇ ਘਰ ਹੀ ਵੜੀ ਰਹੇਗੀ ਤਾਂ ਉਹ ਜ਼ਿਮੇਵਾਰੀ ਨਿਭਾਅ ਨਹੀਂ ਸਕਦੀ।
- ਸੁਹਰੇ ਪਰਿਵਾਰ ਨੂੰ ਵੀ ਨਵੀਂ ਆਈ ਲੜਕੀ ਨੂੰ ਘਰ ਵਿਚ ਸਹਿਜ ਮਾਹੌਲ ਦੇਣਾ ਚਾਹੀਦਾ ਹੈ।
- ਰੋਕ ਟੋਕ ਦੀ ਭਾਸ਼ਾ ਨਾ ਵਰਤੋ। ਜੇਕਰ ਸਮਝਾਉਣ ਤੋਂ ਬਾਅਦ ਵੀ ਘਰ ਦਾ ਮਾਹੌਲ ਖ਼ਰਾਬ ਹੁੰਦਾ ਹੈ ਤਾਂ ਇਕ ਚੁੱਪ ਸੌ ਸੁੱਖ ਦਾ ਫਾਰਮੂਲਾ ਅਪਨਾ ਕੇ ਵੇਖੋ।
- ਘਰ ਨੂੰ ਲੜਾਈ ਦਾ ਅਖਾੜਾ ਬਣਾਉਣ ਤੋਂ ਪ੍ਰਹੇਜ਼ ਕਰੋ।
- ਜਿਹੜੀਆਂ ਤਬਦੀਲੀਆਂ ਹੋ ਸਕਦੀਆਂ ਹਨ ਕਰ ਲਵੋ।
- ਸੱਸ ਸਹੁਰਾ ਉਸ ਘਰ ਦੇ ਮਾਲਕ ਹਨ, ਉਨ੍ਹਾਂ ਨੂੰ ਮੂਰਖ ਸਮਝਣਾ ਤੇ ਦੱਸਣਾ, ਤੁਹਾਡੀ ਸੋਚ ਅਤੇ ਅਕਲ ਦਾ ਪੱਧਰ ਦਸਦਾ ਹੈ।
- ਹਰ ਛੋਟੀ-ਛੋਟੀ ਗੱਲ ਮਾਂ ਨੂੰ ਨਾ ਦੱਸੋ। ਲੜਕੀ ਦੀ ਮਾਂ ਨੂੰ ਵੀ ਆਪਣੀ ਸਮਝਦਾਰੀ ਵਿਖਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜਿਹੜੀ ਮਾਂ ਧੀ ਦੇ ਸਹੁਰੇ ਪਰਿਵਾਰ ਵਿਚ ਦਖ਼ਲ ਦਿੰਦੀ ਹੈ ਉਹ ਕਿਸੇ ਵੀ ਪਾਸਿਓਂ ਸਮਝਦਾਰ ਨਹੀਂ ਹੁੰਦੀ।

ਹਰ ਘਰ ਦੇ ਆਪਣੇ ਕਾਇਦੇ ਹੁੰਦੇ ਹਨ, ਉਹ ਉਨ੍ਹਾਂ ਦਾ ਘਰ ਹੈ। ਉਸ ਘਰ ਨੂੰ ਚਲਾਉਣ ਦਾ ਉਨ੍ਹਾਂ ਦਾ ਹੱਕ ਹੈ। ਆਪਣੀ ਬੇਟੀ ਦੇ ਸਹੁਰੇ ਘਰ ਨੂੰ ਘਰ ਰਹਿਣ ਦਿਉ। ਕਿਸੇ ਵੀ ਘਰ ਵਿਚ ਬਾਹਰੀ ਦਖ਼ਲ ਅੰਦਾਜ਼ੀ ਤਬਾਹੀ ਮਚਾਉਣ ਦਾ ਹੀ ਕੰਮ ਕਰਦੀ ਹੈ। ਲੜਕੇ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨਾਂ ਨੇ ਆਪਣੇ ਫ਼ਰਜ਼ ਨਿਭਾਏ ਹਨ ਹੁਣ ਤੁਹਾਡੀ ਵਾਰੀ ਹੈ ਆਪਣੇ ਫ਼ਰਜ਼ ਪੂਰੇ ਕਰਨ ਦੀ। •

# ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ

ਅਕਸਰ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਜ਼ਿੰਦਗੀ ਕੀ ਹੈ? ਮਨ ਜ਼ਿੰਦਗੀ ਬਾਰੇ ਜਾਣਨਾ ਚਾਹੁੰਦਾ ਹੈ, ਇਸ ਨੂੰ ਸਮਝਣਾ। ਜ਼ਿੰਦਗੀ ਪ੍ਰਤੀ ਹਰ ਇਕ ਮਨੁੱਖ ਦਾ ਆਪੋ ਆਪਣਾ (ਸਮੇਂ, ਸਥਿਤੀ, ਸਥਾਨ, ਸਮਝ, ਤਜਰਬੇ, ਅਨੁਭਵ, ਗਿਆਨ ਅਨੁਸਾਰ) ਨਜ਼ਰੀਆ, ਸਮਝ ਤੇ ਕਲਪਨਾ ਹੈ।

ਰੁੱਤਬੇ , ਗਿਆਨ, ਤਜਰਬੇ, ਅਮੀਰੀ, ਗ਼ਰੀਬੀ, ਸੋਚ ਅਨੁਸਾਰ ਹਰ ਕਿਸੇ ਲਈ ਜ਼ਿੰਦਗੀ ਦੀ ਪਰਿਭਾਸ਼ਾ, ਜ਼ਿੰਦਗੀ ਪ੍ਰਤੀ ਸਮਝ ਅਤੇ ਜ਼ਿੰਦਗੀ ਅਲੱਗ-ਅਲੱਗ ਹੈ ਪਰ ਇਹ ਇਕ ਸਹੀ ਗੱਲ ਹੈ ਕਿ ਜ਼ਿੰਦਗੀ ਇਕ ਰੰਗਮੰਚ ਦੀ ਤਰ੍ਹਾਂ ਹੈ। ਜਿੱਥੇ ਅਸੀਂ ਸਾਰੇ ਸਮੇਂ, ਸਥਿਤੀ ਤੇ ਹਾਲਾਤ ਅਨੁਸਾਰ ਵੱਖ-ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਾਂ ਅਤੇ ਦੁਨੀਆ ਵਿਚ ਇਸ ਰੰਗਮੰਚ 'ਤੇ ਨਿਭਾਈ ਹੋਈ ਆਪਣੀ ਭੂਮਿਕਾ ਅਨੁਸਾਰ ਉਹੋ ਜਿਹੀਆਂ ਪੈੜਾਂ ਯਾਦਾਂ, ਨਿਸ਼ਾਨ, ਚੇਤੇ, ਛੱਡ ਜਾਂਦੇ ਹਾਂ।

ਚੇਤਿਆਂ ਵਿਚ ਆਸਵੰਦ , ਸਕਾਰਾਤਮਕ, ਯਥਾਰਥਵਾਦੀ ਭੂਮਿਕਾ ਵਜੋਂ ਵਸਣ ਲਈ ਸਾਨੂੰ ਇਸ ਰੰਗਮੰਚ 'ਤੇ ਆਪਣੀ ਭੂਮਿਕਾ ਉਸਾਰੂ, ਸੁਚਾਰੂ ਤੇ ਇਮਾਨਦਾਰੀ ਭਰੀ ਨਿਭਾ ਕੇ , ਦੂਸਰਿਆਂ ਦਾ ਭਲਾ ਕਰ ਕੇ, ਮਾਨਵਤਾ, ਜੀਵ ਜੰਤ ਦੀ ਭਲਾਈ ਦੇ ਉਪਰਾਲੇ ਕਰਕੇ , ਲੋੜਵੰਦਾਂ ਦੀ ਸਹਾਇਤਾ ਕਰਕੇ ਅਤੇ ਨਿਮਰਤਾ ਭਰਪੂਰ ਵਿਵਹਾਰ ਅਪਣਾ ਕੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਕਿਰਦਾਰ ਉਸਾਰੂ, ਸੁਚਾਰੂ ਤੇ ਉੱਤਮ ਬਣਾਉਣਾ ਚਾਹੀਦਾ ਹੈ। ਜ਼ਿੰਦਗੀ ਦੇ ਸਕੂਲ ਵਿਚ ਅਸੀਂ ਅਨੇਕਾਂ ਜੀਵਨ ਤਜਰਬੇ , ਸਿੱਖਿਆਵਾਂ, ਗਿਆਨ ਤੇ ਅਨੁਭਵ ਹਾਸਲ ਕਰਦੇ ਹਾਂ ਜਿਸ ਨੂੰ ਸਾਨੂੰ ਮੌਖਿਕ ਜਾਂ ਲਿਖਤੀ ਰੂਪ ਵਿਚ ਦੂਸਰਿਆਂ ਤਕ ਵੰਡਣਾ ਤੇ ਪਹੁੰਚਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਜੋ ਕੇ ਰੱਖਣਾ ਚਾਹੀਦਾ ਹੈ।

ਜ਼ਿੰਦਗੀ ਦੇ ਰੰਗਮੰਚ ਵਿਚ ਜੇਕਰ ਅਸੀਂ ਸਹੀ ਅਤੇ ਉਸਾਰੂ ਤੇ ਵਧੀਆ ਭੂਮਿਕਾ ਨਿਭਾਵਾਂਗੇ, ਤਦ ਹੀ ਸਹੀ ਹੋ ਸਕਦਾ ਹੈ। ਪਿਛੋਕੜ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੇ ਵੀ ਜ਼ਿੰਦਗੀ ਦੇ ਰੰਗਮੰਚ ਵਿਚ ਨਕਾਰਾਤਮਕ ਭੂਮਿਕਾ ਅਦਾ ਕੀਤੀ, ਉਹ ਦੁਨੀਆ ਵਿਚ ਅੱਜ ਵੀ ਬੁਰਾਈ ਦੇ ਪ੍ਰਤੀਕਾਂ ਵਜੋਂ ਜਾਣੇ ਜਾਂਦੇ ਰਹੇ। ।ਜ਼ਿੰਦਗੀ ਦੇ ਰੰਗਮੰਚ ਵਿਚ ਉਸਾਰੂ ਅਤੇ ਉੱਤਮ ਭੂਮਿਕਾ ਨਿਭਾਉਣ ਵਾਲਿਆਂ ਨੂੰ ਦੁਨੀਆਂ ਅੱਜ ਵੀ ਯਾਦ ਕਰਦੀ ਹੈ, ਪ੍ਰਣਾਮ ਕਰਦੀ ਹੈ ਅਤੇ ਸਤਿਕਾਰ ਵਜੋਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜ਼ਿੰਦਗੀ ਵਿਚ ਪਿਆਰ, ਭਾਈਚਾਰਕ ਸਾਂਝ, ਮਿਲਵਰਤਨ, ਨਿਮਰਤਾ ਪਰ ਉਪਕਾਰ ਮਾਨਵਤਾ ਅਤੇ ਜੀਵ ਜੰਤ ਦੀ ਭਲਾਈ ਦੀ ਧਾਰਨਾ ਬਣਾਈ ਰੱਖਣਾ ਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜ਼ਿੰਦਗੀ ਦੇ ਇਸ ਰੰਗਮੰਚ ਵਿਚ ਜ਼ਿੰਦਗੀ ਤੋਂ ਵੱਡੇ ਵਡੇਰਿਆਂ ਤੇ ਮਹਾਂਪੁਰਸ਼ਾਂ ਦੇ ਤਜਰਬਿਆਂ ਤੋਂ ਅਤੇ ਚੰਗੀਆਂ ਪੁਸਤਕਾਂ ਤੋਂ ਸਿੱਖਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ ਚਾਹੀਦਾ ।

ਜ਼ਿੰਦਗੀ ਦੇ ਰੰਗਮੰਚ ਦਾ ਅਨੰਦ ਕੇਵਲ ਤੇ ਕੇਵਲ ਸਾਦਗੀ ਦਾ ਗੁਣ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ ਕਿਉਂਕਿ ਸਾਦਗੀ ਸਕੂਨ ਦਾ ਆਧਾਰ ਬਣਦੀ ਹੈ। ਪਰਾਏ ਧਨ, ਪਰਾਈ ਵਾਸਤੂ , ਪਰਾਏ ਤਨ ਦੀ ਲਾਲਸਾ ਤੇ ਪ੍ਰਾਪਤੀ ਦੀ ਇੱਛਾ ਜ਼ਿੰਦਗੀ ਨੂੰ ਨਰਕ / ਦੁਸ਼ਵਾਰ ਬਣਾ ਦਿੰਦੀ ਹੈ। ਅਜਿਹੀ ਚਾਹਤ ਜ਼ਿੰਦਗੀ ਵਿੱਚੋਂ ਖ਼ੁਸ਼ੀਆਂ ਖੇੜੇ ਅਨੰਦ ਖੋਹ ਲੈਂਦੀ ਹੈ ਤੇ ਜ਼ਿੰਦਗੀ ਦਾ ਰੰਗਮੰਚ ਬੇਰੰਗ ਹੋ ਜਾਂਦਾ ਹੈ। ਈਰਖਾ, ਲੋਭ, ਦਿਖਾਵਾ, ਬਿਨਾਂ ਮਿਹਨਤ ਧਨ ਪ੍ਰਾਪਤੀ ਦੀ ਲਾਲਸਾ ਅਤੇ ਨਾ ਖ਼ਤਮ ਹੋਣ ਵਾਲੀਆਂ ਇੱਛਾਵਾਂ ਮਨੁੱਖ ਦੀ ਜ਼ਿੰਦਗੀ ਨੂੰ ਅਤੇ ਜ਼ਿੰਦਗੀ ਦੇ ਇਸ ਰੰਗਮੰਚ ਨੂੰ ਬਦਰੰਗ, ਖੋਖਲਾ ਤੇ ਅਸ਼ਾਂਤ ਕਰ ਦਿੰਦੇ ਹਨ। ਇਸ ਲਈ ਜ਼ਿੰਦਗੀ ਦੇ ਇਸ ਰੰਗਮੰਚ ਦਾ ਭਰਪੂਰ ਅਨੰਦ ਲੈਣ ਲਈ ਸਾਦਗੀ, ਇਮਾਨਦਾਰੀ, ਪਰਉਪਕਾਰ ਦੀ ਭਾਵਨਾ ਅਤੇ ਕਰਮਸ਼ੀਲਤਾ ਵਰਗੇ ਮਹਾਨ ਗੁਣਾਂ ਦੇ ਧਾਰਨੀ ਬਣਨਾ ਸਹੀ ਹੋ ਸਕਦਾ ਹੈ ਤਾਂ ਜੋ ਜ਼ਿੰਦਗੀ ਅਤੇ ਜ਼ਿੰਦਗੀ ਦਾ ਰੰਗਮੰਚ ਸੱਚਮੁੱਚ ਰੰਗਾਂ, ਖ਼ੁਸ਼ੀਆਂ, ਖੇੜਿਆਂ, ਸਕੂਨ ਤੇ ਅਨੰਦ ਦਾ ਮੰਚ ਬਣ ਜਾਵੇ। ਜਦੋਂ ਅਸੀਂ ਜ਼ਿੰਦਗੀ ਨੂੰ ਜਿਉਣਾ ਸਿੱਖ ਲਾਗੇ ਤਾਂ ਸਾਡਾ ਜੀਵਨ ਹੀ ਨਹੀਂ ਆਲਾ-ਦੁਆਲਾ ਵੀ ਖ਼ੁਸ਼ਗਵਾਰ ਹੋ ਜਾਵੇਗਾ। ਤੁਸੀਂ ਅਜਿਹਾ ਕਰਕੇ ਤਾਂ ਦੇਖੋ।

• ਮਾਸਟਰ ਸੰਜੀਵ ਧਰਮਾਣੀ
94785-61356

# ਆਡੀਓ ਕਲਿੱਪ: ਪੰਜਾਬ ਦੀ ਫੋਰੈਂਸਿਕ ਲੈਬ 'ਚ ਹੋਵੇਗੀ ਜਾਂਚ; ਹਾਈ ਕੋਰਟ ਵੱਲੋਂ ਚੋਣ ਕਮਿਸ਼ਨ ਦੇ ਕੰਮ 'ਚ ਦਖਲ ਤੋਂ ਇਨਕਾਰ; ਅਗਲੀ ਸੁਣਵਾਈ 22 ਨੂੰ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਡੀਓ ਲੀਕ ਮਾਮਲੇ ਦੀ ਜਾਂਚ ਨੂੰ ਲੈ ਕੇ ਪੰਜਾਬ ਰਾਜ ਚੋਣ ਕਮਿਸ਼ਨ ਦੇ ਕੰਮ 'ਚ ਕਿਸੇ ਤਰ੍ਹਾਂ ਦੇ ਦਖਲ ਤੋਂ ਇਨਕਾਰ ਕਰਦਿਆਂ ਨਿਰਦੇਸ਼ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਵਿਚ ਰਾਜ ਚੋਣ ਕਮਿਸ਼ਨ (SEC) ਦੀ ਭੂਮਿਕਾ ਨਿਰਪੱਖ ਹੀ ਨਹੀਂ ਹੋਣੀ ਚਾਹੀਦੀ ਬਲਕਿ ਇਹ ਨਿਰਪੱਖਤਾ ਸਪਸ਼ਟ ਰੂਪ 'ਚ ਨਜ਼ਰ ਵੀ ਆਉਣੀ ਚਾਹੀਦੀ ਹੈ। ਅਦਾਲਤ ਦੇ ਫ਼ੈਸਲੇ ਅਨੁਸਾਰ ਹੁਣ ਆਡੀਓ ਕਲਿੱਪ ਦੀ ਜਾਂਚ ਚੰਡੀਗੜ੍ਹ ਦੀ ਲੈਬ 'ਚ ਹੋਣ ਦੀ ਥਾਂ ਪੰਜਾਬ ਦੀ ਸੂਬਾਈ ਲੈਬ ਵਿਚ ਹੀ ਹੋਵੇਗੀ।

ਅਦਾਲਤ ਨੇ ਰਾਜ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਚੋਣ ਕਮਿਸ਼ਨ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਦੀ ਡਿਊਟੀ 'ਚ ਤਾਇਨਾਤ ਸਾਰੇ ਪੁਲੀਸ ਕਰਮਚਾਰੀ ਅਤੇ ਐੱਸਐੱਚਓਜ਼ ਨੂੰ ਨਿਰਪੱਖ ਢੰਗ ਨਾਲ ਕੰਮ ਕਰਨ ਦੇ ਨਿਰਦੇਸ਼ ਦੇਵੇ।

ਹਾਈ ਕੋਰਟ ਦੇ ਮੁੱਖ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਲਿਖਤੀ ਫ਼ੈਸਲਾ ਨਸ਼ਰ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ.ਦਲਜੀਤ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਮਹਿਕਦੀਪ ਸਿੰਘ ਸਿੱਧੂ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਪਟਿਆਲਾ ਦੇ ਪੁਲੀਸ ਅਫ਼ਸਰਾਂ ਦੀ ਆਡੀਓ ਕਲਿੱਪ ਦੀ ਫੋਰੈਂਸਿਕ ਜਾਂਚ 'ਚ ਵੀ ਕੋਈ ਦਖਲ ਨਹੀਂ ਦਿੱਤਾ ਹੈ। ਪਟੀਸ਼ਨਰਾਂ ਦੀ ਮੰਗ ਸੀ ਕਿ ਆਡੀਓ ਦੀ ਜਾਂਚ ਚੰਡੀਗੜ੍ਹ ਦੀ ਕੇਂਦਰੀ ਫੋਰੈਂਸਿਕ ਲੈਬ ਤੋਂ ਕਰਵਾਈ ਜਾਵੇ।

ਅਦਾਲਤ ਨੇ ਰਾਜ ਚੋਣ ਕਮਿਸ਼ਨ 'ਤੇ ਉਂਗਲ ਧਰੀ ਕਿ ਇਹ ਬਿਹਤਰ ਹੋਣਾ ਸੀ ਕਿ ਅਗਰ ਚੋਣ ਕਮਿਸ਼ਨ ਪਟੀਸ਼ਨਰਾਂ ਵੱਲੋਂ ਦਿੱਤੀ ਆਡੀਓ ਵੀਡੀਓ ਸਮੱਗਰੀ ਨੂੰ ਨਿਰਪੱਖ ਜਾਂਚ ਲਈ ਪੰਜਾਬ ਸਰਕਾਰ ਦੀ ਅਧੀਨਗੀ ਵਾਲੀ ਪੰਜਾਬ ਪੁਲੀਸ ਦੀ ਬਜਾਏ ਕਿਸੇ ਬਾਹਰੀ ਏਜੰਸੀ ਦੇ ਹਵਾਲੇ ਕਰਦਾ। ਅਦਾਲਤ ਨੇ ਕਿਹਾ ਹੈ ਕਿ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ ਨੂੰ ਚੋਣ ਡਿਊਟੀ ਤੋਂ ਲਾਂਭੇ ਰੱਖਿਆ ਜਾਵੇ। ਰਾਜ ਚੋਣ ਕਮਿਸ਼ਨ ਵੱਲੋਂ ਪੇਸ਼ ਵਕੀਲ ਆਰ.ਐਸ.ਰੰਧਾਵਾ ਨੇ ਅਦਾਲਤ 'ਚ ਦੱਸਿਆ ਕਿ ਐੱਸ ਐੱਸ ਪੀ ਪਟਿਆਲਾ ਦੀ ਛੇ ਦਿਨਾਂ ਦੀ ਅਚਨਚੇਤੀ ਛੁੱਟੀ ਮਨਜ਼ੂਰ ਕੀਤੀ ਗਈ ਹੈ।

ਅਦਾਲਤ ਨੇ ਪਟਿਆਲਾ ਦੇ ਐੱਸ ਐੱਸ ਪੀ ਨੂੰ ਛੁੱਟੀ 'ਤੇ ਭੇਜਣ ਦੀ ਸ਼ਲਾਘਾ ਕਰਦਿਆਂ ਇਹ ਵੀ ਕਿਹਾ ਕਿ ਜਦੋਂ ਆਡੀਓ ਮਾਮਲੇ ਦੀ ਸ਼ਿਕਾਇਤ ਮਿਲੀ ਸੀ ਤਾਂ ਬਿਨਾਂ ਪੱਖਪਾਤ ਤੋਂ ਫ਼ੌਰੀ ਹੀ ਕਮਿਸ਼ਨ ਨੂੰ ਮੌਕੇ 'ਤੇ ਪਹੁੰਚਣਾ ਚਾਹੀਦਾ ਸੀ। ਬੈਂਚ ਨੇ ਫ਼ੈਸਲੇ 'ਚ ਕਿਹਾ ਹੈ ਕਿ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਦੌਰਾਨ ਰਾਜ ਚੋਣ ਕਮਿਸ਼ਨ ਦੀ ਭੂਮਿਕਾ ਤੋਂ ਇਹ ਪ੍ਰਭਾਵ ਨਹੀਂ ਜਾਣਾ ਚਾਹੀਦਾ ਕਿ ਕਮਿਸ਼ਨ ਕਿਸੇ ਸਿਆਸੀ ਧਿਰ ਜਾਂ ਵਿਅਕਤੀ ਵਿਸ਼ੇਸ਼ ਦਾ ਪੱਖ ਪੂਰ ਰਿਹਾ ਹੈ। ਅਦਾਲਤ ਨੇ ਆਡੀਓ ਦੀ ਜਾਂਚ ਤੋਂ ਖ਼ੁਦ ਨੂੰ ਲਾਂਭੇ ਰੱਖਿਆ ਹੈ।

ਰਾਜ ਚੋਣ ਕਮਿਸ਼ਨ ਦੇ ਵਕੀਲ ਨੇ ਦੱਸਿਆ ਕਿ ਆਡੀਓ ਅਤੇ ਵੀਡੀਓ ਰਿਕਾਰਡਜ਼ ਨੂੰ ਜਾਂਚ ਲਈ ਪੰਜਾਬ ਸਥਿਤ ਸੂਬਾਈ ਫੋਰੈਂਸਿਕ ਲੈਬ 'ਚ ਭੇਜਿਆ ਗਿਆ ਹੈ। ਹਾਈ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 22 ਦਸੰਬਰ 'ਤੇ ਪਾ ਦਿੱਤੀ ਹੈ।

# 'ਇਕ ਦੇਸ਼ ਇਕ ਚੋਣ' ਬਿੱਲਾਂ ਦੀ ਘੋਖ ਕਰਨ ਵਾਲੀ ਸੰਸਦੀ ਕਮੇਟੀ ਦੀ ਮਿਆਦ 'ਚ ਵਾਧਾ

**ਨਵੀਂ ਦਿੱਲੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਨੇ ਆਮ ਚੋਣਾਂ ਤੇ ਸੂਬਾਈ ਅਸੈਂਬਲੀ ਚੋਣਾਂ ਇਕੋ ਵੇਲੇ ਕਰਵਾਉਣ ਸਬੰਧੀ ਬਿੱਲਾਂ ਦੀ ਘੋਖ ਕਰ ਰਹੀ ਸੰਸਦੀ ਕਮੇਟੀ ਦੀ ਮਿਆਦ ਵਧਾ ਦਿੱਤੀ ਹੈ। ਕਮੇਟੀ ਦੇ ਚੇਅਰਮੈਨ ਪੀ ਪੀ ਚੌਧਰੀ ਨੇ ਸੰਵਿਧਾਨ (129ਵਾਂ ਸੋਧ) ਬਿੱਲ, 2024, ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ, 2024 ਦੀ ਘੋਖ ਲਈ ਬਣਾਈ ਸਾਂਝੀ ਕਮੇਟੀ ਦੇ ਕਾਰਜਕਾਲ ਨੂੰ 2026 ਦੇ ਬਜਟ ਸੈਸ਼ਨ ਦੇ ਆਖਰੀ ਹਫ਼ਤੇ ਦੇ ਪਹਿਲੇ ਦਿਨ ਤੱਕ ਵਧਾਉਣ ਦੀ ਮੰਗ ਵਾਲਾ ਮਤਾ ਪੇਸ਼ ਕੀਤਾ। ਲੋਕ ਸਭਾ ਨੇ ਇਸ ਮਤੇ ਨੂੰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਪਿਛਲੇ ਸਾਲ ਦਸੰਬਰ ਵਿੱਚ ਬਣੀ ਇਹ ਸਾਂਝੀ ਕਮੇਟੀ ਹੁਣ ਤੱਕ ਸੰਵਿਧਾਨਕ ਮਾਹਿਰਾਂ, ਅਰਥਸ਼ਾਸਤਰੀਆਂ, ਕਾਨੂੰਨ ਕਮਿਸ਼ਨ ਦੇ ਚੇਅਰਮੈਨ ਦਿਨੇਸ਼ ਮਹੇਸ਼ਵਰੀ ਸਮੇਤ ਹੋਰਾਂ ਨਾਲ ਮੁਲਾਕਾਤ ਕਰ ਚੁੱਕੀ ਹੈ।

# ਅਦਾਲਤ ਨੇ ਅਜੇ ਗੁਪਤਾ ਨੂੰ 7 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ



**ਪਣਜੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਆ ਦੀ ਇੱਕ ਅਦਾਲਤ ਨੇ ਵੀਰਵਾਰ ਨੂੰ ਅਜੇ ਗੁਪਤਾ ਨੂੰ ਸੱਤ ਦਿਨਾਂ ਲਈ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਬੁੱਧਵਾਰ ਨੂੰ ਦਿੱਲੀ ਵਿੱਚ ਗ੍ਰਿਫਤਾਰ ਕੀਤੇ ਗਏ ਗੁਪਤਾ ਨੂੰ ਪੁੱਛਗਿੱਛ ਲਈ ਟਰਾਂਜ਼ਿਟ ਰਿਮਾਂਡ 'ਤੇ ਦੇਰ ਸ਼ਾਮ ਗੋਆ ਲਿਆਂਦਾ ਗਿਆ ਸੀ। ਇੱਕ ਅਧਿਕਾਰੀ ਨੇ ਦੱਸਿਆ ਸੀ ਕਿ ਉਸਨੂੰ ਅੱਗੇ ਦੀ ਜਾਂਚ ਲਈ ਅੰਜੁਨਾ ਪੁਲੀਸ ਸਟੇਸ਼ਨ ਲਿਜਾਇਆ ਗਿਆ।

ਉਸ ਨੂੰ ਵੀਰਵਾਰ ਨੂੰ ਮਾਪਸਾ ਕਸਬੇ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਗੁਪਤਾ ਨੂੰ ਸੱਤ ਦਿਨਾਂ ਲਈ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਗੁਪਤਾ ਦੀ ਨੁਮਾਇੰਦਗੀ ਕਰ ਰਹੇ ਵਕੀਲ ਰੋਹਨ ਦੇਸਾਈ ਨੇ ਦੱਸਿਆ ਕਿ ਗੋਆ ਪੁਲੀਸ ਨੇ ਉਨ੍ਹਾਂ ਦੇ ਮੁਵੱਕਿਲ ਦੀ ਦਸ ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਸੀ,ਪਰ ਅਦਾਲਤ ਨੇ ਸਿਰਫ਼ ਸੱਤ ਦਿਨਾਂ ਦੀ ਮਨਜ਼ੂਰੀ ਦਿੱਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁਵੱਕਿਲ ਜਾਂਚ ਏਜੰਸੀ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ।

ਜਦੋਂ ਉਸਨੂੰ ਪੁਲੀਸ ਵਾਹਨ ਵਿੱਚ ਲਿਜਾਇਆ ਜਾ ਰਿਹਾ ਸੀ,ਤਾਂ ਗੁਪਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਘਾਤਕ ਹਾਦਸੇ ਵਿੱਚ ਉਸਦੀ ਕੋਈ ਭੂਮਿਕਾ ਨਹੀਂ ਹੈ। ਉਸਨੇ ਕਿਹਾ,÷ਮੈਂ ਕੁਝ ਨਹੀਂ ਜਾਣਦਾ। ਮੇਰੀ ਕੋਈ ਸ਼ਮੂਲੀਅਤ ਨਹੀਂ ਹੈ। ਮੈਂ ਇੱਕ ਸਲੀਪਿੰਗ ਪਾਰਟਨਰ ਸੀ ਅਤੇ ਕਲੱਬ ਦੇ ਸੰਚਾਲਨ ਵਿੱਚ ਮੇਰੀ ਕੋਈ ਰਾਏ ਨਹੀਂ ਸੀ।

# 'ਵੋਟ ਚੋਰੀ' ਬਾਰੇ 'ਦਬਾਅ' ਹੇਠ ਸੀ ਸ਼ਾਹ: ਰਾਹੁਲ ਗਾਂਧੀ

**ਨਵੀਂ ਦਿੱਲੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ 'ਵੋਟੀ ਚੋਰੀ' ਬਾਰੇ ਉਨ੍ਹਾਂ ਦੀਆਂ ਪ੍ਰੈੱਸ ਕਾਨਫਰੰਸਾਂ ਨੂੰ ਲੈ ਕੇ ਸੰਸਦ ਵਿਚ ਬਹਿਸ ਦੀ ਚੁਣੌਤੀ ਦਿੱਤੀ। ਗਾਂਧੀ ਨੂੰ ਹਾਲਾਂਕਿ ਸੱਤਾਧਿਰ ਵੱਲੋਂ ਕੋਈ ਜਵਾਬ ਨਹੀਂ ਮਿਲਿਆ। ਲੋਕ ਸਭਾ ਵਿੱਚ ਚੋਣ ਸੁਧਾਰਾਂ 'ਤੇ ਬਹਿਸ ਦੌਰਾਨ ਉਨ੍ਹਾਂ ਅਤੇ ਸ਼ਾਹ ਵਿਚਕਾਰ ਤਿੱਖੀ ਬਹਿਸ ਤੋਂ ਇੱਕ ਦਿਨ ਬਾਅਦ ਗਾਂਧੀ ਨੇ ਦਾਅਵਾ ਕੀਤਾ ਕਿ ਸ਼ਾਹ 'ਦਬਾਅ ਹੇਠ' ਜਾਪਦੇ ਸਨ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨੂੰ ਕਿਹਾ, "ਉਨ੍ਹਾਂ (ਸ਼ਾਹ) ਗਲਤ ਭਾਸ਼ਾ ਦੀ ਵਰਤੋਂ ਕੀਤੀ, ਉਨ੍ਹਾਂ ਦੇ ਹੱਥ ਕੰਬ ਰਹੇ ਸਨ, ਤੁਸੀਂ ਇਹ ਸਭ ਦੇਖਿਆ ਹੋਵੇਗਾ। ਉਹ ਮਾਨਸਿਕ ਤੌਰ 'ਤੇ ਦਬਾਅ ਹੇਠ ਹੈ ਜੋ ਸੰਸਦ ਵਿੱਚ ਦੇਖਿਆ ਗਿਆ, ਪੂਰੇ ਦੇਸ਼ ਨੇ ਦੇਖਿਆ।" ਗਾਂਧੀ ਨੇ ਕਿਹਾ, "ਮੈਂ ਜੋ ਗੱਲਾਂ ਕਹੀਆਂ ਹਨ, ਉਨ੍ਹਾਂ ਬਾਰੇ ਉਨ੍ਹਾਂ(ਸ਼ਾਹ) ਨੇ ਕੋਈ ਗੱਲ ਨਹੀਂ ਕੀਤੀ, ਕੋਈ ਸਬੂਤ ਨਹੀਂ ਦਿੱਤਾ। ਅਸੀਂ ਇਹ ਗੱਲਾਂ ਪ੍ਰੈੱਸ ਕਾਨਫਰੰਸਾਂ ਵਿੱਚ ਜਨਤਕ ਤੌਰ 'ਤੇ ਕਹੀਆਂ ਹਨ। ਮੈਂ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੀ ਹੈ ਕਿ ਉਹ ਸਾਨੂੰ ਸੰਸਦ ਵਿੱਚ ਆਪਣੀਆਂ ਪ੍ਰੈੱਸ ਕਾਨਫਰੰਸਾਂ ਬਾਰੇ ਚਰਚਾ ਕਰਨ ਦੇਣ। ਜਵਾਬ ਨਹੀਂ ਮਿਲਿਆ। ਤੁਸੀਂ ਅਸਲੀਅਤ ਜਾਣਦੇ ਹੋ।" ਗਾਂਧੀ ਨੇ ਬੁੱਧਵਾਰ ਨੂੰ ਬਹਿਸ ਦੌਰਾਨ ਗ੍ਰਹਿ ਮੰਤਰੀ ਦੇ ਜਵਾਬ ਨੂੰ 'ਪੂਰੀ ਤਰ੍ਹਾਂ ਰੱਖਿਆਤਮਕ' ਦੱਸਦਿਆਂ ਕਿਹਾ ਕਿ 'ਵੋਟ ਚੋਰੀ' 'ਸਭ ਤੋਂ ਵੱਡਾ ਦੇਸ਼ਧ੍ਰੋਹ' ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਗ੍ਰਹਿ ਮੰਤਰੀ ਨੇ ਉਨ੍ਹਾਂ ਵੱਲੋਂ ਉਠਾਏ ਗਏ ਕਿਸੇ ਵੀ ਨੁਕਤੇ ਦਾ ਜਵਾਬ ਨਹੀਂ ਦਿੱਤਾ ਅਤੇ ਪਾਰਦਰਸ਼ੀ ਵੋਟਰ ਸੂਚੀਆਂ, ਈਵੀਐਮ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਛੋਟ ਦੇਣ ਸਮੇਤ ਟਾਲ-ਮਟੋਲ ਕਰਦੇ ਰਹੇ। ਗਾਂਧੀ ਸਮੇਤ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਚੋਣ ਸੁਧਾਰਾਂ 'ਤੇ ਬਹਿਸ ਦੌਰਾਨ ਲੋਕ ਸਭਾ ਵਿੱਚੋਂ ਵਾਕਆਊਟ ਕੀਤਾ। ਮਗਰੋਂ ਐਕਸ 'ਤੇ ਇੱਕ ਪੋਸਟ ਵਿੱਚ ਗਾਂਧੀ ਨੇ ਕਿਹਾ ਕਿ 'ਵੋਟ ਚੋਰੀ' ਬਾਰੇ ਸੰਸਦ ਵਿੱਚ ਗ੍ਰਹਿ ਮੰਤਰੀ ਦਾ ਜਵਾਬ 'ਘਬਰਾਹਟ ਵਾਲਾ' ਅਤੇ 'ਰੱਖਿਆਤਮਕ' ਸੀ।

# ਪਾਕਿਸਤਾਨ ਨੂੰ 6-16 ਲੜਾਕੂ ਜਹਾਜ਼ਾਂ ਲਈ ਅਡਵਾਂਸਡ ਤਕਨਾਲੋਜੀ ਅਤੇ ਸਹਾਇਤਾ ਦੇਵੇਗਾ ਅਮਰੀਕਾ

**ਇਸਲਾਮਾਬਾਦ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਯੁਕਤ ਰਾਜ ਅਮਰੀਕਾ ਨੇ ਪਾਕਿਸਤਾਨ ਨੂੰ 6-16 ਲੜਾਕੂ ਜਹਾਜ਼ਾਂ ਲਈ 686 ਮਿਲੀਅਨ ਅਮਰੀਕੀ ਡਾਲਰ ਦੀ ਅਡਵਾਂਸਡ ਤਕਨਾਲੋਜੀ ਅਤੇ ਸਹਾਇਤਾ ਦੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਡਾਨ ਦੀ ਰਿਪੋਰਟ ਮੁਤਾਬਕ ਯੂ ਐੱਸ ਡਿਫੈਂਸ ਸਕਿਓਰਿਟੀ ਕੋਆਪ੍ਰੇਸ਼ਨ ਏਜੰਸੀ (DSCA) ਨੇ ਕਾਂਗਰਸ ਨੂੰ ਭੇਜੇ ਇੱਕ ਪੱਤਰ ਵਿੱਚ ਇਹ ਮਨਜ਼ੂਰੀ ਦਿੱਤੀ।

ਇਸ ਪੈਕੇਜ ਵਿੱਚ ਲਿੰਕ-16 ਸਿਸਟਮ, ਕ੍ਰਿਪਟੋਗ੍ਰਾਫਿਕ ਉਪਕਰਣ, ਐਵੀਓਨਿਕਸ ਅੱਪਡੇਟ, ਸਿਖਲਾਈ, ਅਤੇ ਵਿਆਪਕ ਲੌਜਿਸਟੀਕਲ ਸਹਾਇਤਾ ਸ਼ਾਮਲ ਹਨ।

DSCA ਦੇ ਪੱਤਰ ਵਿੱਚ ਵਿਕਰੀ ਦੇ ਕਾਰਨ ਸਪੱਸ਼ਟ ਕੀਤੇ ਗਏ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਸੰਯੁਕਤ ਰਾਜ ਦੀ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਉਦੇਸ਼ਾਂ ਦਾ ਸਮਰਥਨ ਕਰੇਗਾ, ਜਿਸ ਨਾਲ ਪਾਕਿਸਤਾਨ ਨੂੰ ਚੱਲ ਰਹੇ ਅਤਿਵਾਦ ਵਿਰੋਧੀ ਯਤਨਾਂ ਅਤੇ ਭਵਿੱਖ ਦੇ ਅਚਨਚੇਤੀ ਕਾਰਜਾਂ ਦੀ ਤਿਆਰੀ ਵਿੱਚ ਅਮਰੀਕਾ ਅਤੇ ਭਾਈਵਾਲ ਫੌਜਾਂ ਨਾਲ ਆਪਸੀ ਤਾਲਮੇਲ ਬਰਕਰਾਰ ਰੱਖਣ ਦੀ ਇਜਾਜ਼ਤ ਮਿਲੇਗੀ।"

ਪ੍ਰਸਤਾਵਿਤ ਵਿਕਰੀ ਦਾ ਉਦੇਸ਼ ਪਾਕਿਸਤਾਨ ਦੇ 6-16 ਬੇੜੇ ਦਾ ਆਧੁਨਿਕੀਕਰਨ ਕਰਨਾ ਅਤੇ ਸੰਚਾਲਨ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨਾ ਵੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੱਤਰ ਵਿੱਚ ਨੋਟ ਕੀਤਾ ਗਿਆ ਹੈ ਕਿ ਇਸ ਦੇ ਬਲਾਕ-52 ਅਤੇ ਮਿਡ ਲਾਈਫ ਅੱਪਗ੍ਰੇਡ 6-16 ਬੇੜੇ ਨੂੰ ਅੱਪਡੇਟ ਅਤੇ ਨਵੀਨੀਕਰਨ ਕਰਕੇ ਇਹ ਪਾਕਿਸਤਾਨ ਦੀ ਮੌਜੂਦਾ ਅਤੇ ਭਵਿੱਖ ਦੇ ਖਤਰਿਆਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਨੂੰ ਬਰਕਰਾਰ ਰੱਖੇਗਾ। ਵਿਕਰੀ ਦਾ ਕੁੱਲ ਅਨੁਮਾਨਿਤ ਮੁੱਲ 686 ਮਿਲੀਅਨ ਅਮਰੀਕੀ ਡਾਲਰ ਹੈ, ਜਿਸ ਵਿੱਚ ਮੁੱਖ ਰੱਖਿਆ ਉਪਕਰਣਾਂ ਦਾ ਮੁੱਲ 37 ਮਿਲੀਅਨ ਅਮਰੀਕੀ ਡਾਲਰ ਅਤੇ ਹੋਰ ਵਸਤੂਆਂ ਦਾ ਮੁੱਲ 649 ਮਿਲੀਅਨ ਅਮਰੀਕੀ ਡਾਲਰ ਹੈ।

# ਗੋਆ ਨਾਈਟ ਕਲੱਬ ਫਾਇਰ: ਲੂਥਰਾ ਭਰਾ ਥਾਈਲੈਂਡ ਵਿਚ ਕਾਬੂ, ਭਾਰਤ ਲਿਆਉਣ ਲਈ ਕਾਨੂੰਨੀ ਚਾਰਾਜੋਈ ਸ਼ੁਰੂ



**ਪਣਜੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਈਲੈਂਡ ਪੁਲੀਸ ਨੇ ਸੌਰਭ ਲੂਥਰਾ ਤੇ ਉਸ ਦੇ ਭਰਾ ਗੌਰਵ ਲੂਥਰਾ ਨੂੰ ਫੁਕੇਟ ਵਿਚ ਹਿਰਾਸਤ 'ਚ ਲੈ ਲਿਆ ਹੈ। ਲੂਥਰਾ ਭਰਾ ਗੋਆ ਦੇ ਇਕ ਨਾਈਟ ਕਲੱਬ ਵਿਚ ਲੱਗੀ ਅੱਗ, ਜਿਸ ਵਿਚ 25 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ, ਦੇ ਮਾਮਲੇ ਵਿਚ ਗੋਆ ਪੁਲੀਸ ਨੂੰ ਲੋੜੀਂਦੇ ਹਨ। ਦੋਵੇਂ ਭਰਾ ਸ਼ਨਿੱਚਰਵਾਰ ਦੇਰ ਰਾਤ ਵਾਪਰੀ ਇਸ ਘਟਨਾ ਦੇ ਕੁਝ ਘੰਟਿਆਂ ਮਗਰੋਂ ਥਾਈਲੈਂਡ ਭੱਜ ਗਏ ਸਨ। ਅਧਿਕਾਰੀਆਂ ਨੇ ਕਿਹਾ ਕਿ ਨਾਈਟ ਕਲੱਬ ਦੇ ਸਹਿ-ਮਾਲਕਾਂ, ਜਿਨ੍ਹਾਂ ਵਿਰੁੱਧ ਇੰਟਰਪੋਲ ਵੱਲੋਂ ਬਲੂ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ, ਨੂੰ ਭਾਰਤ ਸਰਕਾਰ ਦੀ ਬੇਨਤੀ 'ਤੇ ਹਿਰਾਸਤ ਵਿੱਚ ਲਿਆ ਗਿਆ ਹੈ।

ਸੀਨੀਅਰ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਕੋਲ ਪੁਸ਼ਟੀ ਕੀਤੀ ਕਿ ਲੂਥਰਾ ਭਰਾਵਾਂ ਨੂੰ ਥਾਈਲੈਂਡ ਦੇ ਫੁਕੇਟ ਵਿਚ ਹਿਰਾਸਤ 'ਚ ਲੈ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਵਾਪਸ ਭਾਰਤ ਲਿਆਉਣ ਲਈ ਕਾਨੂੰਨੀ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ।

ਅਧਿਕਾਰੀਆਂ ਮੁਤਾਬਕ ਦੋਵਾਂ ਨੇ ਉੱਤਰੀ ਗੋਆ ਦੇ ਅਰਪੋਰਾ ਵਿਚ ਆਪਣੇ ਨਾਈਟ ਕਲੱਬ 'ਬਿਰਚ ਬਾਏ ਰੋਮੀਓ ਲੇਨ' ਵਿੱਚ ਭਿਆਨਕ ਅੱਗ ਲੱਗਣ ਬਾਰੇ ਪਤਾ ਲੱਗਣ ਦੇ ਇੱਕ ਘੰਟੇ ਦੇ ਅੰਦਰ 7 ਦਸੰਬਰ ਨੂੰ ਸਵੇਰੇ 1.17 ਵਜੇ ਇੱਕ ਯਾਤਰਾ ਪੋਰਟਲ ਰਾਹੀਂ ਫੁਕੇਟ ਲਈ ਟਿਕਟਾਂ ਬੁੱਕ ਕੀਤੀਆਂ ਸਨ। ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਜਦੋਂ ਅੱਗ ਬੁਝਾਉਣ ਅਤੇ ਸਟਾਫ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਦੋਵੇਂ ਐਤਵਾਰ ਤੜਕੇ ਇੰਡੀਗੋ ਦੀ ਇੱਕ ਉਡਾਣ ਰਾਹੀਂ ਭਾਰਤ ਛੱਡ ਗਏ। ਗੋਆ ਪੁਲੀਸ ਨੇ ਉਨ੍ਹਾਂ ਵਿਰੁੱਧ ਬਲੂ ਕਾਰਨਰ ਨੋਟਿਸ ਜਾਰੀ ਕਰਨ ਲਈ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨਾਲ ਸੰਪਰਕ ਕੀਤਾ ਸੀ।

# ਪ੍ਰਿਯੰਕਾ ਗਾਂਧੀ ਨਾਲ 19 ਨੂੰ ਮੁਲਾਕਾਤ ਕਰਨਗੇ ਨਵਜੋਤ ਸਿੱਧੂ

**ਨਵੀਂ ਦਿੱਲੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਵਿੱਚ ਚੱਲ ਰਹੀ ਖਿੱਚੋਤਾਣ ਦਰਮਿਆਨ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ 19 ਦਸੰਬਰ ਨੂੰ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕਰਨਗੇ। ਸਿੱਧੂ ਨੇ ਇਸ ਮਿਲਣੀ ਲਈ ਸਮਾਂ ਮੰਗਿਆ ਸੀ। ਹਾਲਾਂਕਿ ਸਿੱਧੂ ਬੁੱਧਵਾਰ ਨੂੰ ਦਿੱਲੀ ਵਿਚ ਮੌਜੂਦ ਸਨ, ਪਰ ਸੰਸਦ ਦਾ ਸਰਦ ਰੁੱਤ ਇਜਲਾਸ ਚੱਲਣ ਕਰਕੇ ਉਨ੍ਹਾਂ ਦੀ ਪਾਰਟੀ ਹਾਈ ਕਮਾਨ ਨਾਲ ਮੁਲਾਕਾਤ ਨਹੀਂ ਹੋ ਸਕੀ। ਸਿੱਧੂ ਹਾਈ ਕਮਾਨ ਵੱਲੋਂ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਆਪਣਾ ਪੱਖ ਰੱਖਣਾ ਚਾਹੁੰਦੇ ਹਨ।

ਦੂਜੇ ਪਾਸੇ ਕਾਂਗਰਸ ਹਾਈਕਮਾਨ ਨੇ ਡਾ. ਨਵਜੋਤ ਕੌਰ ਸਿੱਧੂ ਵੱਲੋਂ 500 ਕਰੋੜ ਵਿੱਚ ਮੁੱਖ ਮੰਤਰੀ ਦੀ ਕੁਰਸੀ' ਵਾਲੇ ਬਿਆਨ ਦੀ ਜਾਂਚ ਲਈ ਉੱਚ-ਪੱਧਰੀ ਕਮੇਟੀ ਬਣਾ ਦਿੱਤੀ ਹੈ। ਇਸ ਕਮੇਟੀ ਦੀ ਅਗਵਾਈ ਪਾਰਟੀ ਦੇ ਪੰਜਾਬ ਇੰਚਾਰਜ ਭੁਪੇਸ਼ ਬਘੇਲ ਕਰਨਗੇ। ਬਾਕੀ ਮੈਂਬਰਾਂ ਬਾਰੇ ਹਾਲੇ ਖੁਲਾਸਾ ਨਹੀਂ ਕੀਤਾ ਗਿਆ।

ਹਾਈ ਕਮਾਨ ਨੇ ਕੌਰ ਦੇ ਬਿਆਨਾਂ 'ਤੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ ਤੇ ਭੁਪੇਸ਼ ਬਘੇਲ ਤੋਂ ਇਸ ਬਾਰੇ ਵਿਸਥਾਰਤ ਰਿਪੋਰਟ ਮੰਗ ਲਈ ਹੈ।

# 'ਓਹਨੂੰ 8 ਕਹੇ ਸੀ, 5 ਫੜਾ ਗਿਆ...' ਮੁਅੱਤਲ DIG ਭੁੱਲਰ ਦੀ ਫ਼ੋਨ ਰਿਕਾਰਡਿੰਗ ਆਈ ਸਾਹਮਣੇ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰੀ ਜਾਂਚ ਬਿਊਰੋ ਨੇ 8 ਲੱਖ ਰੁਪਏ ਰਿਸ਼ਵਤ ਦੇ ਮਾਮਲੇ ਵਿਚ ਵਚੋਲੇ ਕ੍ਰਿਸ਼ਨੂ ਸ਼ਾਰਦਾ ਅਤੇ ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਇਸ ਕੇਸ ਵਿਚ ਇਕ ਨਵੀਂ ਰਿਕਾਰਡਿੰਗ ਸਾਹਮਣੇ ਆਈ ਹੈ, ਜਿਸ ਨੇ ਭੁੱਲਰ ਦੀ ਭੂਮਿਕਾ ਨੂੰ ਪੱਕਾ ਕਰ ਦਿੱਤਾ ਹੈ। ਇਸ ਰਿਕਾਰਡਿੰਗ ਵਿਚ ਭੁੱਲਰ ਅਤੇ ਕ੍ਰਿਸ਼ਨੂ ਵਿਚਾਲੇ ਪੈਸਿਆਂ ਦੇ ਲੈਣ-ਦੇਣ ਬਾਰੇ ਗੱਲਬਾਤ ਹੋਈ ਸੀ। ਇਸ ਵਿਚ ਕ੍ਰਿਸ਼ਨੂ ਭੁੱਲਰ ਨੂੰ ਕਹਿੰਦਾ ਹੈ ਕਿ 'ਓਹਨੂੰ 8 ਕਹੇ ਸੀ, 5 ਫੜਾ ਗਿਆ...' ਇਸ 'ਤੇ ਭੁੱਲਰ ਕਹਿੰਦੇ ਸੁਣੇ ਗਏ 'ਤੂੰ ਪਹਿਲਾ ਪੈਸੇ ਮੇਰੇ ਕੋਲ ਲੈ ਆ, ਓਹਨੂੰ ਵੀ ਨਾਲ ਲੈ ਆ ਫੇਰ ਗਲ ਕਰਦੇ ਆਂ'। ਇਸ ਗੱਲਬਾਤ ਤੋਂ ਇਹ ਸਾਫ਼ ਹੋ ਗਿਆ ਕਿ ਭੁੱਲਰ ਨੇ ਰਿਸ਼ਵਤ ਦੀ ਮੰਗ ਕੀਤੀ ਸੀ। ਭੁੱਲਰ ਨੇ 8 ਲੱਖ ਰੁਪਏ ਦੀ ਮੰਗ ਕੀਤੀ ਸੀ, ਹਾਲਾਂਕਿ ਸ਼ਿਕਾਇਤਕਰਤਾ ਨੇ ਵਚੋਲੇ ਨੂੰ 5 ਲੱਖ ਰੁਪਏ ਦਿੱਤੇ ਸਨ।

ਰਿਸ਼ਵਤ ਦੀ ਰਕਮ ਲੈ ਕੇ ਆਫਿਸ ਬੁਲਾਉਣ ਤੋਂ ਬਾਅਦ ਸੀ.ਬੀ.ਆਈ. ਨੇ ਵਚੋਲੇ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਿਸ ਦੇ ਆਧਾਰ 'ਤੇ ਬਾਅਦ ਵਿਚ ਭੁੱਲਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਸੀ.ਬੀ.ਆਈ. ਨੇ ਭੁੱਲਰ ਦੇ ਘਰੋਂ ਜਾਂਚ ਦੌਰਾਨ 6 ਤੋਂ 7 ਕਰੋੜ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ, ਕ੍ਰਿਸ਼ਨ ਦੇ ਘਰੋਂ ਮਿਲੀ ਡਾਇਰੀ ਵਿਚ ਕਈ ਹੋਰ ਅਫ਼ਸਰਾਂ ਦੇ ਨਾਂ ਵੀ ਹਨ, ਜਿਨ੍ਹਾਂ ਦੀ ਭੂਮਿਕਾ ਬਾਰੇ ਵੀ ਜਾਂਚ ਚੱਲ ਰਹੀ ਹੈ।

# ਅਬੋਹਰ ਵਿਚ ਕੇਸ ਦੀ ਸੁਣਵਾਈ ਲਈ ਆਏ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**ਅਬੋਹਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਜੁਡੀਸ਼ੀਅਲ ਕੋਰਟ ਕੰਪਲੈਕਸ ਨੇੜੇ ਪਾਰਕਿੰਗ ਵਿੱਚ ਅਪਰਾਧਿਕ ਪਿਛੋਕੜ ਰੱਖਦੇ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਨੌਜਵਾਨ, ਜਿਸ ਦੀ ਪਛਾਣ ਗੋਲੂ ਪੰਡਿਤ ਵਜੋਂ ਹੋਈ ਹੈ, ਇੱਕ ਮੰਦਰ ਦੇ ਪੁਜਾਰੀ ਦਾ ਪੁੱਤਰ ਦੱਸਿਆ ਜਾਂਦਾ ਹੈ। ਉਹ ਆਪਣੇ ਦੋਸਤਾਂ ਨਾਲ ਇੱਕ ਬਿਨਾਂ ਨੰਬਰ ਵਾਲੀ ਬਿਲਕੁਲ ਨਵੀਂ ਸਕਾਰਪੀਓ ਗੱਡੀ ਵਿੱਚ ਇੱਕ ਕੇਸ ਦੀ ਸੁਣਵਾਈ ਲਈ ਆਇਆ ਸੀ। ਕੁਝ ਵਿਅਕਤੀ, ਜੋ ਸ਼ਾਇਦ ਉਸ ਦੀ ਉਡੀਕ ਵਿਚ ਸਨ, ਨੇ ਕਥਿਤ ਤੌਰ 'ਤੇ ਉਸ ਉੱਤੇ ਗੋਲੀਆਂ ਚਲਾਈਆਂ। ਇਸ ਤੋਂ ਪਹਿਲਾਂ ਕਿ ਲੋਕ ਕੁਝ ਸਮਝ ਸਕਦੇ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਪੁਲੀਸ ਨੇ ਮੌਕੇ ਤੋਂ ਘੱਟੋ-ਘੱਟ ਤਿੰਨ ਖੋਲ ਬਰਾਮਦ ਕੀਤੇ ਹਨ।

ਜਾਣਕਾਰੀ ਅਨੁਸਾਰ ਗੋਲੂ ਪੰਡਿਤ ਨੂੰ ਫੌਰੀ ਸਿਵਲ ਹਸਪਤਾਲ ਲਿਆਂਦਾ ਗਿਆ ਪਰ ਉਸ ਦੀ ਮੌਤ ਹੋ ਗਈ। ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਪੁਲੀਸ ਟੀਮ ਹਸਪਤਾਲ ਪਹੁੰਚੀ ਅਤੇ ਲਾਸ਼ ਨੂੰ ਮੁਰਦਾਘਰ ਵਿੱਚ ਰਖਵਾ ਦਿੱਤਾ ਗਿਆ ਹੈ। ਪਹਿਲੀ ਨਜ਼ਰੇ ਇਹ ਘਟਨਾ ਗੈਂਗ ਵਾਰ ਦਾ ਨਤੀਜਾ ਜਾਪਦੀ ਹੈ। ਸੂਤਰਾਂ ਨੇ ਦੱਸਿਆ ਕਿ ਮ੍ਰਿਤਕ ਗੋਲੂ ਪੰਡਿਤ 'ਤੇ ਸਥਾਨਕ ਪੁਲੀਸ ਥਾਣੇ ਵਿਚ ਕਈ ਕੇਸ ਦਰਜ ਹਨ। ਹੋਰ ਵੇਰਵਿਆਂ ਦੀ ਉਡੀਕ ਹੈ।

# ਟਰੰਪ ਵੱਲੋਂ 'ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਸ਼ੁਰੂ; 10 ਲੱਖ ਡਾਲਰ ਖਰਚ ਕੇ ਅਮਰੀਕਾ 'ਚ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ

**ਵਾਸ਼ਿੰਗਟਨ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਅਧਿਕਾਰਤ ਤੌਰ 'ਤੇ ਆਪਣਾ 'ਟਰੰਪ ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰੋਗਰਾਮ ਤਹਿਤ ਗੈਰ-ਅਮਰੀਕੀ ਨਾਗਰਿਕਾਂ ਨੂੰ ਇਕ ਭਾਰੀ ਕੀਮਤ ਦੀ ਅਦਾਇਗੀ ਕਰਕੇ ਅਮਰੀਕਾ ਵਿਚ ਰਹਿਣ ਦੀ ਖੁੱਲ੍ਹ ਮਿਲੇਗੀ। ਵੈੱਬਸਾਈਟ Trumpcard.gov, ਜਿਸ ਵਿੱਚ 'ਹੁਣੇ ਅਪਲਾਈ ਕਰੋ' ਬਟਨ ਹੈ, ਦਿਲਚਸਪੀ ਰੱਖਣ ਵਾਲੇ ਬਿਨੈਕਾਰਾਂ ਨੂੰ ਤੇਜ਼ੀ ਨਾਲ ਪ੍ਰਕਿਰਿਆ ਲਈ ਹੋਮਲੈਂਡ ਸਿਕਿਓਰਿਟੀ ਵਿਭਾਗ ਨੂੰ £15,000 ਦੀ ਫੀਸ ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ।

ਪਿਛੋਕੜ ਦੀ ਜਾਂਚ ਜਾਂ ਜਾਂਚ ਅਮਲ ਵਿੱਚੋਂ ਲੰਘਣ ਮਗਰੋਂ ਬਿਨੈਕਾਰਾਂ ਨੂੰ ਵੀਜ਼ਾ ਪ੍ਰਾਪਤ ਕਰਨ ਲਈ £1 ਮਿਲੀਅਨ (10 ਲੱਖ ਡਾਲਰ) ਦਾ 'ਯੋਗਦਾਨ' ਦੇਣਾ ਪਵੇਗਾ। ਵੈੱਬਸਾਈਟ 'ਤੇ ਅਪਲੋਡ ਜਾਣਕਾਰੀ ਵਿਚ 'ਟਰੰਪ ਕਾਰਡ' ਨੂੰ 'ਤੋਹਫ਼ਾ' ਦੱਸਿਆ ਗਿਆ ਹੈ, ਜੋ 'ਗ੍ਰੀਨ ਕਾਰਡ' ਵਾਂਗ ਹੈ, ਜੋ ਉਨ੍ਹਾਂ ਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ।

ਟਰੰਪ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਦੱਸਿਆ, "ਅਸਲ ਵਿੱਚ ਇਹ ਇੱਕ ਗ੍ਰੀਨ ਕਾਰਡ ਹੈ, ਪਰ ਬਹੁਤ ਵਧੀਆ। ਬਹੁਤ ਜ਼ਿਆਦਾ ਸ਼ਕਤੀਸ਼ਾਲੀ, ਇੱਕ ਬਹੁਤ ਮਜ਼ਬੂਤ ਰਾਹ।

ਇੱਕ ਰਾਹ, ਜੋ ਵੱਡੀ ਗੱਲ ਹੈ। ਮਹਾਨ ਲੋਕ ਬਣਨਾ ਪਵੇਗਾ।" ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ ਕਿ ਲਗਪਗ 10,000 ਲੋਕਾਂ ਨੇ ਪਹਿਲਾਂ ਹੀ ਪ੍ਰੀ-ਰਜਿਸਟ੍ਰੇਸ਼ਨ ਅਰਸੇ ਦੌਰਾਨ ਗੋਲਡ ਕਾਰਡ ਲਈ ਸਾਈਨ ਅੱਪ ਕੀਤਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਹੋਰ ਵੀ ਬਹੁਤ ਸਾਰੇ ਅਜਿਹਾ ਕਰਨਗੇ। ਲੂਟਨਿਕ ਨੇ ਇੱਕ ਸੰਖੇਪ ਇੰਟਰਵਿਊ ਵਿੱਚ ਖ਼ਬਰ ਏਜੰਸੀ ਨੂੰ ਦੱਸਿਆ "ਮੈਂ ਸਮੇਂ ਦੇ ਨਾਲ ਉਮੀਦ ਕਰਾਂਗਾ ਕਿ ਅਸੀਂ ਇਨ੍ਹਾਂ ਹਜ਼ਾਰਾਂ ਕਾਰਡਾਂ ਨੂੰ ਵੇਚਾਂਗੇ ਅਤੇ ਅਰਬਾਂ, ਅਰਬਾਂ ਡਾਲਰ ਇਕੱਠੇ ਕਰਾਂਗੇ।" ਲੂਟਨਿਕ ਨੇ ਕਿਹਾ ਕਿ ਗੋਲਡ ਕਾਰਡ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਅਮਰੀਕਾ ਲਿਆਏਗਾ ਜਿਨ੍ਹਾਂ ਦਾ ਅਰਥਚਾਰੇ ਨੂੰ ਲਾਭ ਹੋਵੇਗਾ। ਉਸ ਨੇ 'ਟਰੰਪ ਗੋਲਡ ਕਾਰਡ' ਦੀ ਤੁਲਨਾ 'ਔਸਤ' ਗ੍ਰੀਨ ਕਾਰਡ ਧਾਰਕਾਂ ਨਾਲ ਕੀਤੀ, ਜਿਨ੍ਹਾਂ ਬਾਰੇ ਉਸ ਨੇ ਕਿਹਾ ਕਿ ਉਹ ਔਸਤ ਅਮਰੀਕੀਆਂ ਨਾਲੋਂ ਘੱਟ ਪੈਸੇ ਕਮਾਉਂਦੇ ਸਨ ਅਤੇ ਉਨ੍ਹਾਂ ਦੇ ਖੁ?ਦ ਜਾਂ ਪਰਿਵਾਰਕ ਮੈਂਬਰਾਂ ਦੇ ਸਰਕਾਰੀ ਸਹਾਇਤਾ 'ਤੇ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਲੂਟਨਿਕ ਨੇ ਹਾਲਾਂਕਿ ਇਸ ਦਾਅਵੇ ਲਈ ਕੋਈ ਸਬੂਤ ਨਹੀਂ ਦਿੱਤਾ।

ਟਰੰਪ ਪ੍ਰਸ਼ਾਸਨ ਨੇ ਗੈਰਕਾਨੂੰਨੀ ਪਰਵਾਸ ਖਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਹੈ। ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। 'ਗੋਲਡ ਕਾਰਡ' ਪ੍ਰੋਗਰਾਮ ਇਸੇ ਦਾ ਕਾਊਂਟਰ ਬੈਲੇਂਸ ਹੈ, ਜੋ ਕਿ ਅਮਰੀਕੀ ਖਜ਼ਾਨੇ ਨੂੰ ਭਰਨ ਲਈ ਤਿਆਰ ਕੀਤਾ ਗਿਆ ਹੈ।

# ਮੈਕਸੀਕੋ ਵੱਲੋਂ ਭਾਰਤ ਸਮੇਤ ਹੋਰ ਏਸ਼ੀਆਈ ਦੇਸ਼ਾਂ ਦੇ ਸਮਾਨ 'ਤੇ 50 ਫੀਸਦੀ ਤੱਕ ਟੈਕਸ ਦਾ ਐਲਾਨ

**ਮੈਕਸੀਕੋ ਸਿਟੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਕਸੀਕੋ ਦੀ ਸੈਨੇਟ ਨੇ ਬੁੱਧਵਾਰ ਨੂੰ ਚੀਨ ਅਤੇ ਕਈ ਹੋਰ ਏਸ਼ੀਆਈ ਦੇਸ਼ਾਂ ਤੋਂ ਦਰਾਮਦਗੀ ਉੱਤੇ ਅਗਲੇ ਸਾਲ ਤੋਂ 50 ਫੀਸਦੀ ਤੱਕ ਟੈਕਸ ਵਧਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਾਰੋਬਾਰੀ ਸਮੂਹਾਂ ਦੇ ਵਿਰੋਧ ਦੇ ਬਾਵਜੂਦ ਇਸ ਫੈਸਲੇ ਦਾ ਉਦੇਸ਼ ਸਥਾਨਕ ਉਦਯੋਗ ਨੂੰ ਮਜ਼ਬੂਤ ਕਰਨਾ ਕਿਹਾ ਗਿਆ ਹੈ। ਹੇਠਲੇ ਸਦਨ ਵੱਲੋਂ ਪਹਿਲਾਂ ਪਾਸ ਾਿਤੇ ਗਏ ਇਸ ਪ੍ਰਸਤਾਵ ਦੇ ਤਹਿਤ 2026 ਤੋਂ ਉਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਕੁਝ ਸਮਾਨਾਂ 'ਤੇ 50 ਫੀਸਦੀ ਤੱਕ ਦੇ ਨਵੇਂ ਟੈਰਿਫ ਲਗਾਏ ਜਾਣਗੇ ਜਾਂ ਵਧਾਏ ਜਾਣਗੇ ਜਿਨ੍ਹਾਂ ਦਾ ਮੈਕਸੀਕੋ ਨਾਲ ਕੋਈ ਵਪਾਰ ਸਮਝੌਤਾ ਨਹੀਂ ਹੈ। ਇਨ੍ਹਾਂ ਦੇਸ਼ਾਂ ਵਿੱਚ ਚੀਨ, ਭਾਰਤ, ਦੱਖਣੀ ਕੋਰੀਆ, ਥਾਈਲੈਂਡ ਅਤੇ ਇੰਡੋਨੇਸ਼ੀਆ ਸ਼ਾਮਲ ਹਨ। ਟੈਰਿਫ ਵਧਾਉਣ ਵਾਲੇ ਸਮਾਨ ਵਿੱਚ ਆਟੋਮੋਬਾਈਲਜ਼, ਆਟੋ ਪਾਰਟਸ, ਟੈਕਸਟਾਈਲ (ਕੱਪੜੇ), ਪਲਾਸਟਿਕ ਅਤੇ ਸਟੀਲ ਸ਼ਾਮਲ ਹਨ। ਜ਼ਿਆਦਾਤਰ ਉਤਪਾਦਾਂ 'ਤੇ ਟੈਕਸ 35 ਫੀਸਦੀ ਤੱਕ ਵਧਾਏ ਜਾਣਗੇ। ਉਧਰ ਚੀਨ ਦੇ ਵਣਜ ਮੰਤਰਾਲੇ ਨੇ ਵੀਰਵਾਰ ਨੂੰ ਜਵਾਬ ਦਿੰਦਿਆਂ ਕਿਹਾ ਕਿ ਉਹ ਮੈਕਸੀਕੋ ਦੇ ਨਵੇਂ ਟੈਰਿਫ ਪ੍ਰਬੰਧ ਦੀ ਨਿਗਰਾਨੀ ਕਰੇਗਾ ਅਤੇ ਇਸਦੇ ਪ੍ਰਭਾਵ ਦਾ ਮੁਲਾਂਕਣ ਕਰੇਗਾ।

# ਪੰਜਾਬ ਵਿੱਚ ਚੋਣਾਂ ਵਾਲਾ ਦਿਨ 14 ਦਸੰਬਰ 'ਡਰਾਈ ਡੇ' ਵਜੋਂ ਘੋਸ਼ਿਤ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ, ਆਬਕਾਰੀ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ (ਆਈ.ਏ.ਐਸ.) ਵੱਲੋਂ ਪੰਜਾਬ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਅਧਿਕਾਰ ਖੇਤਰ ਅਧੀਨ ਪੈਂਦੇ ਪਿੰਡਾਂ ਵਿੱਚ 14.12.2025 ਨੂੰ 00.00 ਵਜੇ ਤੋਂ 15.12.2025 ਨੂੰ ਸਵੇਰੇ 10:00 ਵਜੇ ਤੱਕ ਚੋਣਾਂ ਵਾਲਾ ਦਿਨ 'ਡਰਾਈ ਡੇ' ਵਜੋਂ ਘੋਸ਼ਿਤ ਕੀਤਾ ਗਿਆ ਹੈ।

ਇਹ ਹੁਕਮ ਪੰਜਾਬ ਰਾਜ ਵਿੱਚ ਇੰਨ ਬਿੰਨ ਲਾਗੂ ਕੀਤੇ ਜਾਣਗੇ।

# ਇੰਡੀਗੋ ਸੰਕਟ: ਬੰਗਲੂਰੂ ਹਵਾਈ ਅੱਡੇ 'ਤੇ 60 ਉਡਾਣਾਂ ਰੱਦ, ਭਲਕੇ 1,950 ਤੋਂ ਵੱਧ ਉਡਾਣਾਂ ਚਲਾਉਣ ਦੀ ਯੋਜਨਾ

**ਮੁੰਬਈ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਵਾਬਾਜ਼ੀ ਨਿਗਰਾਨ ਡੀਜੀਸੀਏ ਵੱਲੋਂ ਸ਼ਿਕੰਜਾ ਕੱਸੇ ਜਾਣ ਮਗਰੋਂ ਪਹਿਲਾਂ ਹੀ ਸਟਾਫ਼ ਦੀ ਘਾਟ ਨਾਲ ਜੂਝ ਰਹੀ ਏਅਰਲਾਈਨ ਇੰਡੀਗੋ ਨੇ ਵੀਰਵਾਰ ਨੂੰ ਬੰਗਲੂਰੂ ਹਵਾਈ ਅੱਡੇ ਤੋਂ 60 ਉਡਾਣਾਂ ਰੱਦ ਕਰ ਦਿੱਤੀਆਂ ਹਨ। ਪਾਇਲਟਾਂ ਤੇ ਹੋਰ ਅਮਲੇ ਲਈ ਨਵੇਂ ਡਿਊਟੀ ਨੇਮਾਂ ਨੂੰ ਲਾਗੂ ਕਰਨ ਵਿਚ ਨਾਕਾਮ ਰਹਿਣ ਕਰਕੇ ਇੰਡੀਗੋ ਨੂੰ ਵੱਡੇ ਸੰਕਟ ਨਾਲ ਜੂਝਣਾ ਪੈ ਰਿਹਾ ਹੈ।

ਇਕ ਸੂਤਰ ਨੇ ਕਿਹਾ, "ਇੰਡੀਗੋ ਨੇ ਬੰਗਲੂਰੂ ਹਵਾਈ ਅੱਡੇ 'ਤੇ 60 ਉਡਾਣਾਂ ਰੱਦ ਕੀਤੀਆਂ ਹਨ, ਜਿਨ੍ਹਾਂ ਵਿਚ 32 ਆਮਦ ਤੇ 28 ਰਵਾਨਗੀ ਵਾਲੀਆਂ ਫਲਾਈਟਾਂ ਹਨ। ਇਸ ਦੌਰਾਨ ਇੰਡੀਗੋ ਦੇ ਸੀਈਓ ਪਿਟਰ ਐਲਬਰਸ ਨੂੰ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਵੀਰਵਾਰ ਨੂੰ ਹਾਲ ਹੀ ਵਿੱਚ ਹੋਏ ਸੰਚਾਲਨ ਵਿਘਨਾਂ ਬਾਰੇ ਡੇਟਾ ਅਤੇ ਅਪਡੇਟਸ ਸਮੇਤ ਇੱਕ ਵਿਆਪਕ ਰਿਪੋਰਟ ਪੇਸ਼ ਕਰਨ ਲਈ ਤਲਬ ਕੀਤਾ ਹੈ।

1,950 ਤੋਂ ਵੱਧ ਉਡਾਣਾਂ ਚਲਾਉਣ ਦੀ ਯੋਜਨਾ

ਇੱਕ ਸੂਤਰ ਨੇ ਦੱਸਿਆ ਕਿ ਏਅਰਲਾਈਨ ਨੇ ਨਵੇਂ ਪਾਇਲਟ ਅਤੇ ਚਾਲਕ ਦਲ ਦੇ ਡਿਊਟੀ ਨਿਯਮਾਂ ਨੂੰ ਲਾਗੂ ਕਰਨ ਨਾਲ ਸਬੰਧਤ ਯੋਜਨਾਬੰਦੀ ਦੀਆਂ ਅਸਫਲਤਾਵਾਂ ਕਾਰਨ ਸੇਵਾਵਾਂ ਵਿੱਚ ਵੱਡੇ ਪੱਧਰ 'ਤੇ ਵਿਘਨ ਪੈਣ ਤੋਂ ਬਾਅਦ 4731 ਦੀ ਜਾਂਚ ਦੇ ਤਹਿਤ ਵੀਰਵਾਰ ਨੂੰ 1,950 ਤੋਂ ਵੱਧ ਉਡਾਣਾਂ ਚਲਾਉਣ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਹੈ।

ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਵੀਰਵਾਰ ਨੂੰ 1,950 ਤੋਂ ਵੱਧ ਉਡਾਣਾਂ ਚਲਾਉਣ ਦੀ ਉਮੀਦ ਕਰ ਰਹੀ ਹੈ। ਇਹ ਏਅਰਲਾਈਨ ਚੱਲ ਰਹੇ ਸਰਦ ਰੁੱਤ ਅਨੁਸੂਚੀ (Winter schedule) ਦੇ ਤਹਿਤ ਆਪਣੇ ਰਾਸ਼ਟਰੀ ਅਤੇ ਘਰੇਲੂ ਨੈੱਟਵਰਕ ਵਿੱਚ ਪ੍ਰਤੀ ਦਿਨ 2,200 ਤੋਂ ਵੱਧ ਉਡਾਣਾਂ ਦਾ ਸੰਚਾਲਨ ਕਰਦੀ ਹੈ। ਸਰਕਾਰ ਨੇ ਏਅਰਲਾਈਨ ਨੂੰ ÷ਸਥਿਰ÷ ਕਰਨ ਅਤੇ ਰੱਦ ਹੋਣ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਪਹਿਲਾਂ ਹੀ 10 ਫੀਸਦੀ ਘਟਾ ਦਿੱਤਾ ਹੈ, ਜੋ 5 ਦਸੰਬਰ ਨੂੰ 1,600 ਤੱਕ ਪਹੁੰਚ ਗਿਆ ਸੀ।

ਇੰਡੀਗੋ ਦੇ ਚੇਅਰਮੈਨ ਵਿਕਰਮ ਮਹਿਤਾ ਨੇ ਬੁੱਧਵਾਰ ਨੂੰ 10 ਦਿਨਾਂ ਵਿੱਚ ਪਹਿਲੀ ਵਾਰ ਏਅਰਲਾਈਨ ਨੂੰ ਦਰਪੇਸ਼ ਸੰਕਟ ਬਾਰੇ ਗੱਲ ਕੀਤੀ। ਮਹਿਤਾ ਨੇ ਇਸ ਹਫੜਾ-ਦਫੜੀ ਲਈ ਮੁਆਫੀ ਮੰਗੀ ਅਤੇ ਸੰਕਟ ਨੂੰ ਅੰਦਰੂਨੀ ਅਤੇ ਬਾਹਰੀ 'ਗੈਰਵਾਜਬ' ਘਟਨਾਵਾਂ ਦੇ ਸੁਮੇਲ ਨੂੰ ਜ਼ਿੰਮੇਵਾਰ ਠਹਿਰਾਇਆ। ਇੰਡੀਗੋ ਨੇ ਬੁੱਧਵਾਰ ਨੂੰ ਤਿੰਨ ਪ੍ਰਮੁੱਖ ਹਵਾਈ ਅੱਡਿਆਂ - ਦਿੱਲੀ, ਬੰਗਲੂਰੂ ਅਤੇ ਮੁੰਬਈ ਤੋਂ 220 ਉਡਾਣਾਂ ਰੱਦ ਕੀਤੀਆਂ, ਜਿਨ੍ਹਾਂ ਵਿੱਚੋਂ ਦਿੱਲੀ ਵਿੱਚ ਸਭ ਤੋਂ ਵੱਧ 137 ਰੱਦ ਹੋਈਆਂ।

# ਲਾਪਤਾ ਸਰੂਪ ਮਾਮਲਾ: ਅੰਤ੍ਰਿੰਗ ਕਮੇਟੀ ਵੱਲੋਂ ਸਰਕਾਰ ਦੀ ਕਾਰਵਾਈ ਧਾਰਮਿਕ ਮਾਮਲਿਆਂ ਵਿੱਚ ਦਖਲ ਕਰਾਰ

**ਅੰਮ੍ਰਿਤਸਰ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਦਰਜ ਕੀਤੇ ਪੁਲੀਸ ਕੇਸ ਨੂੰ ਮੰਨਣ ਤੋਂ ਇੰਨਕਾਰ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਸ੍ਰੀ ਅਕਾਲ ਤਖ਼ਤ ਨੂੰ ਸਿੱਧੀ ਚੁਣੌਤੀ ਤੇ ਧਾਰਮਿਕ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਰਾਰ ਦਿੱਤਾ ਹੈ। ਅੱਜ ਇੱਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਰਕਾਰ ਵੱਲੋਂ ਦਰਜ ਕੀਤੇ ਗਏ ਕੇਸ ਅਤੇ ਮਾਮਲੇ ਨੂੰ ਵਿਚਾਰਨ ਲਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਇਸ ਮਾਮਲੇ ਨੂੰ ਵਿਚਾਰਿਆ ਗਿਆ ਹੈ। ਉਨ੍ਹਾਂ ਸਰਕਾਰ ਦੀ ਇਸ ਕਾਰਵਾਈ ਨੂੰ ਸਿਆਸੀ ਹਿੱਤਾਂ ਨਾਲ ਪ੍ਰੇਰਿਤ ਕਾਰਵਾਈ ਕਰਾਰ ਦਿੱਤਾ।

ਧਾਮੀ ਨੇ ਆਖਿਆ ਕਿ ਇਹ ਮਾਮਲਾ ਪਾਵਨ ਸਰੂਪਾਂ ਦੀ ਬੇਅਦਬੀ ਦਾ ਨਹੀਂ ਸਗੋਂ ਹੇਰਾ ਫੇਰੀ ਨਾਲ ਸੰਬੰਧਿਤ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਗਈ ਇੱਕ ਮੈਂਬਰੀ ਜਾਂਚ ਕਮੇਟੀ ਵੱਲੋਂ ਇਸ ਦੀ ਜਾਂਚ ਕੀਤੀ ਗਈ ਸੀ ਅਤੇ ਜਾਂਚ ਰਿਪੋਰਟ ਵਿੱਚ 16 ਵਿਅਕਤੀਆਂ ਨੂੰ ਜਿੰਮੇਵਾਰ ਠਹਿਰਾਇਆ ਗਿਆ ਸੀ। ਉਨਾਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੇ ਮੁਤਾਬਕ ਕਾਰਵਾਈ ਵੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੀ ਇਸ ਕਾਰਵਾਈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦਾ ਸਮੁੱਚਾ ਰਿਕਾਰਡ ਸ੍ਰੀ ਅਕਾਲ ਤਖ਼ਤ ਵਿਖੇ ਸੌਂਪਿਆ ਜਾਵੇਗਾ। ਇਸ ਮਾਮਲੇ ਚ ਅਗਲੇ ਦੀ ਕਾਰਵਾਈ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਅਨੁਸਾਰ ਹੀ ਹੋਵੇਗੀ। ਐਡ. ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਨੂੰ ਅਣਡਿੱਠ ਕਰਕੇ ਇਹ ਕਾਰਵਾਈ ਕੀਤੀ ਗਈ ਹੈ, ਜੋ ਕਿ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ। ਇਸ ਮਾਮਲੇ ਵਿੱਚ ਇੱਕ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਪੁਲੀਸ ਕੇਸ ਦਰਜ ਕਰਾਉਣ ਬਾਰੇ ਵਿਚਾਰ ਕੀਤਾ ਗਿਆ ਸੀ ਪਰ ਸਿੱਖ ਵਿਦਵਾਨਾਂ ਨੇ ਅਜਿਹੀ ਕਾਰਵਾਈ ਕਰਨ ਤੋਂ ਮਨਾ ਕੀਤਾ ਸੀ ,ਸ੍ਰੀ ਅਕਾਲ ਤਖ਼ਤ ਵੱਲੋਂ ਵੀ ਇਸ ਸਬੰਧੀ ਕੋਈ ਆਦੇਸ਼ ਨਹੀਂ ਦਿੱਤੇ ਗਏ ਸਨ।

ਦੱਸਣ ਯੋਗ ਹੈ ਕਿ ਇਸ ਮਾਮਲੇ ਵਿੱਚ ਸਿੱਖ ਜਥੇਬੰਦੀ ਸਿੱਖ ਸਦਭਾਵਨਾ ਦਲ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹੈਰੀਟੇਜ ਸਟ੍ਰੀਟ ਵਿੱਚ ਧਰਨਾ ਲਾਇਆ ਹੋਇਆ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

# ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤਲਵਾੜਾ; ਬੀਬੀਐਮਬੀ ਹਸਪਤਾਲ ਵਿੱਚ ਦਿਲ ਦੇ ਰੋਗਾਂ ਦੀ ਜਾਂਚ ਲਈ ਮੁਫਤ ਕੈਂਪ ਦਾ ਆਯੋਜਨ

**ਤਲਵਾੜਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤਲਵਾੜਾ ਦੀ ਪਹਿਲ ਕਦਮੀ ਨਾਲ ਅੱਜ ਬੀਬੀਐਮਬੀ ਹਸਪਤਾਲ ਤਲਵਾੜਾ ਵਿਖੇ ਕੇਅਰ ਬੈਸਟ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਦਿਲ ਦੇ ਰੋਗਾਂ ਦੀ ਜਾਂਚ ਲਈ ਇੱਕ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਬੀਬੀਐਮਬੀ ਤਲਵਾੜਾ ਦੇ ਮੁੱਖ ਇੰਜੀਨੀਅਰ ਸ੍ਰੀ ਰਾਕੇਸ਼ ਗੁਪਤਾ ਨੇ ਕੀਤਾ। ਇਸ ਕੈਂਪ ਵਿੱਚ ਕੇਅਰ ਬੈਸਟ ਹਸਪਤਾਲ ਜਲੰਧਰ ਤੋਂ ਪੰਜਾਬ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾ ਰਮਨ ਚਾਵਲਾ ਵਿਸ਼ੇਸ਼ ਤੌਰ ਤੇ ਆਪਣੀਆਂ ਸੇਵਾਵਾਂ ਦੇਣ ਲਈ ਪਹੁੰਚੇ।

ਇਸ ਮੌਕੇ ਮੁੱਖ ਇੰਜਨੀਅਰ ਸ੍ਰੀ ਰਾਕੇਸ਼ ਗੁਪਤਾ ਨੇ ਡਾ ਰਮਨ ਚਾਵਲਾ ਦਾ ਇੱਥੇ ਆਉਣ ਤੇ ਸਵਾਗਤ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਕੈਂਪ ਜਿੱਥੇ ਰੋਗਾਂ ਦੀ ਅਗੇਤੀ ਪਹਿਚਾਣ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ ਉੱਥੇ ਹੀ ਇਸ ਨਾਲ ਬਿਮਾਰੀਆਂ ਪ੍ਰਤੀ ਜਨ ਜਾਗਰੂਕਤਾ ਵਧਦੀ ਹੈ। ਉਨਾਂ ਕਿਹਾ ਕਿ ਬੀਬੀਐਮਬੀ ਸਮਾਜਿਕ ਕਾਰਜਾਂ ਵਿੱਚ ਵੀ ਵੱਧ ਚੜ ਕੇ ਯੋਗਦਾਨ ਪਾ ਰਿਹਾ ਹੈ। ਇਸ ਮੌਕੇ ਉਨਾਂ ਦੇ ਧਰਮ ਪਤਨੀ ਸੀਮਾ ਗੁਪਤਾ ਵੀ ਹਾਜ਼ਰ ਸਨ।

ਡਾ ਰਮਨ ਚਾਵਲਾ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਦਿਲ ਦੇ ਰੋਗ ਨਾ ਹੋਣ, ਇਸ ਲਈ ਚੰਗੀ ਜੀਵਨ ਸ਼ੈਲੀ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਨਿਯਮਿਤ ਤੌਰ ਤੇ ਕਸਰਤ ਕੀਤੀ ਜਾਵੇ ਅਤੇ ਜੀਵਨ ਵਿੱਚੋਂ ਤਨਾਅ ਨੂੰ ਘੱਟ ਕਰਨਾ ਚਾਹੀਦਾ ਹੈ। ਉਹਨਾਂ ਸਿਹਤਮੰਦ ਜੀਵਨ ਲਈ ਖੁਸ਼ ਰਹੋ, ਕਸਰਤ ਕਰੋ ਦਾ ਮੰਤਰ ਦਿੱਤਾ।

ਇਸ ਤੋਂ ਪਹਿਲਾਂ ਹਸਪਤਾਲ ਪਹੁੰਚਣ ਤੇ ਪ੍ਰਿੰਸੀਪਲ ਮੈਡੀਕਲ ਅਫਸਰ ਡਾ ਸੁਰਿੰਦਰ ਪਾਲ ਸਿੰਘ ਨੇ ਮੁੱਖ ਇੰਜੀਨੀਅਰ ਸ੍ਰੀ ਰਾਕੇਸ਼ ਗੁਪਤਾ ਅਤੇ ਡਾ ਰਮਨ ਚਾਵਲਾ ਦਾ ਸਵਾਗਤ ਕੀਤਾ।

ਮੰਚ ਸੰਚਾਲਨ ਡਾ ਅਮਰਜੀਤ ਸਿੰਘ ਨੇ ਆਪਣੇ ਵਿਸ਼ੇਸ਼ ਸਾਹਿਤਕ ਅੰਦਾਜ਼ ਵਿੱਚ ਕੀਤਾ।

ਕੇਅਰ ਬੈਸਟ ਹਸਪਤਾਲ ਤੋਂ ਡਾ ਰਮਨ ਚਾਵਲਾ ਤੋਂ ਇਲਾਵਾ ਡਾ ਇਸਾਨ ਬੱਗਾ ਅਤੇ ਟੀਮ ਨੇ ਆਪਣੀਆਂ ਸੇਵਾਵਾਂ ਦਿੱਤੀਆਂ।

ਇਸ ਮੌਕੇ ਬੀਬੀਐਮਬੀ ਹਸਪਤਾਲ ਤੋਂ ਡਾ ਸੁਖਦੇਵ ਸਿੰਘ, ਡਾ ਸੋਭਨਾ ਸੋਨੀ ਅਤੇ ਹੋਰ ਡਾਕਟਰ ਵੀ ਹਾਜ਼ਰ ਸਨ। ਤਲਵਾੜਾ ਅਤੇ ਆਸ ਪਾਸ ਦੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਲੋਕ ਇਸ ਕੈਂਪ ਵਿੱਚ ਪਹੁੰਚੇ ਅਤੇ ਉਨਾਂ ਨੇ ਮਾਹਰ ਡਾਕਟਰਾਂ ਤੋਂ ਆਪਣਾ ਚੈੱਕ ਅਪ ਕਰਵਾਇਆ। ਲੋਕ ਬੀਬੀਐਮਬੀ ਦੇ ਇਸ ਉਪਰਾਲੇ ਦੀ ਸਲਾਘਾ ਕਰਦੇ ਸੁਣਾਈ ਦਿੱਤੇ।

### ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ-2025 ;ਰਿਟਰਨਿੰਗ ਅਧਿਕਾਰੀਆਂ ਨੇ ਚੋਣ ਅਮਲੇ ਦੀ ਪਹਿਲੀ ਰਿਹਰਸਲ ਕਰਵਾਈ

# ਚੋਣ ਅਮਲਾ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਵੇ: ਡਾ. ਪ੍ਰੀਤੀ ਯਾਦਵ



**ਪਟਿਆਲਾ, 12 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਅੰਦਰ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ ਆਮ ਚੋਣਾਂ ਲਈ 14 ਦਸੰਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਤਾਇਨਾਤ ਕੀਤੇ ਸਮੁੱਚੇ ਚੋਣ ਅਮਲੇ ਨੂੰ ਵੋਟਾਂ ਪੁਆਉਣ ਦਾ ਕਾਰਜ ਪੂਰੀ ਜ਼ਿੰਮੇਵਾਰੀ ਨਾਲ ਪਾਰਦਰਸ਼ੀ ਅਤੇ ਨਿਰਪੱਖ ਰਹਿ ਕੇ ਨਿਭਾਉਣ ਦੇ ਨਿਰਦੇਸ਼ ਦਿੱਤੇ ਹਨ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੀ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ, ਸੁਚਾਰੂ, ਨਿਰਵਿਘਨ ਅਤੇ ਆਜ਼ਾਦਾਨਾ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵੱਖ-ਵੱਖ ਰਿਟਰਨਿੰਗ ਅਧਿਕਾਰੀਆਂ ਦੀ ਨਿਗਰਾਨੀ ਹੇਠ ਮਾਸਟਰ ਟ੍ਰੇਨਰਾਂ ਨੇ ਚੋਣ ਅਮਲੇ ਦੀ ਪਹਿਲੀ ਰਿਹਰਸਲ ਕਰਵਾਈ ਅਤੇ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਖਰੀ ਰਿਹਰਸਲ 13 ਦਸੰਬਰ ਨੂੰ ਹੋਵੇਗੀ ਅਤੇ ਸਾਰੀਆਂ ਪੋਲਿੰਗ ਪਾਰਟੀਆਂ 14 ਦਸੰਬਰ ਨੂੰ ਨਿਰਧਾਰਤ ਕੀਤੇ ਜਾਣ ਵਾਲੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤੀ ਜਾਣਗੀਆਂ ਅਤੇ ਇਸੇ ਦਿਨ ਇਨ੍ਹਾਂ ਦੇ ਪੋਲਿੰਗ ਬੂਥ ਅਲਾਟ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਰਿਸ਼ਦ ਚੋਣਾਂ ਲਈ ਬੈਲੇਟ ਪੇਪਰ ਦਾ ਪੀਲਾ ਰੰਗ ਅਤੇ ਬਲਾਕ ਸੰਮਤੀ ਚੋਣਾਂ ਲਈ ਚਿੱਟੇ ਰੰਗ ਦਾ ਬੈਲੇਟ ਪੇਪਰ ਹੋਵੇਗੀ ਅਤੇ ਮਤਦਾਨ ਕਰਕੇ ਵੋਟਰਾਂ ਵੱਲੋਂ ਇਹ ਵੋਟਾਂ ਅਲੱਗ-ਅਲੱਗ ਵੋਟ ਬਕਸਿਆਂ ਵਿਚ ਪਾਈਆਂ ਜਾਣਗੀਆਂ।

ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਇਸ ਰਿਹਰਸਲ ਦੌਰਾਨ ਚੋਣ ਅਮਲੇ 'ਚ ਲੱਗੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਵਿਸਥਾਰ 'ਚ ਜਾਣੂ ਕਰਵਾਉਣ ਸਮੇਤ ਬੈਲੇਟ ਪੇਪਰਾਂ ਰਾਹੀਂ ਬੈਲੇਟ ਬਕਸਿਆਂ ਵਿੱਚ ਵੋਟਾਂ ਪੁਆਉਣ ਲਈ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਪੀਲੇ ਤੇ ਚਿੱਟੇ ਰੰਗਾਂ ਦੇ ਬੈਲੇਟ ਪੇਪਰਾਂ ਬਾਰੇ ਸਿਖਲਾਈ, ਮਤਦਾਨ ਲਈ ਜਰੂਰੀ ਹਦਾਇਤਾਂ, ਵੋਟਾਂ ਲਈ ਜਰੂਰੀ ਸਮਾਨ ਸਮੇਤ ਪ੍ਰੀਜਾਈਡਿੰਗ ਅਧਿਕਾਰੀ, ਸਹਾਇਕ ਪ੍ਰੀਜਾਈਡਿੰਗ ਅਧਿਕਾਰੀ, ਪੋਲਿੰਗ ਅਧਿਕਾਰੀ ਦੀਆਂ ਜਿੰਮੇਵਾਰੀਆਂ, ਪ੍ਰੀਜਾਈਡਿੰਗ ਅਫ਼ਸਰ ਦੀ ਡਾਇਰੀ, ਸਬੰਧਤ ਫਾਰਮ, ਮੋਹਰਾਂ, ਸੀਲਾਂ, ਟੈਗ, ਪੋਲਿੰਗ ਏਜੰਟਾਂ ਦੇ ਦਸਤਖ਼ਤ ਤੇ ਹੋਰ ਦਸਤਾਵੇਜਾਂ ਸਬੰਧੀ ਮੁਕੰਮਲ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕੀਤੀ ਗਈ ਹੈ।

ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਬਲਾਕ ਸੰਮਤੀ ਰਾਜਪੁਰਾ ਲਈ ਰਿਟਰਨਿੰਗ ਅਫ਼ਸਰ-ਕਮ-ਐਸ.ਡੀ.ਐਮ ਰਾਜਪੁਰਾ ਨਮਨ ਮਾਰਕੰਨ ਨੇ ਮਿੰਨੀ ਸਕੱਤਰੇਤ ਰਾਜਪੁਰਾ ਵਿਖੇ, ਭੁਨਰਹੇੜੀ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਏ.ਐਮ.ਡੀ.ਪੀ.ਆਰ.ਟੀ.ਸੀ. ਨਵਦੀਪ ਕੁਮਾਰ, ਬਲਾਕ ਸੰਮਤੀ ਸਨੌਰ ਲਈ ਰਿਟਰਨਿੰਗ ਅਫ਼ਸਰ-ਕਮ-ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਨੇ ਸਰਕਾਰੀ ਬਹੁਤਕਨੀਕੀ ਕਾਲਜ ਐਸ.ਐਸ.ਟੀ. ਨਗਰ ਪਟਿਆਲਾ ਵਿਖੇ, ਬਲਾਕ ਸੰਮਤੀ ਨਾਭਾ ਲਈ ਚੋਣ ਅਮਲੇ ਦੀ ਰਿਹਰਸਲ ਐਸ.ਡੀ.ਐਮ ਨਾਭਾ ਕੰਨੂ ਗਰਗ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਅਤੇ ਬਲਾਕ ਸੰਮਤੀ ਪਟਿਆਲਾ ਲਈ ਰਿਟਰਨਿੰਗ ਅਫ਼ਸਰ-ਕਮ-ਐਸ.ਡੀ.ਐਮ ਪਟਿਆਲਾ ਨਵਜੋਤ ਕੌਰ ਮਾਵੀ ਦੀ ਅਗਵਾਈ ਹੇਠ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ ਵਿਖੇ ਚੋਣ ਅਮਲੇ ਦੀ ਰਿਹਰਸਲ ਕਰਵਾਈ ਗਈ ਹੈ।

ਜਦੋਂਕਿ ਸਮਾਣਾ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ-ਕਮ-ਐਸ.ਡੀ.ਐਮ. ਰਿਚਾ ਗੋਇਲ ਨੇ ਪਬਲਿਕ ਕਾਲਜ ਸਮਾਣਾ ਵਿਖੇ, ਬਲਾਕ ਸੰਮਤੀ ਪਾਤੜਾਂ ਦੇ ਰਿਟਰਨਿੰਗ ਅਫ਼ਸਰ ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਨੇ ਕਿਰਤੀ ਕਾਲਜ ਨਿਆਲ, ਪਟਿਆਲਾ ਦਿਹਾਤੀ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ-ਕਮ-ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਪਟਿਆਲਾ ਵਨੀਤ ਸਿਗਲਾ ਨੇ ਸਰਕਾਰੀ ਆਈ.ਟੀ.ਆਈ. ਨਾਭਾ ਰੋਡ ਵਿਖੇ, ਬਲਾਕ ਸੰਮਤੀ ਸ਼ੰਭੂ ਕਲਾਂ ਦੇ ਰਿਟਰਨਿੰਗ ਅਫ਼ਸਰ-ਕਮ-ਕਾਰਜਕਾਰੀ ਇੰਜੀਨੀਅਰ ਭਾਖੜਾ ਮੇਨ ਲਾਈਨ ਕੈਨਾਲ ਪਟਿਆਲਾ ਗੁਰਸ਼ਰਨ ਸਿੰਘ ਵਿਰਕ ਅਤੇ ਬਲਾਕ ਸੰਮਤੀ ਘਨੌਰ ਦੇ ਰਿਟਰਨਿੰਗ ਅਫ਼ਸਰ-ਕਮ-ਨਿਗਰਾਨ ਇੰਜੀਨੀਅਰ ਪੀ.ਐਸ.ਪੀ.ਸੀ.ਐਲ ਰਾਜਪੁਰਾ ਧਰਮਵੀਰ ਕਮਲ ਨੇ ਯੂਨੀਵਰਸਿਟੀ ਕਾਲਜ ਘਨੌਰ ਵਿਖੇ ਚੋਣ ਅਮਲੇ ਦੀ ਪਹਿਲੀ ਰਿਹਰਸਲ ਕਰਵਾਈ ਹੈ।

# ਮਾਲੇਰਕੋਟਲਾ ਸੂਫ਼ੀ ਫੈਸਟੀਵਲ ਮੁਅੱਤਲ-ਜਲਦ ਹੀ ਨਵੀਆਂ ਮਿਤੀਆਂ ਦਾ ਕੀਤਾ ਜਾਵੇਗਾ ਐਲਾਨ: ਏ.ਡੀ.ਸੀ.

**ਮਲੇਰਕੋਟਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਵਿਖੇ 11 ਤੋਂ 13 ਦਸੰਬਰ ਤੱਕ ਆਯੋਜਿਤ ਕੀਤੇ ਜਾਣ ਵਾਲੇ ਮਾਲੇਰਕੋਟਲਾ ਸੂਫ਼ੀ ਫੈਸਟੀਵਲ , ਨੂੰ ਪ੍ਰਬੰਧਕੀ ਕਾਰਨਾਂ ਕਰਕੇ ਮੁਅੱਤਲ ਕਰ ਦਿੱਤਾ ਗਿਆ ਹੈ।

ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਇਸ ਮਹੱਤਵਪੂਰਨ ਸੂਫ਼ੀ ਫੈਸਟੀਵਲ ਦੀਆਂ ਨਵੀਆਂ ਮਿਤੀਆਂ ਜਲਦ ਹੀ ਨਿਰਧਾਰਤ ਕਰਕੇ ਆਵਾਮ ਨੂੰ ਸੂਚਿਤ ਕੀਤਾ ਜਾਵੇਗਾ।



ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੂਬੇ ਦੀ ਅਮੀਰ ਸੂਫ਼ੀ ਵਿਰਾਸਤ ਅਤੇ ਸੱਭਿਆਚਾਰ ਨੂੰ ਦੇਸ਼-ਦੁਨੀਆ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਆਯੋਜਿਤ ਇਹ ਫੈਸਟੀਵਲ ਹੋਰ ਸੁਚਾਰੂ ਪ੍ਰਬੰਧਾਂ ਨਾਲ ਜਲਦ ਹੀ ਇੱਕ ਨਵੀਂ ਮਿਤੀ 'ਤੇ ਕਰਵਾਇਆ ਜਾਵੇਗਾ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਵਾਮ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਵੀਆਂ ਅਪਡੇਟਾਂ ਲਈ ਅਧਿਕਾਰਕ ਜਾਣਕਾਰੀਆਂ 'ਤੇ ਧਿਆਨ ਬਣਾਈ ਰੱਖਣ।

# ਮਿਸ਼ਨ ਲਾਲੀ ਤੇ ਹਰਿਆਲੀ ਦੀ ਟੀਮ ਸ੍ਰੀ ਫਤਿਹਗੜ੍ਹ ਸਾਹਿਬ ਹੋਈ ਨਤਮਸਤਕ

**ਪਟਿਆਲਾ, 12 ਦਸੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖਤਾ ਦੇ ਭਲੇ ਲਈ ਮੋਹਰੀ ਗਰੁੱਪ ਮਿਸ਼ਨ ਲਾਲੀ ਤੇ ਹਰਿਆਲੀ ਦੀ ਟੀਮ ਨੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਕ ਹੋ ਕੇ ਗੁਰੂ ਘਰ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਟੀਮ ਵਿਚ ਮਿਸ਼ਨ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਠੇਕੇਦਾਰ ਗੁਰਬਚਨ ਸਿੰਘ, ਸ਼ੁਭਦੀਪ ਸਿੰਘ ਤੇ ਹਰਮਨਦੀਪ ਸਿੰਘ ਸਨੌਰ ਸ਼ਾਮਲ ਸਨ।



ਇਸ ਉਪਰੰਤ ਦਫਤਰ ਪਹੁੰਚ ਕੇ ਮੈਨੇਜਰ ਗੁਰਦੀਪ ਸਿੰਘ ਕੰਗ ਨੂੰ ਫੁੱਲਾਂ ਦੇ ਬੁੱਕੇ ਦੇ ਕੇ ਸਨਮਾਨਤ ਕੀਤਾ। ਜਿਕਰਯੋਗ ਹੈ ਕਿ ਸ੍ਰ. ਕੰਗ ਸ੍ਰੀ ਆਨੰਦਪੁਰ ਸਾਹਿਬ ਵਿਖੇ 350 ਸਾਲਾ ਸ਼ਹੀਦੀ ਸਮਾਗਮਾਂ ਮੌਕੇ ਸੰਗਤਾਂ ਲਈ ਕਾਬਲੇ ਤਾਰੀਫ ਕੀਤੇ ਪ੍ਰਬੰਧ ਸਨ। ਸ੍ਰ. ਕੰਗ ਨੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਕੀਤੀ ਜਾਂਦੀ ਖ਼ੂਨਦਾਨ ਕੈਂਪਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਵਿੱਚ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਪਿਛਲੇ 13 ਸਾਲਾਂ ਤੋਂ ਰੈਗੂਲਰ ਖ਼ੂਨਦਾਨ ਕੈਂਪ ਲਗਾਉਣਾ ਵੱਡਾ ਕਾਰਜ ਹੈ, ਜਿਸ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਵਧੀਕ ਡਿਪਟੀ ਕਮਿਸ਼ਨਰ ਨੇ ਸਟਰਾਂਗ ਰੂਮ/ਕਾਊਂਟਿੰਗ ਸੈਂਟਰ ਦੀ ਸੁਰੱਖਿਆ ਪ੍ਰਬੰਧਾਂ ਦਾ ਲਿਆ ਜ਼ਾਇਜਾ

**ਮਲੇਰਕੋਟਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਵੱਲੋਂ ਸਰਕਾਰੀ ਕਾਲਜ ਮਾਲੇਰਕੋਟਲਾ ਦਾ ਦੌਰਾ ਕਰਕੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਤਿਆਰ ਕੀਤੇ ਗਏ ਸਟਰਾਂਗ ਰੂਮ ਅਤੇ ਕਾਊਂਟਿੰਗ ਸੈਂਟਰ ਦੀਆਂ ਸੁਰੱਖਿਆ ਵਿਵਸਥਾਵਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ 13 ਦਸੰਬਰ ਨੂੰ ਪੋਲਿੰਗ ਸਟਾਫ ਦੀ ਰਵਾਨਗੀ ਅਤੇ 17 ਦਸੰਬਰ ਨੂੰ ਹੋਣ ਵਾਲੀ ਵੋਟਾਂ ਦੀ ਗਿਣਤੀ ਲਈ ਕੀਤੀਆਂ ਤਿਆਰੀਆਂ ਦੀ ਵੀ ਸਮੀਖਿਆ ਕੀਤੀ।



ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਧਿਕਾਰੀ-ਕਮ-ਰਿਟਰਨਿੰਗ ਅਫਸਰ, ਪੰਚਾਇਤ ਸੰਮਤੀ ਮਾਲੇਰਕੋਟਲਾ ਮੁਕਲ ਬਾਵਾ, ਐਸ.ਡੀ.ਓ. ਇੰਜੀਨੀਅਰ ਅਮਨਦੀਪ ਕੁਮਾਰ, ਜੇ.ਈ. ਇੰਜੀਨੀਅਰ ਮਨਪ੍ਰੀਤ ਸਿੰਘ, ਚੋਣ ਸ਼ਾਖਾ ਤੋਂ ਮਨਪ੍ਰੀਤ ਸਿੰਘ, ਮਨਦੀਪ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਸਟਰਾਂਗ ਰੂਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਨੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਟਰਾਂਗ ਰੂਮ ਵਿੱਚ 24 ਘੰਟੇ ਕੜੀ ਸੁਰੱਖਿਆ ਪ੍ਰਬੰਧ, ਉਚਿਤ ਰੋਸ਼ਨੀ ਦਾ ਪ੍ਰਬੰਧ, ਸੀ.ਸੀ.ਟੀ.ਵੀ ਕੈਮਰੇ ਲੱਗੇ ਹੋਣ ਅਤੇ ਨਿਰੰਤਰ ਨਿਗਰਾਨੀ ਰਹੇ, ਸੁਰੱਖਿਆ ਕਰਮਚਾਰੀਆਂ ਦੀ ਡਿਊਟੀ ਰੋਸਟਰ ਸਹੀ ਢੰਗ ਨਾਲ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਚੋਣਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਪ੍ਰਬੰਧ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਹੀ ਕੀਤੇ ਜਾਣ । ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ ਦਾ ਕੰਮ ਅਮਨ- ਸ਼ਾਂਤੀ ਅਤੇ ਪਾਰਦਰਸ਼ੀ ਢੰਗ ਨਾਲ ਕੀਤਾ ਜਾਵੇ।

# ਇੰਸਟਾਮਾਰਟ ਨਾਲ ਸਾਂਝੇਦਾਰੀ ਕਰਕੇ 10 ਮਿੰਟਾਂ ਵਿੱਚ ਸਾਰੇ ਮਹਾਂਨਗਰਾਂ ਵਿੱਚ ਗਲੈਕਸੀ ਡਿਵਾਈਸਾਂ ਦੀ ਤੁਰੰਤ ਡਿਲੀਵਰੀ ਦੀ ਪੇਸ਼ਕਸ਼ ਕੀਤੀ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੌਨਿਕਸ ਬ੍ਰਾਂਡ, ਸੈਮਸੰਗ ਨੇ ਅੱਜ ਭਾਰਤ ਦੇ ਮੋਹਰੀ ਤੇਜ਼ ਵਣਜ ਪਲੇਟਫਾਰਮ, ਇੰਸਟਾਮਾਰਟ ਨਾਲ ਸਾਂਝੇਦਾਰੀ ਦਾ ਐਲਾਨ ਕੀਤਾ , ਤਾਂ ਜੋ ਮੁੱਖ ਸ਼ਹਿਰਾਂ ਵਿੱਚ ਗਲੈਕਸੀ ਰੇਂਜ ਦੇ ਉਤਪਾਦਾਂ ਨੂੰ ਤੁਰੰਤ ਉਪਲਬਧ ਕਰਵਾਇਆ ਜਾ ਸਕੇ। ਇਸ ਸਹਿਯੋਗ ਰਾਹੀਂ, ਸੈਮਸੰਗ ਗਲੈਕਸੀ ਸਮਾਰਟਫੋਨ, ਟੈਬਲੇਟ, ਪਹਿਨਣਯੋਗ ਚੀਜ਼ਾਂ ਅਤੇ ਸਹਾਇਕ ਉਪਕਰਣਾਂ ਦੇ ਵਿਸ਼ਾਲ ਪੋਰਟਫੋਲੀਓ ਤੱਕ ਤੇਜ਼ ਅਤੇ ਸੁਵਿਧਾਜਨਕ ਪਹੁੰਚ ਦੀ ਪੇਸ਼ਕਸ਼ ਕਰੇਗਾ। ਗਾਹਕ ਇੰਸਟਾਮਾਰਟ ' ਤੇ ਚੋਣਵੇਂ ਗਲੈਕਸੀ ਡਿਵਾਈਸਾਂ ਦਾ ਆਰਡਰ ਦੇ ਸਕਦੇ ਹਨ ਅਤੇ ਉਨ੍ਹਾਂ ਨੂੰ ਮਿੰਟਾਂ ਦੇ ਅੰਦਰ ਉਨ੍ਹਾਂ ਦੇ ਦਰਵਾਜ਼ੇ 'ਤੇ ਪਹੁੰਚਾ ਸਕਦੇ ਹਨ। ਸੈਮਸੰਗ ਵਿਖੇ, ਅਸੀਂ ਅਰਥਪੂਰਨ ਨਵੀਨਤਾਵਾਂ ਦੁਆਰਾ ਪ੍ਰੇਰਿਤ ਹਾਂ ਜੋ ਹਰ ਕਿਸੇ ਲਈ ਪਹੁੰਚਯੋਗ ਹਨ। ਇੰਸਟਾਮਾਰਟ ਨਾਲ ਸਾਡੀ ਭਾਈਵਾਲੀ ਸਾਡੀ ਓਮਨੀਚੈਨਲ ਰਣਨੀਤੀ ਨੂੰ ਮਜ਼ਬੂਤ ਕਰਨ ਅਤੇ ਕੁਝ ਮਿੰਟਾਂ ਵਿੱਚ ਉਪਭੋਗਤਾਵਾਂ ਲਈ ਗਲੈਕਸੀ ਅਨੁਭਵ ਉਪਲਬਧ ਕਰਾਉਣ ਵੱਲ ਇੱਕ ਹੋਰ ਕਦਮ ਹੈ। ਅਸੀਂ ਆਪਣੇ ਸਭ ਤੋਂ ਪਿਆਰੇ ਡਿਵਾਈਸਾਂ ਨੂੰ ਉਪਭੋਗਤਾਵਾਂ ਦੇ ਨੇੜੇ ਲਿਆ ਰਹੇ ਹਾਂ,÷ ਰਾਹੁਲ ਪਾਹਵਾ, ਡਾਇਰੈਕਟਰ, ਐਮਐਕਸ ਬਿਜ਼ਨਸ, ਸੈਮਸੰਗ ਇੰਡੀਆ ਨੇ ਕਿਹਾ।

ਇੰਸਟਾਮਾਰਟ ਵਿਖੇ , ਸਾਡਾ ਟੀਚਾ ਹਮੇਸ਼ਾ ਸਾਡੇ ਖਪਤਕਾਰਾਂ ਦੀ ਬਦਲਦੀ ਜੀਵਨ ਸ਼ੈਲੀ ਦਾ ਅੰਦਾਜ਼ਾ ਲਗਾਉਣਾ ਅਤੇ ਉਹਨਾਂ ਦੇ ਅਨੁਕੂਲ ਹੋਣਾ ਰਿਹਾ ਹੈ। ਸੈਮਸੰਗ ਨਾਲ ਸਿੱਧੇ ਤੌਰ 'ਤੇ ਸਾਂਝੇਦਾਰੀ ਕਰਕੇ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਉੱਚ-ਗੁਣਵੱਤਾ ਵਾਲੇ ਡਿਵਾਈਸ ਹੁਣ ਸਿਰਫ਼ ਕੁਝ ਕੁ ਟੈਪਾਂ ਅਤੇ 10 ਮਿੰਟ ਦੀ ਦੂਰੀ 'ਤੇ ਹਨ, ਜੋ ਕਿ ਤਕਨੀਕ ਵਿੱਚ ਸਹੂਲਤ ਦਾ ਅਸਲ ਅਰਥ ਕੀ ਹੈ, ਨੂੰ ਮੁੜ ਪਰਿਭਾਸ਼ਿਤ ਕਰ ਰਹੇ ਹਨ,÷ ਇੰਸਟਾਮਾਰਟ ਦੇ ਏਵੀਪੀ, ਮਨੇਂਦਰ ਕੌਸ਼ਿਕ ਨੇ ਕਿਹਾ । ਇਹ ਭਾਈਵਾਲੀ ਸੈਮਸੰਗ ਦੀ ਆਪਣੀ ਓਮਨੀਚੈਨਲ ਮੌਜੂਦਗੀ ਨੂੰ ਵਧਾਉਣ ਅਤੇ ਗਤੀ ਅਤੇ ਪਹੁੰਚਯੋਗਤਾ ਨੂੰ ਮਹੱਤਵ ਦੇਣ ਵਾਲੇ ਖਪਤਕਾਰਾਂ ਦੀਆਂ ਵਿਕਸਤ ਹੋ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਵਚਨਬੱਧਤਾ ਨਾਲ ਮੇਲ ਖਾਂਦੀ ਹੈ। ਸੈਮਸੰਗ ਇੰਸਟਾਮਾਰਟ ਨਾਲ ਭਾਈਵਾਲੀ ਕਰਕੇ ਆਪਣੇ ਪ੍ਰਚੂਨ ਵਾਤਾਵਰਣ ਨੂੰ ਮਜ਼ਬੂਤ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਕੀਮਤ ਹਿੱਸਿਆਂ ਦੇ ਖਪਤਕਾਰ ਸੁਵਿਧਾ ਨਾਲ ਗਲੈਕਸੀ ਤਕਨਾਲੋਜੀ ਦਾ ਅਨੁਭਵ ਕਰ ਸਕਣ।

# ਟਰੈਕਟਰਾਂ/ਮੋਟਰਸਾਈਕਲ ਤੇ ਹੋਰ ਸੰਦਾਂ 'ਤੇ ਖਤਰਨਾਕ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸ਼੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਟਰੈਕਟਰਾਂ/ਮੋਟਰਸਾਈਕਲ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 3 ਫਰਵਰੀ 2026 ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਏ ਪੱਤਰ ਤਹਿਤ ਰਾਜ ਵਿੱਚ ਬੀਤੇ ਦਿਨੀਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਆਦਿ।

# ਸੌਲਵ ਫਾਰ ਟੂਮਾਰੋ 2025: ਯੰਗ ਇੰਡੀਆ ਕਿਵੇਂ ਏਆਈ ਦੀ ਵਰਤੋਂ ਇੱਕ ਸੁਰੱਖਿਅਤ, ਚੁਸਤ ਅਤੇ ਸਮਾਵੇਸ਼ੀ ਭਾਰਤ ਲਈ ਕਰ ਰਿਹੈ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਹੁਣ ਭਾਰਤ ਦੇ ਡਿਜੀਟਲ ਪਰਿਵਰਤਨ - ਡਰਾਈਵਿੰਗ ਸੁਰੱਖਿਆ, ਪਹੁੰਚਯੋਗਤਾ ਅਤੇ ਰੋਜ਼ਾਨਾ ਸਸ਼ਕਤੀਕਰਨ ਦਾ ਇੱਕ ਮੁੱਖ ਹਿੱਸਾ ਬਣ ਗਿਆ ਹੈ। ਇਸ ਪਰਿਵਰਤਨ ਦੇ ਮੱਦੇਨਜ਼ਰ, ਸੈਮਸੰਗ ਸੋਲਵ ਫਾਰ ਟੂਮਾਰੋ 2025 ਨੇ ਆਈਆਈਟੀ ਦਿੱਲੀ ਦੇ ਸਹਿਯੋਗ ਨਾਲ, ਦੇਸ਼ ਭਰ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ÷ਏਆਈ ਫਾਰ ਏ ਸੇਫਰ, ਚੁਸਤ ਅਤੇ ਸਮਾਵੇਸ਼ੀ ਭਾਰਤ÷ ਥੀਮ ਦੇ ਤਹਿਤ ਅਸਲ-ਸੰਸਾਰ ਦੀਆਂ ਏਆਈ ਸਮੱਸਿਆਵਾਂ ਦੇ ਹੱਲ ਡਿਜ਼ਾਈਨ ਕਰਨ ਲਈ ਇਕੱਠਾ ਕੀਤਾ। ਇਸ ਸਾਲ ਦੇ ਥੀਮ, ÷ਏਆਈ ਫਾਰ ਏ ਸੇਫਰ, ਚੁਸਤ ਅਤੇ ਸਮਾਵੇਸ਼ੀ ਭਾਰਤ÷ ਦੇ ਮੁੱਖ ਅੰਸ਼ ਇੱਥੇ ਹਨ। ਏਆਈ ਥੀਮ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਤਕਨਾਲੋਜੀਆਂ ਡਿਜ਼ਾਈਨ ਕਰਨ ਲਈ ਪ੍ਰੇਰਿਤ ਕੀਤਾ ਜੋ ਜਨਤਕ ਥਾਵਾਂ 'ਤੇ ਸੁਰੱਖਿਆ ਨੂੰ ਵਧਾਉਂਦੀਆਂ ਹਨ, ਨੇਤਰਹੀਣਾਂ ਲਈ ਪਹੁੰਚਯੋਗਤਾ ਵਿੱਚ ਸੁਧਾਰ ਕਰਦੀਆਂ ਹਨ, ਅਤੇ ਅਸਲ-ਸਮੇਂ ਦੇ ਐਮਰਜੈਂਸੀ ਪ੍ਰਤੀਕਿਰਿਆ ਦਾ ਸਮਰਥਨ ਕਰਦੀਆਂ ਹਨ। ਚੱਕਰਵਿਊਹ, ਗਲਤੀ 404, ਪੈਸ਼ਨੇਟ ਪ੍ਰੋਬਲਮ ਸੋਲਵਰਸ, ਪਰਸੇਵੀਆ ਅਤੇ ਸਿਕਾਰੀਓ ਵਰਗੀਆਂ ਟੀਮਾਂ ਨੇ ਔਰਤਾਂ ਦੀ ਸੁਰੱਖਿਆ ਐਪਸ ਤੋਂ ਲੈ ਕੇ ਏਆਈ-ਸੰਚਾਲਿਤ ਨਿਗਰਾਨੀ ਨੈੱਟਵਰਕ, ਸਮਾਰਟ ਊਰਜਾ ਮੀਟਰ ਅਤੇ ਨੇਤਰਹੀਣਾਂ ਲਈ ਪਹਿਨਣਯੋਗ ਨੈਵੀਗੇਸ਼ਨ ਡਿਵਾਈਸਾਂ ਤੱਕ ਦੇ ਹੱਲ ਪੇਸ਼ ਕੀਤੇ। ਇਹਨਾਂ ਵਿੱਚ ਇੱਕ ਡਰੋਨ-ਸਮਰਥਿਤ 19 ਨਿਗਰਾਨੀ ਪ੍ਰਣਾਲੀ ਸ਼ਾਮਲ ਹੈ ਜੋ ਸਰਹੱਦੀ ਘੁਸਪੈਠ ਗਤੀਵਿਧੀਆਂ 'ਤੇ ਅਲਰਟ ਭੇਜਦੀ ਹੈ, ਔਰਤਾਂ ਲਈ ਰੀਅਲ-ਟਾਈਮ ਡਿੱਗਣ ਦਾ ਪਤਾ ਲਗਾਉਣ ਅਤੇ ਐਮਰਜੈਂਸੀ ਪ੍ਰਤੀਕਿਰਿਆ ਦੇ ਨਾਲ ਇੱਕ 19-ਸੰਚਾਲਿਤ ਸੁਰੱਖਿਆ ਐਪ, 19-ਅਧਾਰਿਤ ਐਨਕ੍ਰਿਪਸ਼ਨ ਅਤੇ ਭਵਿੱਖਬਾਣੀ ਚੇਤਾਵਨੀਆਂ ਵਾਲਾ ਇੱਕ ਵਿਕੇਂਦਰੀਕ੍ਰਿਤ ਸਮਾਰਟ ਊਰਜਾ ਮੀਟਰ ਸਿਸਟਮ, ਅਤੇ ਰੀਅਲ-ਟਾਈਮ ਚਿਹਰੇ ਦੀ ਪਛਾਣ ਅਤੇ ਔਫਲਾਈਨ ਨੈਵੀਗੇਸ਼ਨ ਸਹਾਇਤਾ ਨਾਲ ਨੇਤਰਹੀਣਾਂ ਲਈ 19 ਗਲਾਸ ਸ਼ਾਮਲ ਹਨ। ਥੀਮ ਦੇ ਚੋਟੀ ਦੇ ਜੇਤੂ - ਟੀਮ ਪਰਸੇਵੀਆ, ਜਿਸਦੀ ਅਗਵਾਈ ਬੰਗਲੁਰੂ ਦੇ ਵਿਦਿਆਰਥੀ ਤੁਸ਼ਾਰ ਸ਼ਾਅ ਨੇ ਕੀਤੀ - ਨੇ 19-ਸੰਚਾਲਿਤ ਗਲਾਸ ਬਣਾਏ ਜੋ ਵਸਤੂ ਪਛਾਣ ਅਤੇ ਸਥਾਨ-ਅਧਾਰਿਤ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ, ਨੇਤਰਹੀਣ ਵਿਅਕਤੀਆਂ ਲਈ ਸੁਰੱਖਿਅਤ ਅਤੇ ਸੁਤੰਤਰ ਗਤੀਸ਼ੀਲਤਾ ਨੂੰ ਸਮਰੱਥ ਬਣਾਉਂਦੇ ਹਨ।

# ਸਰਕਾਰੀ ਐਲੀਮੈਂਟਰੀ ਸਕੂਲ ਬੋਲੜ ਕਲਾ ਬਲਾਕ ਭੁਨਰਹੇੜੀ 2 ਵਿਖੇ ਮਹੀਨਾਵਾਰ ਇਵੈਂਟ ਫੋਟੋ ਫਰੇਮ ਕਰਵਾਇਆ



**ਸਨੌਰ,12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪ੍ਰਾਇਮਰੀ ਸਕੂਲ ਬੋਲੜ ਕਲਾਂ ਬਲਾਕ ਭੁਨਰਹੇੜੀ 2 ਵਿਖੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਤੇ ਸੀਐਚਟੀ ਰਾਜਿੰਦਰ ਸਿੰਘ ਜੀ ਦੀ ਅਗਵਾਈ ਹੇਠ ਕਰਵਾਇਆ ਗਿਆ ਪ੍ਰਥਮ ਤੋਂ ਮੈਡਮ ਪਰਮਜੀਤ ਕੌਰ ਭੱਟੀ (ਪ੍ਰਥਮ ਜਿਲਾ ਕੋਆਰਡੀਨੇਟਰ) ਅਤੇ ਪ੍ਰੀ ਪ੍ਰਾਇਮਰੀ ਅਧਿਆਪਕਾਂ ਮੀਨਾਕਸ਼ੀ ਵਾਲੀਆ ਦੇ ਯਤਨਾਂ ਸਦਕਾ ਪ੍ਰੀ-ਪ੍ਰਾਇਮਰੀ ਜਮਾਤ ਦੇ ਬੱਚਿਆਂ ਲਈ ਮਹੀਨਾਵਾਰ ਈਵੈਂਟ ਕਰਵਾਇਆ -

ਇਸ ਤੋਂ ਇਲਾਵਾ ਬੱਚਿਆਂ ਨੂੰ ਕਰਵਾਈਆਂ ਜਾ ਸਕਣ ਵਾਲੀਆਂ ਗਤੀਵਿਧੀਆਂ ਵਾਰੇ ਵਿਸਥਾਰ - ਪੂਰਵਕ ਜਾਣਕਾਰੀ ਦਿੱਤੀ ਗਈ ਤੇ ਹੱਥੀ ਸਮਾਨ ਵੀ ਤਿਆਰ ਕਰਨਾ ਸਿਖਾਇਆ ਗਿਆ। ਇਸ ਸਮੇ ਮੀਨਾਕਸ਼ੀ ਮੈਡਮ ਤੇ ਪਰਮਜੀਤ ਕੌਰ ਭੱਟੀ ਨੇ ਇਵੈਂਟ ਦੇ ਉਦੇਸ਼ ਬਾਰੇ ਮਾਵਾਂ ਨੂੰ ਦੱਸਿਆ ਕਿ ਬੱਚਿਆਂ ਦੀ ਸਿਰਜਨਾਤਮਿਕ ਸ਼ਕਤੀ ਦਾ ਵਿਕਾਸ ਕਰਨਾ ਅਤੇ ਉਹਨਾਂ ਨੂੰ ਆਪਣੇ ਪਰਿਵਾਰ ਨਾਲ਼ ਜੁੜੀਆਂ ਭਾਵਨਾਵਾਂ ਨੂੰ ਕਲਾ ਰਾਹੀਂ ਪ੍ਰਗਟ ਕਰਨ ਦਾ ਮੌਕਾ ਦੇਣਾ ਹੈ।

ਬੱਚਿਆਂ ਦੀਆਂ ਛੋਟੀਆਂ ਮਾਸਪੇਸ਼ੀਆਂ ਦਾ ਵਿਕਾਸ ਕਰਨਾ ਅਤੇ ਉਹਨਾਂ ਦੇ ਕਲਾਤਮਕ ਹੁਨਰ ਨੂੰ ਉਭਾਰਿਆ ਜਾਂਦਾ ਹੈ ਇਸ ਤੋਂ ਇਲਾਵਾ ਫੋਟੋ ਫਰੇਮ ਦੀ ਵਰਤੋਂ ਬੱਚੇ ਆਪਣੀ ਫੋਟੋ ਲਗਾ ਸਕਦੇ ਹਨ ਇਸ ਇਵੈਂਟ ਵਿਚ ਬੱਚਿਆਂ ਦੀਆਂ ਮਾਵਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਤੋਂ ਇਲਾਵਾ ਹਰਪ੍ਰੀਤ ਕੌਰ ਫੋਟੋ ਫਰੇਮ ਬਣਾਉਣ ਵਿੱਚ ਮਦਦ ਕੀਤੀ ਇਸ ਮੌਕੇ ਬੱਚਿਆਂ ਦੇ ਮਾਵਾਂ ਵੀ ਹਾਜ਼ਰ ਸਨ।

# ਨਸ਼ਾ ਕਰਨ ਵਾਲਿਆਂ ਨਾਲ ਨ਼ਫਰਤ ਨਾ ਕਰੀਏ ਸਗੋਂ ਸਾਨੂੰ ਉਹਨਾਂ ਨੂੰ ਨਸ਼ਾ ਛੱਡਣ ਲਈ ਜਾਗਰੂਕ ਕਰਨਾ ਚਾਹੀਦਾ ਹੈ: ਬੰਨੀ ਚੈਹਿਲ



**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ , ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਿਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ , ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਕਮਾਊਨਟੀ ਅਫਸਰ ਵੈਭਵ ਚੋਧਰੀ ਦੀ ਸਰਪ੍ਰਸਤੀ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।

ਵਿਸ਼ੇਸ਼ ਤੌਰ ਤੇ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਭਾਰਤ ਵਿਕਾਸ ਪ੍ਰੀਸ਼ਦ ਤੋਂ ਹਰਿੰਦਰ ਗੁਪਤਾ, ਮੁਕੇਸ਼ ਸਿੰਗਲਾ, ਸ਼ਮੀਰ ਅਰੋੜਾ, ਆਦੇਸ਼ ਗੁਪਤਾ, ਆਰ ਐਸ ਬਾਂਸਲ, ਰਵਿੰਦਰ ਸਿੰਘ ਤੋ ਇਲਾਵਾ ਸਟੇਟ ਐਵਾਰਡੀ ਰੁਪਿੰਦਰ ਕੌਰ,ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਵੀ ਹਾਜ਼ਰ ਸਨ ।

# ਅਗਰਵਾਲ ਚੇਤਨਾ ਸਭਾ ਦੀ ਮੀਟਿੰਗ ਸ੍ਰੀ ਦੇਵੀ ਦਿਆਲ ਗੋਇਲ ਦੀ ਪ੍ਰਧਾਨਗੀ ਹੇਠ ਆਯੋਜਿਤ



**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਚੇਤਨਾ ਸਭਾ ਦੀ ਮੀਟਿੰਗ ਸ੍ਰੀ ਦੇਵੀ ਦਿਆਲ ਗੋਇਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਅਗਰਵਾਲ ਸਮਾਜ ਦੀ ਬੇਹਤਰੀ ਲਈ ਕੰਮ ਕਰਨ ਅਤੇ ਲੋਕਾਂ ਤੱਕ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ ਅਤੇ ਉਸ ਵਿੱਚ ਫੈਲੀਆ ਬੁਰਾਈਆਂ ਨੂੰ ਦੂਰ ਕਰਨ ਲਈ ਉਪਰਾਲਾ ਕਰਣ ਦਾ ਵੀ ਕਿਹਾ ਗਿਆ। ਲੜਕੀਆਂ ਦੇ ਵਿਵਾਹ ਸਮੇਂ ਫਜੂਲ ਖਰਚਾ ਰੋਕਣ ਲਈ, ਭੋਗ ਸਮੇਂ ਦੀ ਫਜੂਲ ਖਰਚਾ ਰੋਕਣ ਦੇ ਉਪਰਾਲੇ ਕਰਣ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾਣਗੇ।

ਅਗਰਵਾਲ ਵਿਦਿਆਰਥੀਆਂ ਨੂੰ ਪੜਾਈ ਵਿੱਚ ਅਵਲ ਆਉਣ ਤੇ ਸਨਮਾਨਿਤ ਵੀ ਕੀਤਾ ਜਾਵੇਗਾ ਅਤੇ ਗਰੀਬ ਵਿਦਿਆਰਥੀਆਂ ਨੂੰ ਡਰੈਸਾਂ ਵਗੈਰਾ ਦੀ ਵੀ ਜਰੂਰਤ ਪੂਰੀ ਕੀਤੀ ਜਾਵੇਗੀ। ਜਲਦ ਹੀ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ। ਇਸ ਮੀਟਿੰਗ ਵਿੱਚ ਵਿਜੇ ਕੁਮਾਰ ਗੋਇਲ ਪੈਟਰਨ, ਹਰਬੰਸ ਬਾਂਸਲ, ਰਾਕੇਸ਼ ਸਿੰਗਲਾ, ਨਰੇਸ਼ ਮਿੱਤਲ, ਸੰਜੀਵ ਕੁਮਾਰ, ਸੁਰੇਸ਼ ਗੋਇਲ ਡਕਾਲਾ, ਸੁਰਿੰਦਰ ਗੁਪਤਾ, ਅਨਿਲ ਕੁਮਾਰ ਗਰਗ, ਡਾ. ਵਿਕਾਸ ਗੋਇਲ ਸੀਨੀਅਰ ਮੈਡੀਕਲ ਅਫਸਰ ਹਾਜਰ ਸਨ।

# 69ਵੇਂ ਮਹਾਪ੍ਰੀਨਿਵਾਰਨ ਦਿਵਸ ਮੌਕੇ ਪੰਜਾਬ ਪ੍ਰਧਾਨ ਹਿਊਮਨ ਸਰਵਿਸ ਸੋਸਾਇਟੀ ਦੀ ਟੀਮ ਨੇ ਆਸ਼ਿਰਵਾਦ ਲਿਆ



**ਪਟਿਆਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਪੁਰਾ ਵਿਖੇ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ 69ਵੇਂ ਮਹਾਂ ਪ੍ਰੀਨਿਵਾਰਨ ਦਿਵਸ ਮੌਕੇ ਚੇਅਰਮੈਨ ਹਿਊਮਨ ਸਰਵਿਸ ਸੋਸਾਇਟੀ ਐਸ.ਸੀ. ਵਿੰਗ ਸ਼ਿਵ ਕੁਮਾਰ ਮੋਨੀ, ਚੇਅਰਮੈਨ ਸੁਸ਼ੀਲ ਘਾਰੂ, ਸੰਜੇ ਘਾਰੂ ਤੇ ਵਾਲਮੀਕਿ ਸਮਾਜ ਦੇ ਆਗੂਆਂ ਵੱਲੋਂ ਬਾਬਾ ਸਾਹਿਬ ਦੀ ਯਾਦ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਵੱਖ—ਵੱਖ ਜਥੇਬੰਦੀਆਂ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਨੇ ਬੋਲਦੇ ਕਿਹਾ ਕਿ ਬਾਬਾ ਸਾਹਿਬ ਜੀ ਦੀ ਸੋਚ ਤੇ ਸਾਨੂੰ ਚਲਣਾ ਚਾਹੀਦਾ ਹੈ। ਉਹਨਾਂ ਨੇ ਸਵਿਧਾਨ ਲਿਖ ਕੇ ਸਭ ਧਰਮਾਂ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ।

ਉਹਨਾਂ ਦੀ ਸੋਚ ਤੇ ਸਾਨੂੰ ਬੱਚਿਆਂ ਨੂੰ ਵੱਧ ਤੋਂ ਵੱਧ ਪੜਨਾ ਲਿਖਣਾ ਚਾਹੀਦਾ ਹੈ ਤਾਂ ਜ਼ੋ ਸਾਰਾ ਸਮਾਜ ਅੱਗੇ ਵੱਧ ਕੇ ਦੇਸ਼ ਦੀ ਤਰੱਕੀ ਵਿੱਚ ਸਾਥ ਦੇਣ। ਹਰ ਧਰਮ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਦਿੱਤੇ ਸੰਵਿਧਾਨ ਕਾਰਣ ਹੀ ਅੱਜ ਸਾਡਾ ਦੇਸ਼ ਚਲ ਰਿਹਾ ਹੈ। ਅਸੀਂ ਉਨ੍ਹਾਂ ਨੂੰ ਸਚੇ ਦਿਲ ਤੋਂ ਸ਼ਰਧਾਂਜਲੀ ਦਿੰਦੇ ਹਾਂ। ਇਸ ਤਰ੍ਹਾਂ ਦੇ ਪ੍ਰੋਗਰਾਮ ਸਾਰੇ ਦੇਸ਼ ਨੂੰ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ, ਰਿਟਾਇਰਡ ਐਸ.ਐਸ.ਪੀ. ਸੁਸ਼ੀਲ ਕੁਮਾਰ, ਰਿਟਾਇਰ ਐਸ.ਐਸ.ਪੀ. ਪਵਨ ਕੁਮਾਰ, ਚੇਅਰਮੈਨ ਸ਼ਿਵ ਕੁਮਾਰ ਮੋਨੀ, ਚੇਅਰਮੈਨ ਸੁਸ਼ੀਲ ਕੁਮਾਰ ਘਾਰੂ, ਸੰਜੇ ਕੁਮਾਰ ਘਾਰੂ, ਪ੍ਰਧਾਨ ਰਤਨ ਮੱਟੂ, ਚੇਅਰਮਪ੍ਰਸਨ ਵਰਸਾ ਗੋਇਲ, ਚੇਅਰਮੈਨ ਕਰਮਜੀਤ ਲਚਕਾਣੀ ਤੇ ਭਾਰੀ ਗਿਣਤੀ ਵਿੱਚ ਟੀਮ ਮੈਂਬਰਾਂ ਨੂੰ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ।

# ਬਲਾਕ ਸੰਮਤੀ ਉਮੀਦਵਾਰ ਅਤੇ ਜਿਲਾ ਪਰਿਸ਼ਦ ਉਮੀਦਵਾਰਾਂ ਦੇ ਹੱਕ ਵਿੱਚ ਵੱਡੇ ਚੋਣ ਇਕੱਠਾਂ ਨੂੰ ਕੀਤਾ ਸੰਬੋਧਨ

**ਮਾਛੀਵਾੜਾ ਸਾਹਿਬ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ ਪਰਿਸ਼ਦ ਜੋਨ ਨੀਲੋਂ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਅਤੇ ਪੰਜ ਗਰਾਈਆਂ ਜੋਨ ਤੋਂ ਬਲਾਕ ਸੰਮਤੀ ਉਮੀਦਵਾਰ ਕੁਲਵਿੰਦਰ ਸਿੰਘ ਸ਼ਨੀ ਲੱਖੋਵਾਲ ,ਜਾਤੀਵਾਲ ਜੋਨ ਤੋਂ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਦੇ ਵੱਡੇ ਚੋਣ ਇਕੱਠਾ ਨੂੰ ਅੱਜ ਅਕਾਲੀ ਪਾਰਟੀ ਦੇ ਆਗੂਆਂ ਵੱਲੋਂ ਸੰਬੋਧਨ ਕਰ ਅਕਾਲੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਅਪੀਲ ਕੀਤੀ ਗਈ। ਬਲਾਕ ਸੰਮਤੀ ਉਮੀਦਵਾਰ ਕੁਲਵਿੰਦਰ ਸਿੰਘ ਸਨੀ ਵੱਲੋਂ ਪਿੰਡ ਟਾਂਡਾ ਕੁਸਲ ਸਿੰਘ ਅਤੇ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਵੱਲੋਂ ਆਪਣੇ ਗ੍ਰਹਿ ਜਾਤੀਵਾਲ ਵਿਖੇ ਰੱਖੀਆਂ ਚੋਣ ਮੀਟਿੰਗਾਂ ਵੱਡੇ ਇਕੱਠ ਦਾ ਰੂਪ ਧਾਰਨ ਕਰ ਗਈਆਂ, ਜਿਨ੍ਹਾਂ ਨੂੰ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋ ਨੇ ਸੰਬੋਧਨ ਕੀਤਾ। ਉਹਨਾਂ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਰਕਾਰਾਂ ਸਮੇਂ ਕੀਤੇ ਵਿਕਾਸ ਕਾਰਜਾਂ ਨੂੰ ਲੋਕਾਂ ਦੇ ਸਨਮੁਖ ਕੀਤਾ ਅਤੇ ਮੌਜੂਦਾ ਸਰਕਾਰ ਦੁਆਰਾ ਲੋਕਾਂ ਨਾਲ ਕੀਤੇ ਗਏ ਝੂਠੇ ਵਾਦਿਆਂ ਨੂੰ ਵੀ ਚਿਤਾਰਿਆ। ਉਹਨਾਂ ਅਪੀਲ ਕਰਦੇ ਆ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਫ ਸੁਥਰੇ ਕਿਰਦਾਰ ਵਾਲੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ, ਜਿਨ੍ਹਾਂ ਦੀ ਜਿੱਤ ਨਾਲ ਹਲਕੇ ਦੇ ਪਿੰਡਾਂ ਦਾ ਵਿਕਾਸ ਕਾਰਜ ਹੋਣਾ ਸੰਭਵ ਹੈ। ਉਹਨਾਂ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਅਕਾਲੀ ਦਲ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਨ ਦੀ ਨਿਖੇਦੀ ਕਰਦਿਆਂ ਕਿਹਾ ਕਿ ਇਹਨਾਂ ਦੇ ਆਪਣੇ ਉਮੀਦਵਾਰ ਜੋ ਭ੍ਰਿਸ਼ਟਾਚਾਰ ਵਿੱਚ ਲਿਪਤ ਹਨ, ਉਨਾਂ ਦੇ ਕਿਰਦਾਰਾਂ ਨੂੰ ਚੰਗਾ ਦਰਸਾਉਣ ਦੇ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਾਫ ਸੁਥਰੇ ਕਿਰਦਾਰ ਵਾਲੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਦੀਆਂ ਹੋਛੀਆਂ ਹਰਕਤਾਂ ਵੀ ਕੀਤੀਆਂ ਗਈਆਂ ,ਪਰ ਪਰਮਾਤਮਾ ਦੀ ਕਿਰਪਾ ਨਾਲ ਪ੍ਰਸ਼ਾਸਨ ਦੁਆਰਾ ਇਸ ਨਜਾਇਜ਼ ਕੰਮ ਨੂੰ ਕਰਨ ਤੋਂ ਨਾਂਹ ਕਰਨ ਨਾਲ ਅੱਜ ਸਾਰੇ ਮੈਂਬਰ ਚੋਣ ਮੈਦਾਨ ਵਿੱਚ ਹਨ। ਉਹਨਾਂ ਕਿਹਾ ਕਿ ਬਲਾਕ ਜ਼ਿਲ੍ਹਾ ਪਰਿਸ਼ਦ ਜੋਨ ਨੀਲੋ ਕਲਾਂ ਤੋਂ ਅਕਾਲੀ ਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਜੋ ਸਾਫ ਸੁਥਰੇ ਅਤੇ ਸੱਚੇ ਸੁੱਚੇ ਕਿਰਦਾਰ ਵਾਲੇ ਉੱਗੇ ਖੇਡ ਪ੍ਰਮੋਟਰ ਵੀ ਹਨ ਉਹਨਾਂ ਦੇ ਕਾਗਜ਼ ਰੱਦ ਕਰਨ ਦੀ ਵੀ ਡੂੰਘੀ ਸਾਜ਼ਿਸ਼ ਰਚੀ ਗਈ, ਪਰ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਅਤੇ ਹਰਜੋਤ ਸਿੰਘ ਮਾਂਗਟ ਦੂਣੇ ਹੌਂਸਲੇ ਨਾਲ ਅੱਜ ਚੋਣ ਮੈਦਾਨ ਵਿੱਚ ਡਟਿਆ ਹੋਇਆ ਤੇ ਵਿਰੋਧੀਆਂ ਨੂੰ ਭਾਜੜਾ ਪਾ ਰਿਹਾ ਹੈ।



ਇਸ ਮੌਕੇ ਸਾਬਕਾ ਸਰਪੰਚ ਅਮਰੀਕ ਸਿੰਘ ਟਾਂਡਾ , ਜਥੇਦਾਰ ਚਰਨਜੀਤ ਸਿੰਘ ,ਪ੍ਰਕਾਸ਼ ਸਿੰਘ ਜਥੇਦਾਰ ਮਹਿੰਦਰ ਸਿੰਘ, ਸਾਬਕਾ ਸਰਪੰਚ ਦਲਜੀਤ ਸਿੰਘ ਬੁੱਲੇਵਾਲ, ਸਾਬਕਾ ਸਰਪੰਚ ਬਲਵੰਤ ਸਿੰਘ ਉਧੋਵਾਲ, ਸਾਬਕਾ ਚੇਅਰਮੈਨ ਦੇਸ ਰਾਜ ਰਹੀਮਾਬਾਦ, ਹਰਜਿੰਦਰ ਸਿੰਘ ਮਾਣਕ, ਜਰਨੈਲ ਸਿੰਘ ਪ੍ਰਧਾਨ, ਹਰਮੇਸ਼ ਸਿੰਘ, ਡਾਕਟਰ ਜਤਿੰਦਰ ਸਿੰਘ, ਚਰਨ ਸਿੰਘ ,ਬਾਬੂ ਸਿੰਘ ਮਾਨ, ਸੁੱਖਾ ਟਾਂਡਾ, ਮਲਕੀਤ ਸਿੰਘ, ਸੁਰਜੀਤ ਸਿੰਘ ,ਕੁਲਜੀਤ ਸਿੰਘ, ਗੁਰਦੇਵ ਸਿੰਘ, ਗੁਰਮੇਲ ਸਿੰਘ, ਦਲਵਾਰਾ ਸਿੰਘ ,ਸੁਰਜੀਤ ਸਿੰਘ, ਭਜਨ ਸਿੰਘ, ਅਵਤਾਰ ਸਿੰਘ, ਪ੍ਰੇਮ ਸਿੰਘ ,ਗੁਰਦੇਵ ਸਿੰਘ, ਗੁਰਮੇਲ ਸਿੰਘ, ਸਾਬਕਾ ਸਰਪੰਚ ਗਿਆਨ ਸਿੰਘ, ਪੰਜ ਰਜਿੰਦਰ ਸਿੰਘ, ਪੰਚ ਪਰਮਜੀਤ ਸਿੰਘ, ਲੰਬੜਦਾਰ ਰਣਜੀਤ ਸਿੰਘ, ਓਂਕਾਰ ਸਿੰਘ ,ਸੁੱਚਾ ਸਿੰਘ ਸਾਬਕਾ ਸਰਪੰਚ , ਜਸਵੀਰ ਸਿੰਘ ਸੈਂਸੋਵਾਲ , ਮੁਖਤਿਆਰ ਸਿੰਘ, ਇਕਬਾਲ ਸਿੰਘ ਹੈਪੀ, ਫੌਜੀ ਅਵਤਾਰ ਸਿੰਘ, ਸਾਬਕਾ ਸਰਪੰਚ ਸੱਤੀ ਸੈਂਸੋਵਾਲ, ਅਮਰੀਕ ਸਿੰਘ ਰਾਣਾ, ਚਰਨਜੀਤ ਸਿੰਘ, ਲਾਲ ਸਿੰਘ ਜੱਸੋਵਾਲ, ਬੱਬੂ ਮਿਲਕੋਵਾਲ ,ਸੁਰਜੀਤ ਮਿਲਕੋਵਾਲ, ਕਰਤਾਰ ਸਿੰਘ ਪੰਚ, ਕੁਲਵਿੰਦਰ ਸਿੰਘ ,ਹਰਜਿੰਦਰ ਸਿੰਘ ਵੀ ਮੌਜੂਦ ਸਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕਰਾਂਗੇ।*

## ਸੋਨ ਸੁਨਹਿਰੀ ਕਲਮਾਂ

# ਸੰਭਾਵਨਾਵਾਂ ਭਰਪੂਰ ਸ਼ਾਇਰ



ਅਕਰਮ ਧੂਰਕੋਟ
98156-07290

ਅਕਰਮ ਧੂਰਕੋਟ ਨਵੀਂ ਪੀੜ੍ਹੀ ਦਾ ਸੰਭਾਵਨਾਵਾਂ ਭਰਪੂਰ ਲੇਖਕ ਹੈ। ਭਾਵੇਂ ਉਹ ਮਿੰਨੀ ਕਹਾਣੀ ਤੇ ਲੇਖ ਵੀ ਲਿਖਦਾ ਹੈ ਪਰ ਜ਼ਿਆਦਾ ਤਵੱਜੋ ਕਵਿਤਾ ਵੱਲ ਹੈ। ਅਕਰਮ ਅਨੁਸਾਰ ਲਿਖਣ ਪੜ੍ਹਨ ਦੀ ਉਸ ਦੇ ਪਰਿਵਾਰ ਵਿਚ ਕੋਈ ਰਵਾਇਤ ਨਹੀਂ ਸੀ ਬਲਕਿ ਉਸ ਦੇ ਮਾਂ-ਬਾਪ ਪੜ੍ਹੇ ਲਿਖੇ ਵੀ ਨਹੀਂ ਸਨ। ਉਸ ਦਾ ਮੰਨਣਾ ਹੈ ਕਿ ਇਹ ਕੁਦਰਤ ਦੀ ਦੇਣ ਹੀ ਹੈ। ਵਿਚਾਰਧਾਰਕ ਪੱਖੋਂ ਪਾਸ਼ ਤੋਂ ਪ੍ਰਭਾਵਿਤ ਇਹ ਨੌਜਵਾਨ ਸ਼ਾਇਰ ਲੋਕਾਂ ਦੇ ਦੁੱਖਾਂ-ਦਰਦਾਂ, ਦੁਸ਼ਵਾਰੀਆਂ ਤੇ ਸਮਾਜ ਵਿਚ ਵਿਆਪਤ ਸਮੱਸਿਆਵਾਂ ਤੇ ਬੁਰਾਈਆਂ ਨੂੰ ਆਪਣੀ ਕਲਮ ਰਾਹੀਂ ਬਿਆਨ ਕਰਨ ਦੀ ਰੁਚੀ ਰੱਖਦਾ ਹੈ। ਉਸ ਦੀਆਂ ਕੁਝ ਰਚਨਾਵਾਂ ਦੋ ਸਾਂਝੀਆਂ ਕਾਵਿ ਪੁਸਤਕਾਂ ਵਿਚ ਸ਼ਾਮਲ ਹੋਈਆਂ ਹਨ। ਹੁਣ ਉਹ ਆਪਣੀ ਕਾਵਿ ਪੁਸਤਕ ਛਪਵਾਉਣ ਲਈ ਯਤਨਸ਼ੀਲ ਹੈ। ਉਸਾਰੂ ਸਾਹਿਤ ਵਿੱਚੋਂ ਉਸ ਨੇ ਵਰਤਾਰੇ ਨੂੰ ਸਮਝਣ ਦਾ ਸੁੱਚਜਾ ਦ੍ਰਿਸ਼ਟੀਕੋਣ ਧਾਰਨ ਕੀਤਾ ਹੈ। ਉਸ ਦੇ ਇਸੇ ਦ੍ਰਿਸ਼ਟੀਕੋਣ ਦਾ ਝਲਕਾਰਾ ਉਸ ਦੀਆਂ ਲਿਖਤਾਂ ਵਿੱਚੋਂ ਆਪ ਮੁਹਾਰੇ ਪੈਂਦਾ ਹੈ। ਅਕਰਮ ਖੁੱਲ੍ਹੀਆਂ ਕਵਿਤਾਵਾਂ ਲਿਖਦੈ ਤੇ ਛੰਦਬੱਧ ਵੀ। ਪੜ੍ਹਾਈ ਪੱਖੋਂ ਉਸ ਨੇ ਬੀਟੈੱਕ ਕੀਤੀ ਹੈ ਤੇ ਇਸ ਵੇਲੇ ਨਹਿਰੂ ਯੁਵਾ ਕੇਂਦਰ ਵਿਚ ਕਾਰਜਸ਼ੀਲ ਹੈ। ਪੇਸ਼ ਹਨ ਉਸ ਦੀਆਂ ਦੋ ਕਾਵਿ ਰਚਨਾਵਾਂ।

• ਹਰਮੇਲ ਪਰੀਤ
94173-33316

## ਕਵਿਤਾਵਾਂ

### ਮੁੱਕਦੀ ਗੱਲ

ਸੋਚਿਓ ਕਦੇ
ਆਉਣ ਵਾਲੀਆਂ ਨਸਲਾਂ ਨੂੰ
ਕੀ ਦਿਆਂਗੇ ਜਾਣ ਵੇਲੇ।
ਪੀਣ ਲਈ ਕਾਰਖ਼ਾਨਿਆਂ 'ਚੋਂ
ਨਿਕਲਦਾ ਤੇਜ਼ਾਬ।
ਚੱਬਣ ਲਈ ਲੋਹਾ
ਬੰਜ਼ਰ ਧਰਤੀ ਜਾਂ ਫਿਰ
ਪਲ-ਪਲ ਮੌਤ ਦਾ ਸਹਿਮ।
ਧਰਤੀ ਦੀ ਹਿੱਕ 'ਤੇ
ਧੜਾਧੜ ਸੁਰਾਖ਼ਾਂ ਦਾ ਇਜ਼ਾਫ਼ਾ
ਸਾਡੇ ਸਾਹਾਂ ਨੂੰ ਮਨਫ਼ੀ ਕਰ ਰਿਹੈ।
ਮੁਕਦੀ ਗੱਲ
ਸਾਡਾ ਜ਼ਮੀਰ ਡਿੱਗ ਚੁੱਕਿਐ
ਪਾਣੀ ਤੋਂ ਦੂੱਗਣਾ ਹੇਠਾਂ।



### ਮੌਤ ਦੇ ਅਰਥ

ਦੇਹਾਂ ਦਾ ਰਾਖ਼ ਹੋਣਾ ਜਾਂ
ਸਪੁਰਦ-ਇ-ਖ਼ਾਕ ਹੋਣਾ ਹੀ
ਮਨੁੱਖ ਦੀ ਮੌਤ ਨਹੀਂ।
ਕਾਮ ਦੀ ਲੋਰ ਵਿਚ
ਸੁਲਘਦੇ ਦੌਰ ਵਿਚ
ਧੀ ਦਾ ਅੰਗ-ਅੰਗ ਟੋਹਣਾ
ਬਾਪੂ ਤੋਂ ਦਰਿੰਦਾ ਹੋਣਾ।
ਇਹ ਕਿੰਨੀ ਭਿਆਨਕ ਦਰਿੰਦਗੀ ਏ
ਜੇ ਇਹ ਸਭ ਕੁਝ ਮੌਤ ਨਹੀਂ ਤਾਂ
ਮੌਤ ਲਈ ਸ਼ਰਮਿੰਦਗੀ ਏ।
ਏਡਜ਼ ਤੋਂ ਕਿਤੇ ਭਿਆਨਕ ਹੁੰਦੈ
ਥੋਡੀ ਗ਼ੈਰਤ ਦਾ ਸੌਣਾ
ਅਸੂਲਾਂ ਨਾਲ ਗੰਢ ਤੁਪ ਹੋਣਾ
ਹਰ ਕਿਸੇ ਲਈ
ਮੌਤ ਦੇ ਅਰਥ
ਅਰਥੀਆਂ ਤੱਕ ਸੀਮਿਤ ਨਹੀਂ ਹੁੰਦੇ।

ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

**ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਘਰ ਉਦੋਂ ਘਰ ਨਹੀਂ ਰਹਿੰਦਾ ਜਦੋਂ ਕੋਈ ਪਤਨੀ ਖ਼ਾਤਿਰ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦਾ ਹੈ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ ਹਨ...**



# ਜਿੱਥੇ ਆ ਕੇ ਮਿਲੇ ਸਕੂਨ ਤੇ ਖ਼ੁਸ਼ੀ

ਸਤਨਾਮ ਚੌਹਾਨ

ਸੂਰਜ ਜਦੋਂ ਸ਼ਾਮਾਂ ਨੂੰ ਆਪਣੀਆਂ ਕਿਰਨਾਂ ਸਮੇਟ ਕਿਤੇ ਹੋਰ ਬਖੇਰਨ ਜਾ ਰਿਹਾ ਹੁੰਦਾ ਤਾਂ ਹਰ ਪਸ਼ੂ-ਪੰਛੀ, ਆਪਣੇ-ਆਪਣੇ ਟਿਕਾਣੇ ਜਾਣ ਲਈ ਤੁਰ ਪੈਂਦਾ ਹੈ। ਕੁਦਰਤ ਨੇ ਹਰ ਜੀਵ-ਜੰਤੂ ਨੂੰ ਆਪਣਾ ਟਿਕਾਣਾ ਬਣਾਉਣ ਦੀ ਸੋਝੀ ਜਾਂ ਅਕਲ ਦਿੱਤੀ ਹੋਈ ਹੈ। ਇਸ ਟਿਕਾਣੇ ਨੂੰ ਘਰ ਕਿਹਾ ਜਾਂਦਾ ਹੈ। ਪੰਛੀ ਆਲ੍ਹਣੇ ਬਣਾਉਂਦੇ ਹਨ, ਕੱਖਾਂ-ਕਾਨਿਆਂ ਨੂੰ ਜੋੜ ਕੇ। ਮਨੁੱਖ ਘਰ ਬਣਾਉਂਦਾ ਹੈ, ਮਿੱਟੀ, ਇੱਟਾਂ, ਲੱਕੜ ਤੇ ਸੀਮਿੰਟ ਦਾ।

### ਸਵੈ-ਸੁਰੱਖਿਆ

ਪੰਛੀ ਤੀਲਾ-ਤੀਲਾ ਇਕੱਠਾ ਕਰ ਕੇ ਦਰੱਖ਼ਤਾਂ ਦੀਆਂ ਟਾਹਣੀਆਂ ਅਤੇ ਹੋਰ ਕਈ ਥਾਵਾਂ 'ਤੇ, ਜਿੱਥੇ ਉਹ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਆਲ੍ਹਣਾ ਬਣਾਉਂਦੇ ਹਨ। ਮਨੁੱਖ ਆਪਣਾ ਘਰ, ਕਈ ਤਰ੍ਹਾਂ ਨਾਲ ਬਣਾਉਂਦਾ ਹੈ। ਸੋਹਣੀਆਂ-ਸੋਹਣੀਆਂ ਕੋਠੀਆਂ ਦੇ ਰੂਪ ਵਿਚ। ਪਰ ਅੱਜ ਤੋਂ ਕਈ ਵਰ੍ਹੇ ਪਹਿਲਾਂ ਜੋ ਘਰ ਹੁੰਦੇ ਸਨ ਉਹ ਸਿਰਫ਼ ਮਿੱਟੀ ਤੇ ਗਾਰੇ ਨਾਲ ਬਣਾਏ ਜਾਂਦੇ। ਬਾਲੇ ਲਟੈਣਾ ਦੀਆਂ ਛੱਤਾਂ ਹੁੰਦੀਆਂ ਸਨ। ਕੱਚੇ ਘਰਾਂ ਵਿਚ ਬਹੁਤ ਰੌਣਕਾਂ ਹੁੰਦੀਆਂ ਸਨ। ਲੋਕਾਂ ਵਿਚ ਅਪਣੱਤ ਤੇ ਪਿਆਰ ਹੁੰਦਾ ਸੀ। ਫਿਰ ਤਰੱਕੀ ਹੋਈ, ਪੱਕੇ ਘਰ ਬਣ ਗਏ, ਬਾਲਿਆਂ/ਸ਼ਤੀਰਾਂ ਦੀਆਂ ਛੱਤਾਂ ਲੈਂਟਰ ਵਿਚ ਤਬਦੀਲ ਹੋ ਗਈਆਂ। ਵੱਡੇ-ਵੱਡੇ ਮਹਿਲ/ਬੰਗਲੇ ਬਣਾ ਲਏ ਲੋਕਾਂ ਨੇ।

### ਅਪਣੱਤ

ਘਰ ਕੋਠੀ/ਬੰਗਲਾ, ਹਵੇਲੀ ਨੂੰ ਤਾਂ ਹੀ ਕਿਹਾ ਜਾ ਸਕਦਾ ਹੈ ਜੇਕਰ ਇਨ੍ਹਾਂ ਵਿਚ ਖ਼ੁਸ਼ੀਆਂ, ਚਾਅ, ਹਾਸੇ, ਡੁੱਲ੍ਹ-ਡੁੱਲ੍ਹ ਪੈਂਦੇ ਹਨ। ਉਸ ਵੇਲੇ ਅਪਣੱਤ ਸੀ, ਪਿਆਰ ਸੀ, ਇਕ-ਦੂਜੇ ਲਈ ਜਾਨ ਹਾਜ਼ਿਰ ਸੀ, ਓਦੋਂ। ਕੋਠਾ ਕੱਚਾ ਹੁੰਦਾ ਸੀ ਬੇਸ਼ੱਕ ਪਰ ਰਿਸ਼ਤੇ ਪੱਕੇ ਹੁੰਦੇ ਸਨ। ਉਸ ਸਮੇਂ ਦੇ ਕੋਠਿਆਂ ਦੇ ਬਨੇਰੇ ਵੀ ਨਹੀਂ ਸਨ ਹੁੰਦੇ। ਇਕ ਕੋਠੇ ਚੜ੍ਹਨਾ ਤੇ ਕਈ ਨਾਲ ਵਾਲੇ ਕੋਠੇ ਵੀ ਟੱਪ ਆਉਣੇ। ਅੱਜ ਕੱਲ੍ਹ ਇਹ ਵਰਤਾਰਾ ਲੋਪ ਹੀ ਹੋ ਗਿਆ ਹੈ। ਹੁਣ ਹਰ ਘਰ ਦੇ ਬਨੇਰੇ ਉੱਚੇ ਹੋ ਗਏ ਹਨ। ਘਰਾਂ ਦੇ ਬਾਹਰ ਘੰਟੀਆਂ ਲੱਗੀਆਂ ਹੋਈਆਂ। ਜੇ ਕਿਸੇ ਦੇ ਘਰ ਜਾਣਾ ਹੋਵੇ ਪਹਿਲਾਂ ਤਾਂ ਪੁੱਛਣਾ ਪੈਂਦਾ ਫੋਨ ਕਰ ਕੇ ਜਾਂ ਫਿਰ ਘੰਟੀ ਵਜਾ ਕੇ ਅਗਲੇ ਨੂੰ ਬੁਲਾਉਣਾ ਪੈਂਦਾ ਹੈ। ਪਹਿਲਾਂ ਘਰਾਂ ਦੇ ਦਰਵਾਜ਼ੇ ਸਦਾ ਆਏ-ਗਏ ਲਈ ਖੁੱਲ੍ਹੇ ਹੁੰਦੇ ਸਨ। ਕਾਂ ਬੋਲਣ 'ਤੇ ਸੋਚਿਆ ਜਾਂਦਾ ਕਿ ਅੱਜ ਕੋਈ ਪ੍ਰਾਹੁਣਾ ਆਏਗਾ। ਕਾਵਾਂ ਨੂੰ ਚੂਰੀਆਂ ਪਾਉਣੀਆਂ ਕਿ ਪ੍ਰਾਹੁਣਾ ਪਿਆਰਾ ਹੋਵੇ ਕੋਈ। ਇਹ ਅਪਣੱਤ ਨਾਲ ਭਰੇ ਘਰਾਂ ਦੀਆਂ ਨਿਸ਼ਾਨੀਆਂ ਸਨ।

> **ਘਰ ਦਾ ਸੁਪਨਾ**
>
> ਘਰ ਇਕ ਸੁਪਨਾ ਹੁੰਦਾ ਹਰ ਵਿਅਕਤੀ ਦਾ। ਹਰ ਕੋਈ ਚਾਹੁੰਦਾ ਉਸ ਕੋਲ ਆਪਣਾ ਘਰ ਹੋਵੇ। ਜਿੱਥੇ ਉਹ ਸਕੂਨ ਤੇ ਖ਼ੁਸ਼ੀ ਨਾਲ ਰਹਿ ਸਕੇ। ਛੋਟੇ ਹੁੰਦੇ ਕੁੜੀਆਂ ਘਰ-ਘਰ ਖੇਡਦੀਆਂ। ਉਹ ਸੱਚੀ-ਮੁੱਚੀ ਘਰ ਚਿਤਵ ਕੇ, ਨਿੱਕੇ-ਨਿੱਕੇ ਭਾਂਡੇ, ਨਿੱਕ-ਸੁੱਕ ਸਾਰਾ ਘਰ ਵਰਗਾ ਬਣਾਉਂਦੀਆਂ ਆਪ ਹੀ ਖਿਲਾਰਾ ਪਾ ਕੇ ਫਿਰ ਆਪ ਹੀ ਸੁਆਣੀਆਂ ਦੀ ਤਰ੍ਹਾਂ ਉਸ ਖਿਲਾਰੇ ਨੂੰ ਸਮੇਟ ਲੈਂਦੀਆਂ। ਇਸ ਤਰਾਂ ਬਾਲ ਮਨ ਵਿਚ ਹੀ ਘਰ ਦੀ ਪ੍ਰਵਿਰਤੀ ਜਾਗ ਪੈਂਦੀ ਸੀ। ਇਨ੍ਹਾਂ ਘਰਾਂ ਵਿਚ ਜੋ ਕਲਪਨਾ ਦੇ ਬੀਜ ਹੁੰਦੇ, ਉਹ ਕੁਝ ਸਮੇਂ ਬਾਅਦ ਹਕੀਕਤ ਵਿਚ ਬਦਲ ਜਾਂਦੇ।

### ਬਰਕਤ

ਘਰ ਔਰਤ ਨਾਲ ਹੀ ਘਰ, ਘਰ ਬਣਦਾ ਹੈ। ਉਹ ਚਾਹੇ ਤਾਂ ਘਰ ਨੂੰ ਸਵਰਗ ਬਣਾ ਸਕਦੀ, ਜੇ ਚਾਹੇ ਤਾਂ ਸੂਈ ਨਾਲ ਵੀ ਢਾਹ ਸਕਦੀ। ਸਿਆਣੇ ਕਹਿੰਦੇ ਹਨ, ਜੇ ਔਰਤ ਸਿਆਣੀ ਹੋਵ ਤਾਂ ਸਾਰੇ ਘਰ ਨੂੰ ਜੋੜਕੇ ਰੱਖ ਸਕਦੀ ਹੈ। ਸਾਰੇ ਜੀਆਂ 'ਚ ਪਿਆਰ, ਅਪਣੱਤ ਭਰ ਸਕਦੀ ਹੈ ਪਰ ਕਈ ਘਰਾਂ ਵਿਚ ਔਰਤਾਂ ਦੇ ਕਾਰਨ ਘਰ, ਘਰ ਨਾ ਹੋ ਕੇ ਉਜਾੜ ਲੱਗਦੇ ਨੇ। ਕਹਿੰਦੇ ਹਨ ਜਿੱਥੇ ਲੜਾਈ-ਝਗੜਾ ਹੋਵੇ ਉੱਥੇ ਬਰਕਤ ਨਹੀਂ ਰਹਿੰਦੀ। ਕਿਸੇ ਜੀਅ ਦੇ ਚਿਹਰੇ 'ਤੇ ਰੌਣਕ ਨਹੀਂ ਰਹਿੰਦੀ। ਹਰ ਕੋਈ ਮੁਰਝਾਇਆ ਜਿਹਾ ਤੇ ਮੱਥੇ ਸੌ ਤਿਊੜੀਆਂ ਲੈ ਕੇ ਫਿਰਦਾ।ਜਿਸ ਘਰ ਵਿਚ ਇਕ-ਦੂਜੇ ਦਾ ਬੋਲ ਭੁੰਝੇ ਨਹੀਂ ਡਿੱਗਣ ਦਿੱਤਾ ਜਾਂਦਾ, ਉਹ ਘਰ ਅਸਲੀ ਘਰ ਹੁੰਦਾ, ਸਹੀ ਅਰਥਾਂ ਵਿਚ। ਘਰ ਹਰ ਬੰਦੇ ਦੀ ਮੁੱਢਲੀ ਲੋੜ ਹੈ।

ਜਦੋਂ ਅਸੀਂ ਕਿਸੇ ਬਿਗਾਨੇ ਸ਼ਹਿਰ ਜਾਂਦੇ ਹਾਂ ਤਾਂ ਚਿਤਵ ਕੇ ਦੇਖੋ, ਜੇ ਕੋਈ ਟਿਕਾਣਾ ਨਾ ਹੋਵੇ ਤਾਂ ਤਾਂ ਕੀ ਗੁਜ਼ਰਦੀ ਹੈ ਦਿਲ 'ਤੇ।

### ਬੰਗਲੇ ਉਸਾਰਨ ਵਾਲੇ

ਘਰ ਤੇ ਹਵੇਲੀਆਂ ਤੇ ਬੰਗਲੇ ਉਸਾਰਨ ਵਾਲੇ ਮਜ਼ਦੂਰ, ਮਿਸਤਰੀਆਂ ਦੇ ਕਈ ਵਾਰ ਆਪਣੇ ਘਰ ਨਹੀਂ ਹੁੰਦੇ। ਉਹ ਵਿਚਾਰੇ ਸਾਰੀ ਉਮਰ ਲੋਕਾਂ ਦੇ ਘਰ ਹੀ ਬਣਾਉਂਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਆਪਣਾ ਘਰ ਕਦੇ ਨਹੀਂ ਬਣਦਾ। ਘਰ ਉਦੋਂ ਵੀ ਘਰ ਨਹੀਂ ਰਹਿੰਦੇ ਜਦੋਂ ਕੋਈ ਪਤਨੀ ਖ਼ਾਤਿਰ ਆਪਣੇ ਰੱਬ ਵਰਗੇ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦੇ ਹਨ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ। ਹਰ ਕਿਸੇ ਕੋਲ ਆਪਣਾ ਘਰ ਜ਼ਰੂਰ ਹੋਣਾ ਚਾਹੀਦਾ। ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਜਿੱਥੇ ਸ਼ਾਮ ਨੂੰ ਘਰ ਵਾਪਸ ਮੁੜਨ ਨੂੰ ਜੀਅ ਆਪ-ਮੁਹਾਰੇ ਕਰੇ। •

98886-15531

## ਪੱਤਰ ਹਰੇ ਕਚੂਰ

# ਲੋਕਾਂ ਦੀ ਗੱਲ ਕਰਨ ਵਾਲਾ ਸ਼ਾਇਰ



ਦਿਲਜੀਤ ਬੰਗੀ
95014-55994

ਮਨ ਦੀ ਗੱਲ ਨੂੰ ਲੈਅ ਬੱਧ ਢੰਗ ਨਾਲ ਕਹਿਣਾ ਅਤੇ ਤਾਲ ਨਾਲ ਤਾਲ ਮਿਲਾ ਕੇ ਲੋਕ ਮਨਾਂ ਵਿਚ ਵਸ ਜਾਣਾ ਇੰਨਾ ਸੌਖਾ ਕਾਰਜ ਨਹੀਂ ਹੁੰਦਾ ਜਿੰਨਾ ਕਿ ਸਾਨੂੰ ਵੇਖਣ ਨੂੰ ਲੱਗਦਾ ਹੈ ਪਰ ਦਿਲਜੀਤ ਬੰਗੀ ਨੂੰ ਇਹ ਕਾਰਜ ਕਰਨਾ ਅਤੇ ਨਿਭਾਉਣਾ ਬਾਖ਼ੂਬੀ ਆਉਂਦਾ ਹੈ। ਉਸ ਦੇ ਸਾਹਿਤਕ ਸਫ਼ਰ ਦੀ ਗੱਲ ਕਰੀਏ ਤਾਂ ਲਿਖਣ ਦਾ ਸ਼ੌਕ ਉਸ ਦਾ ਬਚਪਨ ਤੋਂ ਹੀ ਨਾਲ ਤੁਰਿਆ ਆ ਰਿਹਾ ਹੈ । ਦਿਲਜੀਤ ਸਾਹਿਤਿਕ ਸਭਾਵਾਂ ਦਾ ਵੀ ਸਰਗਰਮ ਮੈਂਬਰ ਹੈ। ਅੱਜ-ਕੱਲ੍ਹ ਉਹ ਗੀਤਕਾਰੀ ਦੇ ਨਾਲ-ਨਾਲ ਕਵਿਤਾਵਾਂ ਵੀ ਲਿਖ ਰਿਹਾ ਹੈ। ਉਹ ਪੰਜਾਬੀ ਦੇ ਸਾਰੇ ਹੀ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਲਗਾਤਾਰ ਆਪਣੀ ਹਾਜ਼ਰੀ ਲਵਾ ਰਿਹਾ ਹੈ। ਦਿਲਜੀਤ ਕਹਿੰਦਾ ਹੈ ਕਿ ਉਸ ਦੀ ਹਮੇਸ਼ਾਂ ਹੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਜੋ ਵੀ ਰਚਨਾ ਰਚੇ ਅਜਿਹੀ ਹੋਵੇ ਜੋ ਲੋਕ ਮਨਾਂ ਦੇ ਨੇੜੇ ਅਤੇ ਸਮਾਜ ਨੂੰ ਕੋਈ ਸੇਧ ਦੇਣ ਵਾਲਾ ਕੰਮ ਕਰੇ। ਅਓ ਮਾਣਦੇ ਹਾਂ ਉਸ ਦੀ ਰਚਨਾ ਦਾ ਆਨੰਦ :

• ਕੁਲਦੀਪ ਸਿੰਘ ਬੰਗੀ
79890-47757

## ਕਵਿਤਾ

### ਬਾਤ ਪੰਜਾਬ ਦੀ

ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ,
ਸਤਲੁਜ ਬਿਆਸ ਰਾਵੀ ਤੇ ਚਨਾਬ ਦੀ।
ਵੇਖੀਂ ਕਿਤੇ ਜੇਹਲਮ ਨਾ ਗੁੱਸਾ ਕਰ ਜੇ,
ਸਿੰਧ ਨਾ ਵਿਚਾਰਾ 'ਕੱਲਾ ਹਉਕਾ ਭਰ ਜੇ।
ਨਨਕਾਣਾ ਸਾਹਿਬ ਨਾਨਕ ਦੇ ਓਟ ਦੀ,
ਝੰਗ ਮੁਲਤਾਨ ਤੇ ਸਿਆਲਕੋਟ ਦੀ।
ਬੜੀ ਐ ਸਤਾਉਂਦੀ ਯਾਦ ਪੰਜਾ ਸਾਹਿਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।
ਸਤਲੁਜ ਬਿਆਸ ਰਾਵੀ ਤੇ ਚਨਾਬ ਦੀ,
ਦੁੱਲ੍ਹਾ ਭੱਟੀ ਲੂਣਾ ਰਾਜੇ ਸਲਵਾਨ ਦੀ।
ਜਤੀ-ਸਤੀ ਨਾਥ ਪੂਰਨ ਮਹਾਨ ਦੀ,
ਬੁੱਲ੍ਹਾ, ਬਾਹੂ, ਪੀਲੂ ਸਾਡੇ ਸਾਂਝੇ ਦੋਵਾਂ ਦੇ।
ਸੱਸੀ ਸਾਹਿਬਾਂ ਸੋਹਣੀ ਹੀਰ ਰਾਂਝੇ ਦੋਵਾਂ ਦੇ,
ਗੁੱਸੇ ਗਿਲੇ ਭੁੱਲ ਛੱਡੀਏ ਨਾਰਾਜ਼ਗੀ।
ਈਰਖਾ ਦਵੈਤ ਬੰਦੇ ਤਾਈਂ ਮਾਰਦੀ,
ਛੇੜ 'ਦਿਲਜੀਤ' ਕੋਈ ਸੁਰ ਪਿਆਰ ਦੀ।
ਨਫ਼ਰਤ ਨਾਲ ਦਿਲ ਸਾੜ ਲਾਉਂਗੇ,
ਵੱਸਦਿਆਂ ਘਰਾਂ ਨੂੰ ਉਜਾੜ ਲਾਉਂਗੇ।
ਲੱਗਦੀ ਨਾ ਯਾਰੋ ਗੱਲ ਇਹ ਹਿਸਾਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।



# ਰੁੱਤਾਂ ਨੇ ਜਿਨ੍ਹਾਂ ਦਾ ਸੁਭਾਅ ਘੜਿਆ

ਪੰਜਾਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪੰਜ ਪਾਣੀ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਹਨ : ਸਤਲੁਜ, ਬਿਆਸ, ਰਾਵੀ, ਚਨਾਬ ਤੇ ਜੇਹਲਮ।

ਇੱਥੋਂ ਦੀਆਂ ਰੁੱਤਾਂ ਨੇ ਇੱਥੋਂ ਦੇ ਵਸਨੀਕਾਂ ਦਾ ਸੁਭਾਅ ਘੜਿਆ ਹੈ। ਜਿੱਥੇ ਕੜਕਦੀ ਧੁੱਪ ਤੇ ਵਗਦੀਆਂ ਲੂਹਾਂ ਨੇ ਕਣਕਾਂ ਦੀ ਵਾਢੀ ਕਰਦੇ ਪੰਜਾਬੀਆਂ ਨੂੰ ਬਹੁਤ ਅਣਖੀਲਾ ਗਰਮ ਖ਼ੂਨ ਦਿੱਤਾ ਹੈ। ਪੋਹ ਮਾਘ ਦੇ ਕੱਕਰ-ਪਾਲੇ ਨੇ ਖੇਤਾ ਨੂੰ ਪਾਣੀ ਲਾਉਂਦੇ ਕਿਸਾਨਾਂ ਨੂੰ ਪਹਾੜ ਜਿੱਡਾ ਜੇਰਾ ਤੇ ਸਖ਼ਤ-ਜਾਨ ਬਣਾਇਆ ਹੈ। ਇੱਥੋਂ ਦੀ ਬਹਾਰ ਵਿਚ ਖਿੜਦੇ ਸਰ੍ਹੋਂ ਦੇ ਫੁੱਲ ਚਿਹਰੇ 'ਤੇ ਹੁਸਨ ਦਾ ਰੂਹਾਨੀ ਖੇੜਾ ਪੈਦਾ ਕਰਦੇ ਹਨ। ਭਾਦੋਂ ਦੀਆਂ ਘਟਾਵਾਂ ਅਤੇ ਗਰਮੀ ਦਾ ਉਤਰਾਅ-ਚੜ੍ਹਾਅ ਜ਼ਿੰਦਗੀ ਦੀਆਂ ਤਲਖ਼ ਸਚਾਈਆਂ ਵਿਚ ਜੂਝਦੇ ਰਹਿਣ ਦਾ ਨਿਸਚਾ ਪੈਦਾ ਕਰਦੇ ਹਨ। ਸੌਣ ਦੀਆਂ ਘਟਾਵਾਂ ਵਿਚ ਅਥਰੀ ਜਵਾਨੀ ਨੱਚ ਉੱਠਦੀ ਹੈ। ਜਦੋਂ ਪੱਤਝੜ ਦੀ ਰੁੱਤੇ ਰੁੱਖ ਰੁੰਡ-ਮਰੁੰਡ ਹੁੰਦੇ ਹਨ ਤਾਂ ਵਧਦੀਆਂ ਕਣਕਾਂ ਨਾਲ ਮਿਲ ਕੇ ਇਹ ਰੁੱਤ ਪੰਜਾਬੀਆਂ ਨੂੰ ਹਰ ਮੁਸ਼ਕਿਲ, ਕਹਿਰ ਵਿੱਚੋਂ ਜੇਤੂ ਹੋ ਕੇ ਨਿਕਲਣ ਦੀ ਤਾਕਤ ਦਿੰਦੀ ਹੈ। •

ਜਿਹੋ-ਜਿਹੀ ਧਰਤੀ ਹੋਵੇ ਉਹੋ ਜਿਹਾ ਖਾਣ-ਪੀਣ ਦਾ ਢੰਗ ਵੀ ਰਚਿਆ ਜਾਂਦਾ ਹੈ। ਪੰਜਾਬੀਆਂ ਨੂੰ ਮਾਣ ਹੈ ਇੱਥੇ ਵਰਗਾ ਕੁਦਰਤੀ ਵੰਨ-ਸੁਵੰਨਾ ਭੋਜਨ ਕਿਤੇ ਵੀ ਨਹੀਂ ਮਿਲਦਾ। ਇੱਥੋਂ ਦੇ ਦੁੱਧ, ਦਹੀਂ, ਲੱਸੀ, ਮੱਖਣ ਦੀ ਤਾਂ ਧਾਕ ਹੈ ਹੀ ਪਰ ਇੱਥੋਂ ਵਰਗੀ ਚਾਹ ਵੀ ਕੋਈ ਨਹੀਂ ਬਣਾ ਸਕਦਾ। ਪੰਜਾਬੀਆਂ ਦੀ ਭੋਜਨ ਬਣਾਉਣ ਦੀ ਕਲਾ ਵੀ ਕਮਾਲ ਦੀ ਹੈ। ਮੱਕੀ, ਬਾਜਰੇ, ਵੇਸਣ, ਕਣਕ ਦੀਆਂ ਰੋਟੀਆਂ, ਸਰ੍ਹੋਂ, ਪਾਲਕ ਦਾ ਸਾਗ, ਕਾਲੇ ਛੋਲੇ, ਕਾਬਲੀ ਛੋਲੇ, ਮੋਠ, ਅਰਹਰ, ਮੂੰਗੀ, ਮਸਰੀ, ਰਾਜਮਾਂਹ, ਮਾਂਹ ਕਾਲੇ ਅਦਿ ਦਾਲਾਂ ਵੀ ਇਸੇ ਧਰਤੀ ਦੀ ਪੈਦਾਇਸ਼ ਹਨ। ਘੀਆ ਕੱਦੂ, ਚੱਪਣ ਕੱਦੂ, ਟਿੰਡੇ, ਭਿੰਡੀਆਂ, ਤੋਰੀ, ਫਲੀਆਂ, ਆਲੂ, ਸ਼ਲਗਮ, ਸ਼ਿਮਲਾ ਮਿਰਚ, ਬੈਂਗਣ, ਟਮਾਟਰ, ਕਟਲ, ਹਰੀ ਮਿਰਚ, ਧਨੀਆਂ, ਪੁਦੀਨਾ, ਕਕੜੀਆਂ, ਖੀਰੇ ਆਦਿ ਵੀ ਇਹ ਧਰਤੀ ਮਾਣ ਨਾਲ ਪੈਦਾ ਕਰਦੀ ਹੈ। ਜਿੱਥੇ ਇੰਨਾ ਕੁਝ ਹੋਵੇ ਉੱਥੇ ਫੇਰ ਕੁਝ ਮਿੱਠਾ ਵੀ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਹੈ। ਇਸ ਧਰਤੀ ਤੇ ਤੂਤੀਆਂ, ਜਾਮਨਾਂ, ਬਿੱਲ, ਕੇਲੇ, ਖ਼ਰਬੂਜੇ, ਤਰਬੂਜ਼, ਅੰਬ, ਆੜੂ, ਸੰਤਰੇ, ਮਾਲਟੇ, ਚੀਕੂ, ਅੰਗੂਰ, ਲੀਚੀਆਂ, ਨਾਖਾਂ, ਅਮਰੂਦ, ਝਾੜ ਬੇਰ, ਲੀਲੂ ਬੇਰ, ਪਿਉਂਦੀ ਬੇਰ, ਕਰੀਰ ਆਦਿ ਮਿੱਠੇ ਫਲ ਪੈਦਾ ਹੁੰਦੇ ਹਨ। ਖਾਣ ਪੀਣ ਵਿਚ ਪੰਜਾਬੀਆਂ ਦੇ ਹੱਥਾਂ ਦੀ ਕਲਾਕਾਰੀ ਦਾ ਤਾਂ ਕੋਈ ਜਵਾਬ ਹੀ ਨਹੀਂ। ਖੋਆ ਮਾਰਨਾ, ਸ਼ਰਦਾਈ ਰਗੜਨੀ, ਜਰਦਾ (ਭੁੱਜੇ ਮਿੱਠੇ ਚੌਲ), ਗੁੱਲਗਲੇ, ਮਾਹਲ ਪੂੜੇ, ਖੀਰ, ਨਵੀਂ ਸੂਈ ਮੱਝ ਦੇ ਦੁੱਧ ਦੀ ਬੌਹਲੀ, ਕਲਾਕੰਦ, ਲੱਡੂ, ਬਾਲੋਸ਼ਾਹੀਆਂ, ਕਈ ਪ੍ਰਕਾਰ ਦੀ ਚੱਟਣੀ, ਪਕੌੜੇ, ਮੁਰਗੇ ਅਤੇ ਬੱਕਰੇ, ਕੋਈ ਵੀ ਪਕਵਾਨ ਹੋਵੇ ਇਨ੍ਹਾਂ ਵਰਗਾ ਕੋਈ ਨਹੀਂ ਬਣਾ ਸਕਦਾ। ਦੇਸੀ ਘਿਓ ਤਾਂ ਜਿਵੇਂ ਬਣਿਆ ਹੀ ਇਨ੍ਹਾਂ ਲਈ ਹੈ। •

## ਕਹਾਣੀ

# ਹਉਮੈ

ਗੁਰਜੰਟ ਸਿੰਘ

ਦੋਵਾਂ ਪੁੱਤਰਾਂ ਪਿੱਛੋਂ ਜਦ ਰਾਜਵੰਤ ਦੇ ਘਰ ਧੀ ਨੇ ਜਨਮ ਲਿਆ ਤਾਂ ਉਹ ਬਹੁਤ ਖ਼ੁਸ਼ ਹੋਈ। ਰੱਬ ਨੇ ਦੋ-ਦੋ ਪੁੱਤਰ ਦੇ ਕੇ ਝੋਲੀ ਪਹਿਲਾਂ ਹੀ ਖ਼ੁਸ਼ੀਆਂ ਨਾਲ ਭਰੀ ਹੋਈ ਸੀ। ਹੁਣ ਘਾਟਾ ਸੀ ਤਾਂ ਮਾਂ ਨਾਲ ਦੁੱਖ-ਸੁੱਖ ਕਰਨ ਵਾਲੀ ਇਕ ਧੀ ਦਾ ਜੋ ਅੱਜ ਪੂਰਾ ਹੋ ਗਿਆ ਸੀ। ਸਾਰਾ ਪਰਿਵਾਰ ਵੀ ਬਹੁਤ ਖ਼ੁਸ਼ ਸੀ ਚੰਗੀ ਜ਼ਮੀਨ ਜਾਇਦਾਦ ਹੋਣ ਕਰਕੇ ਪੈਸੇ ਦੀ ਕੋਈ ਕਮੀ ਨਹੀ ਸੀ। ਦਾਦੇ ਨਾਜਰ ਦੀ ਭੂਆ ਤੋਂ ਬਾਅਦ ਅੱਜ ਕਿੰਨੇ ਅਰਸੇ ਬਾਅਦ ਕਿਸੇ ਲੜਕੀ ਨੇ ਇਸ ਪਰਿਵਾਰ 'ਚ ਜਨਮ ਲਿਆ ਸੀ। ਸੋ ਗੁੱਡੀ ਸ਼ੁਰੂ ਤੋਂ ਹੀ ਸਭ ਦੀ ਲਾਡਲੀ ਬਣ ਗਈ। ਗੁੱਡੀ ਦੇ ਭਰਾ ਉਸ ਨਾਲੋਂ ਉਮਰ 'ਚ ਕਾਫ਼ੀ ਵੱਡੇ ਸਨ। ਸੋ ਗੁੱਡੀ ਦੀ 12 ਵੀਂ ਦੀ ਪੜ੍ਹਾਈ ਹੋਣ ਤਕ ਦੋਵਾਂ ਦੇ ਵਿਆਹ ਹੋ ਚੁੱਕੇ ਸਨ।

12ਵੀ ਜਮਾਤ ਕਰ ਗੁੱਡੀ ਸ਼ਹਿਰ ਕਾਲਜ ਪੜ੍ਹਨ ਲੱਗ ਗਈ। ਭਾਵੇਂ ਗੁੱਡੀ ਕਿਸੇ ਪਿੰਡ 'ਚੋਂ ਪੜ੍ਹ ਕੇ ਆਈ ਸੀ ਪਰ ਫਿਰ ਵੀ ਪੜ੍ਹਾਈ ਵਿਚ ਚੰਗੀ ਰੁਚੀ ਹੋਣ ਕਰਕੇ ਕਾਫ਼ੀ ਹੁਸ਼ਿਆਰ ਸੀ। ਕਾਲਜ ਵਿਚ ਵੀ ਗੁੱਡੀ ਸਭ ਦੀ ਹਰਮਨ ਪਿਆਰੀ ਹੋ ਗਈ ਸੀ।

ਜਦ ਗੁੱਡੀ ਨੇ ਬਚਪਨ ਤੋਂ ਜਵਾਨੀ ਵੱਲ ਪੁਲਾਂਘ ਭਰੀ ਤਾਂ ਜਵਾਨੀ ਦੀ ਦਹਲੀਜ਼ 'ਤੇ ਉਸ ਦਾ ਮੇਲ ਮੋਹਿਤ ਨਾਲ ਹੋਇਆ। ਮੋਹਿਤ ਉਸ ਦੇ ਨਾਲ ਹੀ ਜਮਾਤ ਵਿਚ ਪੜ੍ਹਦਾ ਸੀ। ਦੋਵਾਂ ਜੀਣ ਮਰਨ ਦੀਆਂ ਕਸਮਾਂ ਪੈ ਲਈਆਂ।ਗੁੱਡੀ ਦੀ ਮਾਂ ਰਾਜਵੰਤ ਨੂੰ ਕਿਸੇ ਗੱਲੋਂ ਸ਼ੱਕ ਹੋਇਆ ਤਾਂ ਧੀ ਨੂੰ ਬੁਲਾ ਸਾਰੀ ਗੱਲ ਪੁੱਛ ਲਈ। ਧੀ ਦੇ ਮੂੰਹੋਂ ਮੋਹਿਤ ਦਾ ਨਾਂ ਸੁਣਕੇ ਸੋਚਣ ਲੱਗੀ, 'ਚਲੋ ਗੁੱਡੀ ਦੇ ਭਰਾ ਪੜ੍ਹੇ ਲਿਖੇ ਨੇ ਤੇ ਗੁੱਡੀ ਨੂੰ ਪਿਆਰ ਵੀ ਬਹੁਤ ਕਰਦੇ ਸਨ ਇਸ ਕਰਕੇ ਮੰਨ ਉਹ ਵੀ ਗਏ। ਪਰ ਗੁੱਡੀ ਦਾ ਪਿਉ ਤੇ ਦਾਦਾ, ਪਿਛਲੇ ਖ਼ਿਆਲਾ ਵਾਲੇ ਨੇ, ਕੀ ਉਹ ਇਸ ਅੰਤਰਜਾਤੀ ਵਿਆਹ ਲਈ ਮੰਨ ਜਾਣਗੇ?

ਮਾਂ ਨੇ ਗੁੱਡੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਧੀ ਦੀ ਜ਼ਿੱਦ ਨੂੰ ਵੇਖ ਮਾਂ ਨੂੰ ਅੰਦਾਜ਼ਾ ਹੋ ਗਿਆਂ ਕਿ ਸਾਰੇ ਪਰਿਵਾਰ ਦਾ ਲਾਡਾਇਆ ਲਾਡ ਧੀ ਦੇ ਪਿਆਰ ਅੱਗੇ ਫਿੱਕਾ ਪੈ ਗਿਆ ਹੈ। ਗੱਲ ਪਿਉ ਅਤੇ ਦਾਦੇ ਤਕ ਪਹੁੰਚੀ। ਗੁੱਡੀ ਦਾ ਕਾਲਜ ਜਾਣਾ ਕੁਝ ਦਿਨਾਂ ਲਈ ਬੰਦ ਹੋ ਗਿਆ। ਫਿਰ ਕਦੀ ਮਾਂ ਤੇ ਕਦੀ ਭਾਬੀਆਂ ਦੇ ਤਰਲੇ ਮਿਨਤਾਂ ਕਰ ਪਿਉ ਤੇ ਭਰਾਵਾਂ ਨੂੰ ਕਾਲਜ ਜਾਣ ਖ਼ਾਤਿਰ ਮੁੜ ਰਾਜ਼ੀ ਕਰ ਲਿਆ। ਗੁੱਡੀ ਅਤੇ ਮੋਹਿਤ ਨੇ ਆਈਲੈਟਸ ਦਾ ਟੈਸਟ ਪਾਸ ਕਰ ਕੇ ਵਿਦੇਸ਼ ਦਾ ਵੀਜ਼ਾ ਲਵਾ ਲਿਆ।

ਰੱਬ ਜਿੱਡਾ ਜਿਗਰਾ ਕਰ ਗੁੱਡੀ ਨੇ ਘਰਦਿਆਂ ਤੋਂ ਚੋਰੀ ਕੋਰਟ ਮੈਰਿਜ ਕਰਾਈ ਅਤੇ ਦੋਵੇਂ ਆਸਟਰੇਲੀਆ ਦਾ ਜਹਾਜ਼ ਚੜ੍ਹ ਗਏ। ਉੱਥੇ ਜਾ ਗੁੱਡੀ ਨੇ ਮੋਹਿਤ ਨਾਲ ਰਲ ਨਵੀਂ ਜ਼ਿੰਦਗੀ ਸ਼ੁਰੂ ਕਰ ਦਿੱਤੀ। ਦੋਵੇਂ ਕੰਮ 'ਤੇ ਜਾਣ ਲੱਗੇ ਉੱਧਰ ਧੀ ਦੇ ਧੋਖਾ ਦੇ ਜਾਣ ਦਾ ਇਲਜ਼ਾਮ ਮਾਂ 'ਤੇ ਲਗਾ ਦਿੱਤਾ ਗਿਆ। ਭਾਬੀਆਂ ਦੇ ਤਾਹਨੇ-ਮਿਹਣਿਆਂ ਦੀ ਅੱਗ ਵਿਚ ਸਾਰਾ ਪਰਿਵਾਰ ਮੱਚਣ ਲੱਗਾ। ਸੱਥ ਵਿਚ ਵੱਧ ਚੜ੍ਹ ਕੇ ਗੱਲ ਕਰਨ ਵਾਲੇ ਨਜਾਰ ਹੋਰੀਂ ਅਕਸਰ ਚੁੱਪ ਰਹਿਣ ਲੱਗੇ।

ਡੇਢ ਕੁ ਸਾਲ ਬਾਅਦ ਗੁੱਡੀ ਨੂੰ ਰੱਬ ਨੇ ਧੀ ਦੀ ਦਾਤ ਬਖ਼ਸ਼ੀ। ਮਾਂ ਬਣ ਗਈ ਗੁੱਡੀ ਦਾ ਚਿੱਤ ਮਾਂ ਨੂੰ ਮਿਲਣ ਨੂੰ ਕੀਤਾ। ਕੰਮ ਤੋਂ ਛੁੱਟੀ ਮਿਲਦੇ-ਮਿਲਦੇ ਡੇਢ ਕੁ ਸਾਲ ਹੋਰ ਲੰਘ ਗਿਆ।

ਤਿੰਨ, ਸਾਢੇ ਤਿੰਨ ਸਾਲ ਬਾਅਦ ਗੁੱਡੀ ਅਤੇ ਮੋਹਿਤ ਪੰਜਾਬ ਪਰਤੇ। ਦੋਵੇਂ ਮੋਹਿਤ ਦੇ ਘਰ ਉਸ ਦੇ ਮਾਤਾ ਪਿਤਾ ਨਾਲ ਰਹਿਣ ਲੱਗੇ। ਮੋਹਿਤ ਦੇ ਮਾਂ ਬਾਪ ਨੂੰ ਬੁੱਢੀ ਉਮਰੇ ਪੋਤਰੀ ਦੇ ਰੂਪ ਵਿਚ ਜਿਵੇਂ ਕੋਈ ਖੇਡਣ ਨੂੰ ਖਿਡਾਉਣਾ ਮਿਲ ਗਿਆ ਸੀ।

ਗੁੱਡੀ ਨੇ ਮਾਂ ਨਾਲ ਸੰਪਰਕ ਬਣਾਇਆ ਅਤੇ ਮਿਲਣ ਦੀ ਇੱਛਾ ਜਤਾਈ। ਮਾਂ ਰਾਜਵੰਤ ਨੇ ਜਦ ਘਰ ਦੇ ਮੈਂਬਰਾਂ ਨਾਲ ਗੱਲ ਕੀਤੀ ਤਾਂ ਕੋਰੀ ਨਾਂਹ ਹੋਈ। ਮਾਂ ਦਾ ਦਿਲ ਤਾਂ ਮਾਂ ਦਾ ਹੁੰਦਾ ਹੈ।

ਮਾਂ ਬਟੀ ਨੇ ਰਲ ਮਾਸੀ ਦੇ ਘਰ ਮਿਲਣ ਦਾ ਟਾਇਮ ਪੱਕਾ ਕਰ ਲਿਆ, ਜਿਸ ਦੀ ਸੂਹ ਘਰ ਦੇ ਨਾਜਰ ਨੂੰ ਲੱਗ ਗਈ। ਉਸ ਨੇ ਮੁੰਡੇ ਅਤੇ ਪੋਤਰੇ ਬੁਲਾ ਅਣਖ ਨੂੰ ਵੱਜੀ ਸੱਟ ਦਾ ਬਦਲਾ ਲੈਣ ਲਈ ਕਿਹਾ। ਅਗਲੇ ਦਿਨ ਰਾਜਵੰਤ ਨੇ ਸ਼ਹਿਰ ਵਾਲੀ ਬੱਸ ਫੜੀ ਅਤੇ ਆਪਣੀ ਭੈਣ ਦੇ ਘਰ ਵਾਲੀ ਸੜਕੇ ਜਾ ਪਈ। ਆਟੋ ਵਾਲੇ ਥੋੜ੍ਹੀ ਦੂਰ ਜਾ ਇਕ ਗਲ਼ੀ ਅੱਗੇ ਬਰੇਕ ਮਾਰੀ। ਰਾਜਵੰਤ ਜਲਦੀ-ਜਲਦੀ ਉਤਰੀ ਅਤੇ ਆਪਣੀ ਭੈਣ ਦੇ ਘਰ ਜਾ ਵੜੀ। ਪਿੱਛੇ ਹੀ ਇਕ ਗੱਡੀ ਵਿੱਚੋਂ ਨਾਜਰ ਸਿੰਘ ਉਹਦਾ ਪੁੱਤ ਤੇ ਪੋਤਰੇ ਹਥਿਆਰ ਲੈ ਉਸੇ ਘਰ ਵਿਚ ਦਾਖਲ ਹੋ ਗਏ।



**ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ, 'ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ...**

ਲਗਾਤਾਰ ਦੋ ਗੋਲੀਆਂ ਚੱਲੀਆਂ ਮਗਰੋਂ ਚੀਕਾਂ ਦਾ ਰੌਲਾ ਅਸਮਾਨ ਛੂਹਣ ਲੱਗਾ। ਮੋਹਿਤ ਅਤੇ ਗੁੱਡੀ ਦੀਆਂ ਲਹੂ ਨਾਲ ਲੱਥ ਪੱਥ ਹੋਈਆਂ ਲਾਸਾਂ ਫ਼ਰਸ਼ ਉੱਤੇ ਪਈਆਂ ਸਨ। ਰਾਜਵੰਤ ਕੰਧ ਨਾਲ ਲੱਗੀ ਛੋਟੀ ਕੁੜੀ ਨੂੰ ਕੁੱਛੜ ਚੁੱਕੀ ਚੱਪ-ਚਾਪ ਲਾਸ਼ਾਂ ਨੂੰ ਦੇਖ ਰਹੀ ਸੀ। ਮੁਕੱਦਮੇ ਚੱਲੇ ਪੂਰੀ ਜ਼ਮੀਨ ਵਿਕ ਗਈ। ਕਣਕ ਦੇ ਭਰੇ ਡਰੰਮ ਖ਼ਾਲੀ ਹੋ ਗਏ ਅਤੇ ਚੁੱਲ੍ਹਿਆਂ ਵਿਚ ਘਾਹ ਉੱਗਣ ਲੱਗਾ। ਜਵਾਈ ਧੀ ਦੀ ਮੌਤ ਤੋਂ ਬਾਅਦ ਰਾਜਵੰਤ ਦੇ ਮੂੰਹੋ ਕਦੇ ਆਵਾਜ਼ ਨਾ ਨਿਕਲੀ ਤੇ ਉਹ ਜਿਉਂਦੀ ਲਾਸ਼ ਬਣ ਗਈ। ਆਖਿਰ ਦੋ ਸਾਲ ਬਾਅਦ ਗੁੱਡੀ ਦੇ ਪਿਉ ਅਤੇ ਦੋਵੇਂ ਭਰਾਵਾਂ ਨੂੰ ਉਮਰ ਕੈਦ ਹੋ ਗਈ ਪਰ ਨਾਜਰ ਸਿੰਘ ਕਿਸੇ ਤਰ੍ਹਾਂ ਬੱਚ ਨਿਕਲਿਆ।

ਘਰ ਦੀ ਗ਼ਰੀਬੀ ਕਾਰਨ ਨਿੱਕੀ ਬਹੂ ਦੇ ਪੇਕੇ ਪਹਿਲਾਂ ਹੀ ਉਸ ਨੂੰ ਆਪਣੇ ਘਰ ਵਾਪਸ ਲੈ ਗਏ ਸਨ। ਫ਼ੈਸਲੇ ਦੀ ਆਖ਼ਰੀ ਤਰੀਕ ਸੁਣ ਜਦ ਨਾਜਰ ਪਿੰਡ ਮੁੜਿਆ ਆ ਰਿਹਾ ਸੀ ਤਾਂ ਗੁੱਡੀ ਦੇ ਜਨਮ ਤੋਂ ਲੈ ਹੁਣ ਤਕ ਸਾਰੀ ਰੀਲ ਉਹਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਘਰ ਆ ਰਾਜਵੰਤ ਤੇ ਵੱਡੀ ਬਹੂ ਨੂੰ ਸਜ਼ਾ ਦੀ ਗੱਲ ਸੁਣਾ ਬਿਨਾਂ ਕੁਝ ਖਾਦੇ ਮੰਜੇ 'ਤੇ ਜਾ ਡਿੱਗਾ। ਸੋਚਾ-ਸੋਚਦੇ ਅੱਖ ਲੱਗ ਗਈ। ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ, ਮੁੜ ਆਈ ਤੇਰੀ ਇੱਜ਼ਤ ਮੇਰੇ ਪਿਓ ਅਤੇ ਭਰਾਵਾਂ ਨੂੰ ਜੇਲ੍ਹ ਦੇ ਹਨੇਰੇ ਵਿਚ ਭੇਜ ਕੇ। ਸਾਫ਼ ਹੋ ਗਿਆ ਤੇਰੀ ਚਾਦਰ 'ਤੇ ਲੱਗਾ ਦਾਗ਼। ਮੇਰੀ ਅਣਭੋਲ ਬੱਚੀ ਦੇ ਸਿਰ ਤੋਂ ਮਾਂ-ਪਿਉ ਦਾ ਸਾਇਆ ਖੋਹ ਕੇ। ਹੋ ਗਈ ਤੇਰੀ ਫਿਰ ਤੋਂ ਪਿੰਡ ਵਿਚ ਆਵਾਜ਼ ਉੱਚੀ ਮੇਰੀ ਮਾਂ ਦੇ ਬੋਲ ਖੋਹ ਕੇ।

ਨਾਜਰ ਮੱਛਲੀ ਵਾਂਗ ਤੜਫ਼ ਰਿਹਾ ਸੀ। ਸਿਰਹਾਣੇ ਪਿਆ ਪਰਨਾ ਥੱਲੇ ਜਾ ਡਿੱਗਾ। ਨਾਜ਼ਰ ਨੂੰ ਅਧਰੰਗ ਦਾ ਅਟੈਕ ਆਇਆ ਅਤੇ ਸੱਜਾ ਪਾਸਾ ਖਲ੍ਹੋ ਗਿਆ। ਫੋਕੀ ਅਣਖ ਖ਼ਾਤਿਰ ਹੋਏ ਕਤਲਾਂ ਨੇ ਘਰ ਉਜਾੜ ਦਿੱਤਾ। ਦੋਵੇਂ ਭਰਾਵਾਂ ਅਤੇ ਪਿਓ ਨੂੰ ਕਾਨੂੰਨ ਨੇ ਸਜ਼ਾ ਦੇ ਦਿੱਤੀ ਅਤੇ ਨਾਜਰ ਨੂੰ ਰੱਬ ਨੇ ਪਰ ਵਿਚ ਰੁਲ਼ ਗਈਆਂ ਕੁਝ ਅਣਭੋਲ ਜਿੰਦੜੀਆਂ। ਗੁੱਡੀ ਦੀ ਵੱਡੀ ਭਾਬੀ, ਉਸ ਦੇ ਬੱਚੇ, ਗੁੱਡੀ ਦੀ ਕੁੜੀ ਅਤੇ ਉਸ ਦੀ ਮਾਂ ਅਤੇ ਰੁਲ਼ ਗਏ ਮੋਹਿਤ ਦੇ ਬੁੱਢੇ ਮਾਂ ਪਿਓ, ਜਿਨ੍ਹਾਂ ਦਾ ਮੋਹਿਤ ਦੇ ਬਿਨਾਂ ਹੋਰ ਕੋਈ ਨਹੀ ਸੀ। •

99141-25223

# ਭੋਜਨ ਦੀ ਥੁੜ

ਇਕ ਵਾਰੀ ਯੂਨੈਸਕੋ ਨੇ ਸਰਵੇਖਣ ਲਈ ਸਾਰੇ ਮਹਾਂਦੀਪਾਂ ਦੇ ਲੋਕਾਂ ਨੂੰ ਸੰਸਾਰ 'ਚ ਭੋਜਨ ਦੀ ਥੁੜ੍ਹ ਬਾਰੇ ਆਪਣਾ ਮੱਤ ਪ੍ਰਗਟਾਉਣ ਲਈ ਕਿਹਾ ਤਾਂ ਬੜੇ ਹੈਰਾਨੀਜਨਕ ਪ੍ਰਤੀਕਰਮ ਪ੍ਰਾਪਤ ਹੋਏ। ਅਫ਼ਰੀਕਾ 'ਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਭੋਜਨ ਕੀ ਹੁੰਦਾ ਹੈ। ਯੋਰਪ 'ਚ ਕਿਸੇ ਨੂੰ ਜਾਣਕਾਰੀ ਹੀ ਨਹੀਂ ਸੀ ਕਿ ਥੁੜ੍ਹ ਕੀ ਹੁੰਦੀ ਹੈ। ਚੀਨ ਅਤੇ ਪੂਰਬੀ ਯੋਰਪ ਦੇ ਦੇਸ਼ਾਂ 'ਚ ਕਿਸੇ ਨੂੰ ਪਤਾ ਨਹੀਂ ਸੀ ਕਿ ਮਤ ਪ੍ਰਗਟਾਉਣ ਦਾ ਭਾਵ ਕੀ ਸੀ। ਦੱਖਣੀ ਅਮਰੀਕਾ 'ਚ ਕੋਈ ਨਹੀਂ ਸੀ ਜਾਣਦਾ ਕਿ ਕਿਰਪਾਲਤਾ ਕਿਵੇਂ ਕੀਤੀ ਜਾਂਦੀ ਹੈ। ਅਮਰੀਕਾ 'ਚ ਕਿਸੇ ਨੂੰ ਸੋਝੀ ਨਹੀਂ ਸੀ ਕਿ ਸੰਸਾਰ ਤੋਂ ਕੀ ਭਾਵ ਹੈ। ਭਾਰਤ 'ਚ ਕਿਸੇ ਨੂੰ ਸਰਵੇਖਣ ਦੀ ਕੋਈ ਜਾਣਕਾਰੀ ਨਹੀਂ ਸੀ

• ਨਰਿੰਦਰ ਸਿੰਘ ਕਪੂਰ
98158-80435



# ਭਾਲਿਆਂ ਨਹੀਂ ਲੱਭਦਾ ਹੁਣ ਉਹ ਵੇਲਾ

ਮਨਪ੍ਰੀਤ ਜਲਪੋਤ



ਪਹਿਲੀ ਪੀੜ੍ਹੀ ਦੇ ਲੋਕ ਆਪਣੇ ਵੇਲਿਆਂ ਨੂੰ ਝੂਰਦੇ ਹੋਏ ਅਜੋਕੇ ਯੁੱਗ ਦੀ ਤਿੱਖੀ ਆਲੋਚਨਾ ਹੀ ਨਹੀਂ ਕਰ ਰਹੇ ਸਗੋਂ ਆਪਣੇ ਵਿਸਰ ਰਹੇ ਵਿਰਸੇ ਨੂੰ ਮੁੜ ਹਾਸਿਲ ਕਰਨ ਲਈ ਤਾਂਘ ਵੀ ਰਹੇ ਹਨ। ਜੇਕਰ ਪਹਿਲੇ ਅਤੇ ਅੱਜ ਦੇ ਸਮੇਂ ਦੀ ਤੁਲਨਾ ਕਰੀਏ ਤਾਂ ਇਲੈਕਟ੍ਰੋਨਿਕ ਯੁੱਗ ਨੇ ਸਾਨੂੰ ਕਾਫ਼ੀ ਸਹੂਲਤਾਂ ਮੁਹੱਈਆਂ ਕਰਵਾਈਆਂ ਹਨ ਪਰ ਜੋ ਅਨੰਦ ਭਾਰਤੀ ਸੰਸਕ੍ਰਿਤੀ ਵਿਚ ਹੈ ਉਹ ਪੱਛਮੀ ਸੱਭਿਆਚਾਰ ਵਿੱਚੋਂ ਨਹੀਂ ਲੱਭਦਾ।

ਮੋਬਾਈਲ ਦੀ ਆਮਦ ਨਾਲ ਬੇਸ਼ੱਕ ਮਨੁੱਖ ਵਿਸ਼ਵ ਨੂੰ ਪਿੰਡ ਸਮਝਣ ਲੱਗ ਪਿਆ ਹੈ ਜੋ ਘਰ ਬੈਠੇ ਹੀ ਮੋਬਾਈਲ ਰਾਹੀਂ ਵਿਦੇਸ਼ਾ ਵਿਚ ਬੈਠੇ ਆਪਣੇ ਦੋਸਤਾਂ, ਸ਼ੁਭ ਚਿੰਤਕਾਂ ਅਤੇ ਰਿਸਤੇਦਾਰਾਂ ਨਾਲ ਗੱਲਾਂ ਕਰ ਲੈਂਦੇ ਹਨ ਜਿਵੇਂ ਉਹ ਉਸ ਦੇ ਸਾਹਮਣੇ ਹੀ ਬੈਠੇ ਹੋਣ। ਬੋਲ-ਚਾਲ ਦੀਆਂ ਗੱਲਾਂ ਵਿਚ ਉਸ ਦੇ ਚਿਹਰੇ ਅਤੇ ਹਰਕਤਾਂ ਦੀ ਜਾਣਕਾਰੀ ਵੀ ਮਿਲ ਜਾਂਦੀ ਹੈ। ਅਜੋਕੇ ਯੁੱਗ ਨੇ ਬਹੁਤੇ ਮਨੋਰੰਜਨ ਦੇ ਸਾਧਨ ਵੀ ਖੋਹ ਲਏ ਹਨ। ਹੁਣ ਨਾ ਤਾਂ ਰੇਡੀਓ ਦੀ ਲੋੜ ਹੈ ਅਤੇ ਨਾ ਗੁੱਟਾਂ 'ਤੇ ਘੜੀਆਂ ਸਜਦੀਆਂ ਹਨ। ਨਾ ਹੀ ਟੀਵੀ ਅਤੇ ਟੇਪ ਰਿਕਾਰਡਰਾਂ ਦੀ ਜ਼ਰੂਰਤ ਹੈ। ਵਿਸ਼ਵ ਵਿੱਚੋਂ ਇਹ ਸਭ ਸਾਧਨ ਲੋਪ ਹੋ ਰਹੇ ਹਨ। ਇਹ ਸਭ ਕੁਝ ਆਦਮੀ ਨੂੰ ਮੋਬਾਈਲ ਵਿੱਚੋਂ ਹੀ ਮਿਲ ਜਾਂਦਾ ਹੈ। ਆਧੁਨਿਕ ਯੁੱਗ ਦਾ ਇਹ ਨਕਾਰਾਤਮਿਕ ਪ੍ਰਭਾਵ ਹੈ ਕਿ ਸਾਡੇ ਖਾਣ-ਪੀਣ ਦੀਆਂ ਚੀਜ਼ਾਂ ਵਿਚ ਵੀ ਫੇਰ ਅੰਤਰ ਆ ਗਿਆ ਹੈ। ਹੁਣ ਸਾਨੂੰ ਨਾ ਦਾਣੇ ਭੁਨਾਉਣ ਲਈ ਭੱਠੀਆਂ ਲੱਭਦੀਆਂ ਹਨ ਤੇ ਨਾ ਹੀ ਛੋਲਿਆਂ ਦੀਆਂ ਹੋਲਾਂ ਮਿਲਦੀਆਂ ਹਨ। ਉਨ੍ਹਾਂ ਦੀ ਥਾਂ ਸਭ ਬਜ਼ਾਰੂ ਚੀਜ਼ਾਂ ਹਾਵੀ ਹੋ ਗਈਆਂ ਹਨ।

ਟਰੈਕਟਰ-ਟਰਾਲੀਆਂ, ਇੰਜਣ ਅਤੇ ਖੇਤੀ ਦੇ ਆਧੁਨਿਕ ਸੰਦਾਂ ਨੇ ਹਲ਼ਾਂ, ਪੰਜਾਲੀਆਂ, ਬਲਦਾਂ ਦੀਆਂ ਜੋੜੀਆਂ, ਗੱਡਿਆਂ ਅਤੇ ਛਕੜਿਆਂ ਦੇ ਨਾਂ ਵੀ ਨਵੀਂ ਪੀੜ੍ਹੀ ਨੂੰ ਭੁੱਲਾ ਦਿੱਤੇ। ਘਰਾਂ ਵਿਚ ਬਜ਼ੁਰਗ ਜਦੋਂ ਆਪਣੇ ਵੇਲੇ ਦੇ ਤਿਉਹਾਰਾਂ, ਮੇਲਿਆਂ ਅਤੇ ਛਿੰਜਾ ਦੀ ਗੱਲ ਕਰਦੇ ਹਨ ਤਾਂ ਅਜੋਕੀ ਪੀੜ੍ਹੀ ਉਸ ਨੂੰ ਸੁਣਨ ਲਈ ਤਿਆਰ ਨਹੀਂ ਹੁੰਦੀ ਸਗੋਂ ਉਹ ਤਾਂ ਟੀਵੀ ਅਤੇ ਮੋਬਾਈਲ ਵੇਖਣ ਤੋਂ ਬਿਨਾਂ ਹੋਰ ਕਿਸੇ ਕੰਮ ਵਿਚ ਰੁਚੀ ਨਹੀਂ ਲੈਂਦੇ। ਜਿਸ ਕਾਰਨ ਹੁਣ ਅਤੇ ਪਹਿਲਾਂ ਦੇ ਮਾਹੌਲ ਵਿਚ ਕਾਫ਼ੀ ਅੰਤਰ ਹੋ ਗਿਆ ਹੈ। ਸੁਆਣੀਆਂ ਵੱਲੋਂ ਚਰਖੇ ਕੱਤਣੇ, ਕੱਚੀਆਂ ਕੰਧਾ ਲਿਪਣੀਆਂ, ਇਕੱਠੇ ਬੈਠ ਦਰੀਆਂ ਬੁਣਾਉਣੀਆਂ ਅਤੇ ਘਰਾਂ ਵਿਚ ਪਿੱਤਲ ਦੇ ਭਾਂਡੇ ਸਭ ਕੁਝ ਇਕ ਮਿੱਠੀਆਂ ਯਾਦਾਂ ਵਿਚ ਸੀਮਤ ਹੋ ਕੇ ਰਹਿ ਗਏ ਹਨ। •

90417-06833

> **ਹੱਥੀਂ ਕੰਮ ਕਰਨ ਦੀ ਲੋੜ**
>
> ਬੱਚੇ ਵੀ ਪਹਿਲੇ ਵਾਲੇ ਨਹੀ ਰਹੇ, ਉਹ ਨਿਊਡਲ, ਬਰਗਰ, ਚਿਪਸ ਖਾਣ ਨੂੰ ਤਰਜੀਹ ਦਿੰਦੇ ਹਨ। ਅੱਜ ਕੱਲ੍ਹ ਦੇ ਲੋਕ ਟੀਵੀ ਦੇਖਣ ਤੋਂ ਬਿਨਾਂ ਘਰੇਲੂ ਕੰਮਾਂ ਨੂੰ ਹੱਥ ਨਹੀਂ ਲਗਾਉਂਦੇ। ਇਕ ਬਜ਼ੁਰਗ ਨੇ ਮੈਨੂੰ ਦੱਸਿਆ ਕਿ ਉਸ ਦੇ ਬਚਪਨ ਵੇਲੇ ਉਖ਼ਲੀ 'ਚ ਦਾਣੇ ਪਾ ਕੇ ਕੁੱਟਣੇ, ਚੱਕੀਆਂ ਚਲਾਉਣੀਆਂ, ਧਾਰਾਂ ਕੱਢਣੀਆਂ, ਪਾਥੀਆਂ ਪੱਥਣਾ ਆਦਿ ਕੰਮਕਾਰ ਸਨ ਪਰ ਹੁਣ ਇਹ ਸਭ ਕੁਝ ਮਸ਼ੀਨੀ ਹੋ ਗਿਆ ਹੈ। ਔਰਤਾਂ ਵਿਹਲੀਆਂ ਰਹਿ ਕੇ ਵੀ ਥਕਾਵਟ ਮਹਿਸੂਸ ਕਰਦੀਆਂ ਹਨ। ਪੁਰਾਣੇ ਸਮਿਆਂ ਦੇ ਖੇਤੀ ਦੇ ਢੰਗ ਵੀ ਬਦਲ ਗਏ ਹਨ। ਹੁਣ ਹੱਥੀ ਕੰਮ ਕਰਨ ਦਾ ਵੇਲਾ ਨਹੀਂ ਰਿਹਾ ਹਲ਼ ਵਾਹੁੰਣੇ, ਖੂਹ ਗੇੜਨੇ, ਭੱਠੇ ਕੁਤਰਨੇ ਅਤੇ ਸਿਰਾਂ 'ਤੇ ਚਾਰਾ ਢੋਹਣਾ ਬੀਤੇ ਦੀਆਂ ਗੱਲਾਂ ਹੋ ਨਿਬੜੀਆਂ ਹਨ। ਹੁਣ ਹੱਥੀ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ।

# ਹਰਿਆਣਾ ਵਿੱਚ ਜਲਦੀ ਦਿੱਤੀ ਜਾਵੇਗੀ ਨੌਜੁਆਨਾਂ ਨੂੰ ਵੱਡੀ ਗਿਣਤੀ ਵਿੱਚ ਨੌਕਰੀਆਂ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**➢ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਆਤਮਨਿਰਭਰ ਭਾਰਤ ਦੇ ਸੰਕਲਪ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਹਰਿਆਣਾ ਸਰਕਾਰ ➢ ਸਵਦੇਸ਼ੀ ਮੇਲਿਆਂ ਰਾਹੀਂ ਕੀਤਾ ਜਾ ਰਿਹਾ ਹੈ ਸਵਦੇਸ਼ੀ ਉਤਪਾਦਕਾਂ ਨੂੰ ਮਜਬੂਤ**

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਵਿੱਚ ਜਲਦੀ ਹੀ ਵੱਖ-ਵੱਖ ਵਿਭਾਗਾਂ ਵਿੱਚ ਭਰਤੀਆਂ ਕੀਤੀਆਂ ਜਾਣਗੀਆਂ। ਜਿਸ ਨਾਲ ਨੌਜੁਆਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਦੇ ਲਈ ਸਰਕਾਰ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਿਨ੍ਹਾ ਪਰਚੀ-ਖਰਚੀ ਦੇ ਨੌਕਰੀ ਵਾਲੀ ਭਾਜਪਾ ਸਰਕਾਰ ਆਮ ਜਨਤਾ ਦੇ ਹਿੱਤਾਂ ਦੀ ਸੱਚੀ ਰੱਖਿਅਕ ਹੈ। ਇਸੀ ਦੇ ਤਹਿਤ ਬਿਨ੍ਹਾਂ ਕਿਸੇ ਭੇਦਭਾਵ ਦੇ ਮੈਰਿਟ ਆਧਾਰ 'ਤੇ ਨੌਕਰੀ ਦਿੱਤੀ ਜਾਂਦੀ ਹੈ ਅਤੇ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਵੀ ਲੋਕਸਭਾ ਵਿੱਚ ਇਸ ਗੱਲ ਦਾ ਜਿਕਰ ਕੀਤਾ ਸੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੇਥਲ ਦੇ ਆਰਕੇਐਸਡੀ ਕਾਲਜ ਵਿੱਚ ਇੱਕ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਹਰਿਆਣਾ ਵਿੱਚ ਡਬਲ ਇੰਜਨ ਸਰਕਾਰ ਉਨ੍ਹਾਂ ਦੇ ਆਤਮਨਿਰਭਰ



ਭਾਰਤ ਦੇ ਸੰਕਲਪ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਅੱਜ ਭਾਰਤ ਦੁਨੀਆਂ ਦੀ ਚੌਥੀ ਸੱਭ ਤੋਂ ਵੱਡੀ ਆਰਥਕ ਸ਼ਕਤੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਪੀਲ ਹੈ ਕਿ ਜੇਕਰ ਦੇਸ਼ ਨੂੰ ਦੁਨੀਆ ਦੀ ਤੀਜੀ ਸੱਭ ਤੋਂ ਵੱਡੀ ਆਰਥਕ ਸ਼ਕਤੀ ਬਨਾਉਣਾ ਹੈ, ਉਸ ਦਾ ਰਸਤਾ ਆਤਮਨਿਰਭਰ ਭਾਰਤ ਤੋਂ ਹੋ ਕੇ ਜਾਵੇਗਾ। ਇਸ ਲਈ ਸਾਰਿਆਂ ਨੂੰ ਅਪੀਲ ਹੈ ਕਿ ਭਾਰਤ ਨਿਰਮਾਣਤ ਵਸਤੂਆਂ ਹੀ ਵੇਚੇ ਅਤੇ ਖਰੀਦੇ।

ਉਨ੍ਹਾਂ ਨੇ ਕਿਹਾ ਕਿ ਭਾਜਪਾ ਕਾਰਜਕਰਤਾ ਦੀ ਇਹ ਪਹਿਚਾਣ ਹੈ ਕਿ ਉਹ ਨੌਜੁਆਨਾਂ ਸਮੇਤ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਸਰਕਾਰ ਨੇ ਚੋਣ ਤੋਂ ਪਹਿਲਾਂ 217 ਸੰਕਲਪ ਲਏ ਸਨ। ਜਿਨ੍ਹਾਂ ਵਿੱਚੋਂ 50 ਸੰਕਲਪ ਪੂਰੇ ਕਰ ਲਏ ਹਨ। ਜਲਦੀ ਹੀ 90 ਸੰਕਲਪ ਹੋਰ ਪੂਰੇ ਕਰ ਦਿੱਤੇ ਜਾਣਗੇ। ਸਰਕਾਰ ਬਣਦੇ ਹੀ ਹਰਿਆਣਾ ਵਿੱਚ ਭੈਣਾ ਨੂੰ 500 ਰੁਪਏ ਵਿੱਚ ਗੈਸ ਸਿਲੇਂਡਰ ਦਿੱਤਾ ਗਿਆ। ਨਾਲ ਹੀ ਭੈਣਾਂ ਨੂੰ 2100 ਰੁਪਏ ਦੀ ਪੈਨਸ਼ਨ ਵਜੋ ਦੇ ਕੇ ਲਾਡੋ ਲਕਛਮੀ ਯੋਜਨਾ ਦੇ ਵਾਅਦੇ ਨੂੰ ਪੂਰਾ ਕੀਤਾ ਗਿਆ। ਯੋਜਨਾ ਤਹਿਤ ਭੈਣਾਂ ਨੂੰ ਦੋ ਕਿਸਤ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਨੇ ਕਿਹਾ ਕਿ ਯੋਗ ਗਰੀਬ ਲੋਕਾਂ ਨੂੰ ਪਲਾਟ ਦਿੱਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸੋਨੀਪਤ ਵਿੱਚ 550 ਲੋਕਾਂ ਨੂੰ ਪਲਾਟ ਦੇਣ ਦਾ ਕੰਮ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਬਰਸਾਤ ਵਿੱਚ ਜੋ ਸੜਕ ਟੁੱਟ ਗਈ ਹੈ, ਉਨ੍ਹਾਂ ਨੂੰ ਠੀਕ ਕੀਤਾ ਜਾ ਰਿਹਾ ਹੈ। ਇਸ ਸਾਲ ਦੇ ਅੰਤ ਤੱਕ ਸਾਰੀ ਅਜਿਹੀ ਟੁੱਟੀ ਹੋਈ ਸੜਕਾਂ ਠੀਕ ਕਰਵਾ ਦਿੱਤੀਆਂ ਜਾਣਗੀਆਂ। ਇਸ ਦੇ ਲਈ ਛੇ ਵਿਭਾਗਾਂ ਦੇ ਵਿੱਚ ਤਾਲਮੇਲ ਬਣਾ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅੱਜ ਪੂਰੇ ਦੇਸ਼ ਵਿੱਚ ਆਮਜਨਤਾ ਦੇ ਹਿੱਤ ਵਿੱਚ ਸਰਕਾਰ ਇਸ ਤਰ੍ਹਾ ਨਾਲ ਕੰਮ ਕਰ ਰਹੀ ਹੈ ਕਿ ਵਿਰੋਧੀ ਧਿਰ ਦੇ ਕੋਲ ਕੋਈ ਮੁੱਦਾ ਨਹੀਂ ਬਚਿਆ ਹੈ। ਇਸ ਲਈ ਵਿਰੋਧੀ ਧਿਰ ਝੂਠ ਫੈਲਾਉਣ ਦਾ ਕੰਮ ਕਰਦੇ ਹਨ। ਭਾਜਪਾ ਕਾਰਜਕਰਤਾ ਸਰਕਾਰ ਦੀ ਨੀਤੀਆਂ ਨੂੰ ਆਮਜਨਤਾ ਤੱਕ ਪਹੁੰਚਾਉਣ ਅਤੇ ਝੂਠ ਦਾ ਪਰਦਾਫਾਸ਼ ਕਰਨ। ਉਨ੍ਹਾਂ ਨੇ ਕਾਰਜਕਰਤਾਵਾਂ ਨੂੰ ਨਿਰਦੇਸ਼ ਦਿੱਤਾ ਕਿ ਸਾਰੇ ਕਾਰਜਕਰਤਾ ਮਨ ਦੀ ਬਾਤ ਸੁਨਣ ਅਤੇ ਪਿੰਡ ਦੇ ਬਜੁਰਗ ਨੂੰ ਉਸ ਵਿੱਚ ਪ੍ਰਧਾਨ ਬਣਾ ਕੇ ਉਨ੍ਹਾਂ ਦਾ ਮਾਨ-ਸਨਮਾਨ ਕਰਨ। ਪੌਧਾਰੋਪਣ ਵੀ ਕਰਵਾਉਣ।

**ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਵਦੇਸ਼ੀ ਰੱਥਯਾਤਰਾ ਨੂੰ ਦਿਖਾਈ ਹਰੀ ਝੰਡੀ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਕੈਥਲ ਦੇ ਆਰਕੇਐਸਡੀ ਕਾਲਜ ਤੋਂ ਆਤਮਨਿਰਭਰ ਭਾਰਤ ਸੰਕਲਪ ਮੁਹਿੰਮ ਦੇ ਤਹਿਤ ਸਵਦੇਸ਼ੀ ਰੱਥਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਮੋਹਨ ਲਾਲ ਕੌਸ਼ਿਕ, ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਣ ਬੇਦੀ ਸਮੇਤ ਕਈ ਵੱਡੇ ਨੇਤਾ ਮੌਜੂਦ ਰਹੇ। ਇਸ ਤੋਂ ਪਹਿਲਾਂ ਮੀਡੀਆ ਨਾਲ ਗਲਬਾਤ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਤਰਾ ਸੂਬੇ ਦੇ ਕੌਨੇ-ਕੋਨੇ ਤੱਕ ਪਹੁੰਚ ਕੇ ਸਵਦੇਸ਼ੀ ਭਾਰਤ ਵਿੱਚ ਅਲੱਖ ਜਗਾਵੇਗੀ ਅਤੇ 24 ਦਸੰਬਰ ਤੱਕ ਇਹ ਯਾਤਰਾ ਚੱਲੇਗੀ। ਹਰਿਆਣਾ ਸਰਕਰ ਵੱਲੋਂ ਸਵਦੇਸ਼ੀ ਮੇਲੇ ਲਗਾਏ ਜਾ ਰਹੇ ਹਨ। ਪੰਚਕੂਲਾ ਅਤੇ ਫਰੀਦਾਬਾਦ ਵਿੱਚ ਅਜਿਹੇ ਮੇਲਿਆਂ ਦਾ ਆਯੋਜਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਆਤਮਨਿਰਭਰ ਭਾਰਤ ਨੂੰ ਇੱਕ ਜਨ ਅੰਦੋਲਨ ਬਨਾਉਣ। ਅਸੀਂ ਸਾਰੇ ਮਿਲ ਕੇ ਇਹ ਸੰਕਲਪ ਲੈਣ ਕਿ ਅਸੀਂ ਆਪਣੇ ਵਿਅਕਤੀਤਵ, ਪਾਰੰਪਰਿਕ ਜੀਵਨ ਵਿੱਚ ਸਵਦੇਸ਼ੀ ਨੂੰ ਅਪਨਾਉਣ। ਅਸੀਂ ਆਤਮਨਿਰਭਰ ਹਰਿਆਣਾ ਤੋਂ ਆਤਮਨਿਰਭਰ ਭਾਰਤ ਦਾ ਨਿਰਮਾਣ ਕਰਣਗੇ। ਵਿਕਸਿਤ ਭਾਰਤ ਦਾ ਰਸਤਾ ਆਤਮਨਿਰਭਰਤਾ ਤੋਂ ਹੋ ਕੇ ਗੁਜਰੇਗਾ।

## ਕਾਲਜ ਖੋਲ੍ਹਣ ਦੇ ਐਲਾਨ ਮਗਰੋਂ ਰਾਮ ਸ਼ਰਨ ਮਾਜਰਾ ਬਾਗ਼ੋ-ਬਾਗ਼



**ਸ਼ਾਹਬਾਦ ਮਾਰਕੰਡਾ, 12 ਦਸੰਬਰ**
**-ਪ੍ਰੈਸ ਕੀ ਤਾਕਤ ਬਿਊਰੋ**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਲੋਂ ਮਹਾਗਰਾਮ ਯੋਜਨਾ ਤਹਿਤ ਬਾਬੈਨ ਖੇਤਰ ਦੇ ਪਿੰਡ ਰਾਮ ਸ਼ਰਨ ਮਾਜਰਾ ਵਿੱਚ ਮਹਿਲਾ ਕਾਲਜ ਖੋਲ੍ਹਣ, ਸੀਵਰੇਜ ਪਾਉਣ ਤੇ ਐੱਸ ਟੀ ਪੀ ਬਣਾਉਣ ਅਤੇ ਹੋਰ ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਦਾ ਐਲਾਨ ਮਗਰੋਂ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ। ਭਾਜਪਾ ਮੰਡਲ ਪ੍ਰਧਾਨ ਵਿਕਾਸ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੇ ਅੱਜ ਮਠਿਆਈ ਵੰਡ ਕੇ ਜਸ਼ਨ ਮਨਾਇਆ। ਪਿੰਡ ਵਾਸੀਆਂ ਨੇ ਇਸ ਨੂੰ ਖੇਤਰ ਦੇ ਵਿਕਾਸ ਵੱਲ ਵੱਡਾ ਇਤਿਹਾਸਕ ਕਦਮ ਕਰਾਰ ਦਿੱਤਾ। ਬਾਬੈਨ ਖੇਤਰ ਦੇ ਲੋਕਾਂ ਦੀ ਪਿਛਲੇ ਲੰਮੇ ਸਮੇਂ ਤੋਂ ਕਾਲਜ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹੁਣ ਪੂਰਾ ਕੀਤਾ ਹੈ। ਵਿਕਾਸ ਸ਼ਰਮਾ ਨੇ ਕਿਹਾ ਕਿ ਇਸ ਖੇਤਰ ਦੇ ਪਿੰਡਾਂ ਦੀਆਂ ਲੜਕੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਲਾਡਵਾ, ਸ਼ਾਹਬਾਦ, ਕੁਰੂਕਸ਼ੇਤਰ, ਕਰਨਾਲ ਜਾਂ ਹੋਰ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ, ਜਿਸ ਨਾਲ ਸਮਾਂ ਤੇ ਸੁਰੱਖਿਆ ਦੋਵਾਂ ਚੁਣੌਤਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੁੱਖ ਮੰਤਰੀ ਦੇ ਇਸ ਐਲਾਨ ਨਾਲ ਲੜਕੀਆਂ ਨੂੰ ਆਪਣੇ ਹੀ ਇਲਾਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਰਾਮ ਸ਼ਰਨ ਮਾਜਰਾ ਦੇ ਸਰਪੰਚ ਨੁਮਾਇੰਦੇ ਓਮ ਪ੍ਰਕਾਸ਼ ਨੇ ਪਿੰਡ ਵਿਚ ਸਰਕਾਰੀ ਕਾਲਜ ਖੋਲ੍ਹਣ ਦੇ ਐਲਾਨ 'ਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਭਾਜਪਾ ਆਗੂ ਨਾਇਬ ਪਟਾਕ ਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਲਾਡਵਾ ਹਲਕੇ ਨੂੰ ਵਿਕਾਸ ਦੇ ਮਾਮਲੇ ਵਿੱਚ ਨਵੀਂ ਪਛਾਣ ਦਿੱਤੀ ਹੈ। ਮੁੱਖ ਮੰਤਰੀ ਵਲੋਂ ਨਵੀਆਂ ਸੜਕਾਂ ਤੇ 25 ਕਿਲੋਮੀਟਰ ਖੇਤਾਂ ਦੇ ਰਸਤੇ ਬਨਾਉਣ, 30 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਵਿਛਾਉਣ, ਬਾਬੈਨ ਤੇ ਰਾਮ ਸ਼ਰਨ ਮਾਜਰਾ ਨੂੰ ਵਿਕਾਸ ਕਾਰਜਾਂ ਨਾਲ ਨਿਵੇਕਲੀ ਪਛਾਣ ਮਿਲੇਗੀ। ਪਿੰਡ ਵਾਸੀਆਂ ਨੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਇਸ ਮੌਕੇ ਵਿਨੋਦ ਸਿੰਗਲਾ, ਅਨਿਲ ਟਾਟਕੀ, ਰਿੰਕੂ ਕਸ਼ਯਪ, ਦੁਨੀ ਚੰਦ ਟਾਟਕਾ, ਅਜੈ ਸਿੰਗਲਾ, ਸੋਹਨ ਚਕਚਾਨਪੁਰ, ਕਿਰਨ ਸ਼ਰਮਾ ਤੇ ਕਈ ਹੋਰ ਭਾਜਪਾ ਕਾਰਕੁਨ ਮੌਜੂਦ ਸਨ।

## ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ ਅਤੇ ਰਾਸ਼ਟਰੀ ਸਕੱਤਰ ਓਮਪ੍ਰਕਾਸ਼ ਧਨਖੜ ਨੇ ਕੀਤਾ ਸ਼ਹੀਦ ਕਰਣ ਸਿੰਘ ਦੀ ਪ੍ਰਤਿਮਾ ਦਾ ਉਦਘਾਟਨ



**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ, ਭਾਜਪਾ ਦੇ ਰਾਸ਼ਟਰੀ ਸਕੱਤਰ ਓਮ ਪ੍ਰਕਾਸ਼ ਧਨਖੜ ਅਤੇ ਸਾਬਕਾ ਸਾਂਸਦ ਸੁਨੀਤਾ ਦੁਗੱਲ ਨੇ ਸ਼ਹੀਦ ਦੇ ਪਰਿਜਨਾਂ ਅਤੇ ਭਾਵਪੂਰਣ ਮਾਹੌਲ ਵਿੱਚ ਬਾਦਲੀ ਵਿਧਾਨਸਭਾ ਖੇਤਰ ਦੇ ਪਿੰਡ ਡਾਵਲਾ ਵਿੱਚ ਸ਼ਹੀਦ ਕਰਣ ਸਿੰਘ ਦੀ ਪ੍ਰਤਿਮਾ ਦਾ ਉਦਘਾਟਨ ਕੀਤਾ। ਇਸ ਦੇ ਬਾਅਦ ਮਹਿਮਾਨਾਂ ਨੇ ਸ਼ਹੀਦ ਵਿਨੋਦ ਕੁਮਾਰ ਦੀ ਪ੍ਰਤਿਮਾ 'ਤੇ ਫੁੱਲ ਅਰਪਿਤ ਕਰ ਆਪਣੀ ਭਾਵਪੂਰਣ ਸ਼ਰਧਾਂਜਲੀ ਅਰਪਿਤ ਕੀਤੀ।

ਵਿਕਾਸ ਅਤੇ ਪੰਚਾਇਤ ਮੰਤਰੀ ਨੇ ਸ਼ਹੀਦ ਦੇ ਨਾਮ 'ਤੇ ਪਿੰਡ ਡਾਵਲਾ ਵਿੱਚ ਆਧੁਨਿਕ ਈ-ਲਾਇਬ੍ਰੇਰੀ, ਨਵੇਂ ਭਵਨ ਸਮੇਤ ਧਨਖੜ ਖਾਪ ਦੇ ਚਬੂਤਰੇ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਲਈ ਸ਼ਹੀਦਾਂ ਦਾ ਸਨਮਾਨ ਸੱਭ ਤੋਂ ਉੱਪਰ ਹੈ। ਪਿੰਡ ਦੇ ਖੇਤਾਂ ਦੇ ਵੱਲ ਜਾਣ ਵਾਲੇ ਪੰਜ ਰਸਤੇ ਸ਼ਹੀਦ ਦੇ ਨਾਮ 'ਤੇ ਪੱਕੇ ਕੀਤੇ ਜਾਣਗੇ। ਪਿੰਡ ਵਿੱਚ ਮਹਿਲਾਵਾਂ ਲਈ ਮਹਿਲਾ ਸਭਿਆਚਾਰਕ ਕੇਂਦਰ ਖੋਲਿਆ ਜਾਵੇਗਾ। ਪਿੰਡ ਵਿੱਚ ਇੰਡੌਰ ਜਿਮ ਲਈ ਸਮੱਗਰੀ ਵੀ ਦਿੱਤੀ ਜਾਵੇਗੀ।

ਪੰਚਾਇਤ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ਼ਹੀਦਾਂ ਨੂੰ ਸਨਮਾਨ ਦੇਣ ਲਈ ਅਨੇਕ ਇਤਿਹਾਸਕ ਕਦਮ ਚੁੱਕੇ ਹਨ। ਸੇਨਾ ਵਿੱਚ ਹਰ ਦੱਸਵਾਂ ਫੌਜੀ ਹਰਿਆਣਾ ਤੋਂ ਹੈ। ਸਾਲ 2014 ਵਿੱਚ ਸੂਬੇ ਵਿੱਚ ਸਾਡੀ ਸਰਕਾਰ ਬਣਦੇ ਹੀ ਸ਼ਹੀਦ ਦੇ ਪਰਿਜਨਾਂ ਨੂੰ 50 ਲੱਖ ਰੁਪਏ ਅਤੇ ਸਰਕਾਰੀ ਨੌਕਰੀ ਦੇਣ ਦਾ ਫੈਸਲਾ ਕੀਤਾ, ਹੁਣ ਨਾਇਬ ਸਰਕਾਰ ਨੇ ਵਧਾ ਕੇ ਇੱਕ ਕਰੋੜ ਰੁਪਏ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਨੈ 1985 ਅਤੇ 1971 ਦੇ ਯੁੱਧਾ ਵਿੱਚ ਸ਼ਹੀਦ ਹੋਏ ਫੌਜੀਆਂ ਦੇ 293 ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦਿੱਤੀ। ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਪੰਵਾਰ ਨੇ ਸ਼ਹੀਦ ਕਰਣ ਸਿੰਘ ਦੀ ਧਰਮਪਤਨੀ ਯੁੱਧ ਵੀਰਾਂਗਨਾ ਆਰਤੀ ਦੇਵੀ, ਮਾਤਾ ਸੁਮਿਤਰਾ ਦੇਵੀ, ਸ਼ਹੀਦ ਵਿਨੋਦ ਕੁਮਾਰ ਦੀ ਧਰਮਪਤਨੀ ਯੁੱਧ ਵਿਰਾਗਨਾ ਬਿਮਲਾ ਦੇਵੀ ਦਾ ਸਨਮਾਨ ਕੀਤਾ। ਇਸ ਮੌਕੇ 'ਤੇ ਸ਼ਹੀਦ ਕਰਣ ਦਾ ਬੇਟ ਰੁਦਰ, ਬੇਟੀ ਪਰੀ ਤੇ ਭਰਾ ਅਰਜੁਨ, ਸ਼ਹੀਦ ਵਿਨੋਦ ਦਾ ਬੇਟਾ ਆਸ਼ਿਸ਼, ਸਮੇਤ ਹੋਰ ਪਰਿਜਨ ਵੀ ਮੌਜੂਦ ਰਹੇ।

## ਵਿਗਿਆਨ ਸਿਰਫ ਕੈਰਿਅਰ ਨਹੀਂ ਹੈ, ਰਾਸ਼ਟਰ ਨਿਰਮਾਣ ਦਾ ਮਾਧਿਅਮ : ਮੁੱਖ ਮੰਤਰੀ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਗਿਆਨਕਾਂ ਨੂੰ ਅਪੀਲ ਕੀਤੀ ਕਿ ਉਹ ਵਿਗਿਆਨ ਨੂੰ ਲੈਬਸ ਦੀ ਦੀਵਾਰਾਂ ਤੋਂ ਬਾਹਰ ਕੱਢ ਕੇ ਉਨ੍ਹਾਂ ਦਾ ਲਾਭ ਸਮਾਜ ਦੇ ਆਖੀਰੀ ਵਿਅਕਤੀ ਤੱਕ ਪਹੁੰਚਾਉਣ। ਜਦੋਂ ਉਨ੍ਹਾਂ ਦਾ ਗਿਆਨ ਇੱਕ ਕਿਸਾਨ ਦੀ ਫਸਲ ਵਧਾਉਂਦਾ ਹੈ, ਜਦੋਂ ਖੋਜ ਇੱਕ ਮਰੀਜ ਦੀ ਬੀਮਾਰੀ ਠੀ ਕਰਦੀ ਹੈ, ਜਦੋਂ ਨਵਾਚਾਰ ਇੱਕ ਉਦਮੀ ਨੂੰ ਮਜਬੂਤ ਕਰਦਾ ਹੈ, ਤਾਂਹੀ ਵਿਗਿਆਨ ਸਹੀ ਮਾਇਨੇ ਵਿੱਚ ਖੁਸ਼ਹਾਲੀ ਲਿਆਉਂਦਾ ਹੈ।

ਮੁੱਖ ਮੰਤਰੀ ਐਤਵਾਰ ਨੂੰ ਪੰਚਕੂਲਾ ਦੇ ਸੈਕਟਰ-5 ਵਿੱਚ ਆਯੋਜਿਤ ਚਾਰ ਦਿਨਾਂ ਦੇ 11ਵੇਂ ਇੰਡੀਆ ਇੰਟਰਨੈਸ਼ਨਲ ਸਾਇੰਸ ਫੇਸਟੀਵਲ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋ ਸੰਬੋਧਿਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਸਮਾਰੋਹ ਵਿੱਚ ਸਟੂਡੇਂਟਸ ਸਾਇੰਸ ਐਂਡ ਟੈਕਨੋਲੋਜੀ ਵਿਲੇਜ ਦਾ ਉਦਘਾਟਨ ਕੀਤਾ। ਇਸ ਵਿਲੇਜ਼ ਨੂੰ ਆਧੁਨਿਕ ਭਾਰਤ ਦਾ ਨਵਾਂ ਨਾਲੰਦਾ ਦੀ ਸੰਗਿਆ ਦਿੱਤੀ ਗਈ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਵਿਗਿਆਨ ਪ੍ਰਦਰਸ਼ਨੀ ਦਾ ਅਵਲੋਕਨ ਵੀ ਕੀਤਾ ਅਤੇ ਵਿਗਿਆਨ ਅਤੇ ਨਵਾਚਾਰ ਦੇ ਖੇਤਰ ਵਿੱਚ ਨਵੀਨਤਮ ਤਕਨੀਕਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਗਿਆਨ ਸਿਰਫ ਕੈਰਿਅਰ ਨਹੀਂ ਹੈ, ਰਾਸ਼ਟਰ ਨਿ+ਮਾਣ ਦਾ ਮਾਧਿਅਮ ਹੈ। ਨੌਜੁਆਨ, ਵਿਦਿਆਰਥੀਆਂ ਅਤੇ ਵਿਗਿਆਨਕਾਂ ਨਾਲ ਸੰਵਾਦ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਉਹ ਹੀ ਭਾਰਤ ਦੀ ਨੌਜੁਆਨ ਪੀੜੀ ਹਨ ਜੋ ਭਾਰਤ ਨੂੰ ਵਿਕਸਿਤ ਬਣਾਏਗੀ। ਉਨ੍ਹਾਂ ਨੇ ਸਾਰੇ ਵਿਗਿਆਨਕਾਂ, ਖੋਜ ਸੰਸਥਾਵਾਂ, ਉਦਯੋਗ ਜਗਤ ਅਤੇ ਸਟਾਰਟ-ਅੱਪਸ ਨੂੰ ਅਪੀਲ ਕੀਤੀ ਕਿ ਸੱਭ ਮਿਲ ਕੇ ਵਿਗਿਆਨ ਅਧਾਰਿਤ



ਵਿਕਾਸ ਮਾਡਲ ਬਣਾਉਣ, ਜੋ ਹਰ ਨਾਗਰਿਕ ਨੂੰ ਗੁਣਵੱਤਾਪੂਰਣ ਜੀਵਨ ਦੇਣ, ਭਾਰਤ ਨੂੰ ਵਿਸ਼ਵ ਅਗਵਾਈ ਪ੍ਰਦਾਨ ਕਰਨ ਅਤੇ ਵਾਤਾਵਰਣ ਦੀ ਸੁਰੱਖਿਆ ਕਰ ਇਸ ਧਰਤੀ 'ਤੇ ਲਗਾਤਾਰ ਭਵਿੱਖ ਯਕੀਨੀ ਕਰਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਤੇ ਕੇਂਦਰੀ ਮੰਤਰੀ ਡਾ. ਜਿਤੇਂਦਰ ਸਿੰਘ ਦਾ ਧੰਨਵਾਦ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਨੇ ਇੰਨ੍ਹੇ ਵੱਡੇ ਸਾਇੰਸ ਫੇਸਟੀਵਲ ਦੇ ਲਈ ਹਰਿਆਣਾਂ ਨੂੰ ਦੂਜੀ ਵਾਰ ਮੇਜਬਾਨੀ ਦਾ ਮੌਕਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ 4 ਦਿਨਾਂ ਦੇ ਵਿਗਿਆਨ ਮਹਾਕੁੰਭ ਵਿੱਚ ਦੇਸ਼-ਵਿਦੇਸ਼ ਦੇ 40 ਹਜਾਰ ਤੋਂ ਵੱਧ ਪ੍ਰਤੀਭਾਗੀ ਹਿੱਸਾ ਲੈ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਨਾਲ ਜੰਮੂ ਅਤੇ ਕਸ਼ਮੀਰ, ਲੱਦਾਖ ਅਤੇ ਉੱਤਰ ਅਤੇ ਪੱਛਮ ਸੂਬਿਆਂ ਦੇ ਨੌਜੁਆਨਾਂ 'ਤੇ ਵਿਸ਼ੇਸ਼ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ, ਤਾਂ ਜੋ ਦੇਸ਼ ਦਾ ਹਰ ਖੇਤਰ ਵਿਗਿਆਨਕ ਪ੍ਰਗਤੀ ਦੇ ਪੱਥ 'ਤੇ ਨਾਲ ਚੱਲ ਸਕਣ।

ਸਾਇੰਸ ਫੇਸਟੀਵਲ ਦਾ ਵਰਨਣ ਕਰਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਪੁਰਬ ਵਿਗਿਆਨ, ਨਵਾਚਾਰ, ਸਟਾਰਟ ਅੱਪ ਊਰਜਾ, ਭਵਿੱਖ ਦੀ ਤਕਨੀਕ ਅਤੇ ਨਵੇਂ ਭਾਰਤ ਦੇ ਸਪਨਿਆਂ ਦਾ ਸੰਗਮ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਾਇੰਸ ਫੇਸਟੀਵਲ ਦਾ ਥੀਮ ਆਤਮਨਿਰਭਰ ਭਾਰਤ ਦੇ ਲਈ ਵਿਗਿਆਨ ਤੋਂ ਖੁਸ਼ਹਾਲੀ ਬਹੁਤ ਪ੍ਰਾਸੰਗਿਕ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦਾ ਸੰਕਲਪ ਰੱਖਿਆ ਹੈ। ਉਨ੍ਹਾਂ ਦੀ ਅਗਵਾਈ ਹੇਠ ਭਾਰਤ ਵਿਗਿਆਨ ਅਤੇ ਤਕਨੋਲਜੀ ਦੇ ਖੇਤਰ ਵਿੱਚ ਵਿਲੱਖਣ ਗਤੀ ਨਾਲ ਅੱਗੇ ਵੱਧ ਰਿਹਾ ਹੈ। ਭਾਰਤ ਆਪਣੇ ਬਲਬੂਤੇ ਚੰਨ੍ਹ, ਸੂਰਜ ਤੇ ਸਪੇਸ ਦਾ ਅਧਿਐਨ ਕਰਨ ਵਾਲੇ, ਕੁਆਂਟਮ ਤਕਨੀਕ ਤੋਂ ਲੈ ਕੇ ਡੀਪ-ਟੇਕ, ਏਆਈ, ਡਰੋਨ ਅਤੇ ਬਾਇਓਤਕਨਾਲੋਜੀ ਤੱਕ ਵਿੱਚ ਸੰਚਾਰ ਦੇ ਮੋਹਰੀ ਦੇਸ਼ਾਂ ਵਿੱਚ ਸ਼ਾਮਿਲ ਹੋ ਚੁੱਕਾ ਹੈ। ਇਹ ਸਾਇੰਟ ਫੇਸਟੀਵਲ ਵੀ ਪ੍ਰਧਾਨ ਮੰਤਰੀ ਦੇ ਵਿਕਸਿਤ ਰਾਸ਼ਟਰ ਦੇ ਸੰਕਲਪ ਨੂੰ ਸਿੱਦ ਕਰਨ ਦੀ ਦਿਸ਼ਾ ਵਿੱਚ ਇੱਕ ਠੋਸ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਵਿਗਿਆਨ ਨੀਤੀ ਨਿਰਮਾਣ ਦਾ ਆਧਾਰ ਹੈ ਅਤੇ ਨਵੀਂ ਤਕਨੀਕ ਵਿਕਾਸ ਦਾ ਇੰਜਨ ਹੈ। ਇਸ ਮਹੋਤਸਵ ਦਾ ਇੱਕ ਹੋਰ ਉਦੇਸ਼ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਭਾਰਤ ਦੀ ਵਿਗਿਆਨਿਕ ਐਕਸੀਲੈਂਸ ਨੂੰ ਵਿਸ਼ਵ ਪਟਲ 'ਤੇ ਦਿਖਾਉਣਾ ਹੈ।

ਸਰਕਾਰ ਆਪਣੀ ਨੀਤੀਆਂ ਵਿੱਚ ਸਟੈਮ ਸਿਖਿਆ, ਏਆਈ ਰੋਬੋਟਿਕਸ, ਸਟਾਰਟਅੱਪ ਸਿਖਿਆ, ਸਾਈਬਰ ਸੁਰੱਖਿਆ, ਏਗਰੀਟੇਕ, ਬਾਇਓਟੇਕ ਅਤੇ ਸਪੇਸ ਤਕਨਾਲੋਜੀ ਨੂੰ ਦਿੱਤੀ ਰਹੀ ਪ੍ਰਾਥਮਿਕਤਾ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਖੇਤੀਬਾੜੀ ਪ੍ਰਧਾਨ ਸੂਬਾ ਹੁੰਦੇ ਹੋਏ ਵਿਗਿਆਨ, ਸਿਖਿਆ ਅਤੇ ਨ ਵਾਚਾਰ ਦੇ ਕੇਂਦਰ ਵਜੋ ਤੇਜੀ ਨਾਲ ਉਭਰ ਰਿਹਾ ਹੈ। ਸਰਕਾਰ ਆਪਣੀ ਨੀਤੀਆਂ ਵਿੱਚ ਸਟੈਮ ਸਿਖਿਆ, ਏਆਈ ਬਾਇਓਟਿਕਸ, ਸਟਾਰਟਅੱਪ ਸਿਖਿਆ, ਸਾਈਬਰ ਸੁਰੱਖਿਆ, ਏਗਰੀਟੇਕ, ਰਾਇਓਟੇਕ ਅਤੇ ਸਪੇਸ ਤਕਨਾਲੋਜੀ ਨੂੰ ਪ੍ਰਾਥਮਿਕਤਾ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂਗ੍ਰਾਮ, ਫਰੀਦਾਬਾਦ, ਪੰਚਕੂਲਾ ਤੇ ਹਿਸਾਰ ਵਰਗੇ ਸ਼ਹਿਰ ਅੱਜ ਦੇਸ਼ ਦੇ ਪ੍ਰਮੁੱਖ ਆਈਟੀ ਅਤੇ ਆਰਐਂਡਡੀ ਹੱਬ ਬਣ ਰਹੇ ਹਨ। ਗੁਰੂਗ੍ਰਾਮ ਤਾਂ ਆਈਟੀ, ਏਆਈ ਅਤੇ ਸਾਈਬਰ ਤਕਨਾਲੋਜੀ ਦੀ ਰਾਜਧਾਨੀ ਬਣ ਚੁੱਕਾ ਹੈ। ਫਰੀਦਾਬਾਦ ਅਤੇ ਪੰਚਕੂਲਾ ਵਿੱਚ ਹਾਈ ਟੇਕ ਖੋਜ ਅਤੇ ਨਵਾਚਾਰ ਕੇਂਦਰ ਸਥਾਪਿਤ ਹੋ ਚੁੱਕੇ ਹਨ। ਗਰਨਾਂਲ, ਹਿਸਾਰ ਅਤੇ ਰੋਹਤਕ ਵਰਗੇ ਨਗਰ ਖੇਤੀਬਾੜੀ ਤਕਨਾਲੋਜੀ ਅਤੇ ਕਲਾਈਮੇਟ ਸੇਵਾਵਾਂ ਦੇ ਵੱਡੇ ਕੇਂਦਰ ਬਣ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡਾ ਟੀਚਾ ਹਰਿਆਣਾ ਨੂੰ ਉਦਯੋਗਿਕ ਵਿਕਾਸ ਵਿੱਚ ਹੀ ਨਹੀਂ, ਸਗੋ ਵਿਗਿਆਨ ਅਧਾਰਿਤ ਵਿਕਾਸ ਵਿੱਚ ਦੇਸ਼ ਦਾ ਮੋਹਰੀ ਸੂਬਾ ਬਨਾਂਉਣਾ ਹੈ। ਸਕੂਲਾਂ ਵਿੱਚ ਵਿਗਿਆਨ ਦੇ ਪ੍ਰਤੀ ਵਿਦਿਆਰਥੀਆਂ ਦੀ ਦਿਲਚਸਪੀ ਪੈਦਾ ਕਰਨ ਲਈ ਵਿਗਿਆਨ ਪ੍ਰਤਿਭਾ ਖੋਜ ਸਕਾਲਰਸ਼ਿਪ ਯੋਜਨਾ ਚਲਾਈ ਜਾ ਰਹੀ ਹੈ। ਇਸ ਦੇ ਤਹਿਤ 11ਵੀਂ ਤੇ 12ਵੀਂ ਕਲਾਸ ਵਿੱਚ ਵਿਗਿਆਨ ਪੜਨ ਵਾਲੇ 1500 ਵਿਦਿਆਰਥੀਆਂ ਨੂੰ 1 ਹਜਾਰ ਰੁਪਏ ਪ੍ਰਤੀਮਹੀਨਾ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਗਰੈਜੂਏਟ ਕਲਾਸ ਦੇ ਵਿਦਿਆਰਥੀਆਂ ਨੂੰ 4 ਹਜਾਰ ਰੁਪਏ ਅਤੇ ਪੋਸਟ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ 6 ਹਜਾਰ ਰੁਪਏ ਪ੍ਰਤੀਮਹੀਨਾ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ, ਕੌਮਾਂਤਰੀ ਵਿਗਿਆਨ ਓਲਪਿਆਡ ਵਿੱਚ ਮੈਡਲ ਜਿੱਤਣ ਤੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੀ ਵੀ ਯੋਜਨਾ ਚਲਾਈ ਜਾ ਰਹੀ ਹੈ। ਉਨ੍ਹਾਂ ਨੂੰ 5 ਲੱਖ ਰੁਪਏ ਤੱਕ ਦੇ ਨਗਦ ਇਨਾਮ ਦਿੱਤੇ ਜਾਂਦੇ ਹਨ। ਇਸੀ ਤਰ੍ਹਾ, ਜੂਨੀਅਰ ਵਿਗਿਆ ਓਲੰਪਿਆਡ ਦੇ ਗੋਲਡ ਮੈਡਲ ਜੇਤੂਆਂ ਨੂੰ ਵੀ 2 ਲੱਖ 50 ਹਜਾਰ ਰੁਪਏ ਤੱਕ ਦੇ ਨਗਰ ਇਨਾਮ ਦਿੱਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੌਜੁਆਨ ਵਿਗਿਆਨਕਾਂ ਨੂੰ ਵੀ ਪ੍ਰੋਤਸਾਹਿਤ ਕਰ ਰਹੀ ਹੈ। ਇਸ ਦੇ ਲਈ 40 ਸਾਲ ਤੋਂ ਵੱਧ ਉਮਰ ਦੇ ਦੋ ਮੰਨੇ-ਪ੍ਰਮੰਨੇ ਵਿਗਿਆਨਕਾਂ ਨੂੰ ਹਰੇਕ ਸਾਲ ਹਰਿਆਣਾ ਵਿਗਿਆਨ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਸੂਬੇ ਦੇ 40 ਸਾਲ ਤੋਂ ਘੱਟ ਉਮਰ ਦੇ ਪ੍ਰਖਿਆਤ ਵਿਗਿਆਨਕਾਂ ਨੂੰ ਵੀ ਹਰੇਕ ਸਾਲ ਹਰਿਆਣਾ ਨੌਜੁਆਨ ਵਿਗਿਆਨ ਰਤਨ ਪੁਰਸਕਾਰ ਦਿੱਤਾ ਜਾਂਦਾ ਹੈ।

## ਮਹਿਲਾ ਨੇ ਭੁਲੇਖੇ ਨਾਲ ਬੱਚਾ ਕੈਬ 'ਚ ਛੱਡਿਆ

**ਪੰਚਕੂਲਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਹਰਾਦੂਨ ਤੋਂ ਨਾਲਾਗੜ੍ਹ, ਹਿਮਾਚਲ ਪ੍ਰਦੇਸ਼ ਜਾ ਰਹੀ ਇੱਕ ਮਹਿਲਾ ਦਾ ਦੋ ਸਾਲਾ ਬੱਚਾ ਕੈਬ ਵਿੱਚ ਰਹਿ ਗਿਆ। ਡੀ ਸੀ ਪੀ ਪੰਚਕੂਲਾ ਸ੍ਰਿਸ਼ਟੀ ਗੁਪਤਾ ਨੇ ਦੱਸਿਆ ਕਿ ਮਹਿਲਾ ਨੇ ਸਵੇਰੇ 6 ਵਜੇ ਦੇਹਰਾਦੂਨ ਤੋਂ ਹਿਮਾਚਲ ਪ੍ਰਦੇਸ਼ ਲਈ ਇੱਕ ਕੈਬ ਬੁੱਕ ਕੀਤੀ ਸੀ। ਜਦੋਂ ਉਹ ਪਿੰਜੌਰ ਪਹੁੰਚੀ ਤਾਂ ਉਹ ਕੇਲੇ ਅਤੇ ਹੋਰ ਚੀਜ਼ਾਂ ਖਰੀਦਣ ਲਈ ਗੱਡੀ ਤੋਂ ਉਤਰੀ ਅਤੇ ਬੱਚੇ ਨੂੰ ਵਿਅਸਤ ਰੱਖਣ ਲਈ ਆਪਣਾ ਮੋਬਾਈਲ ਫੋਨ ਦਿੱਤਾ। ਇਸ ਦੌਰਾਨ ਡਰਾਈਵਰ ਵੀ ਗੱਡੀ 'ਚੋਂ ਨਿਕਲਿਆ ਅਤੇ ਕੁੱਝ ਸਮੇਂ ਮਗਰੋਂ ਉਹ ਬਿਨਾਂ ?ਚੈੱਕ ਕੀਤੇ ਗੱਡੀ ਚਲਾ ਕੇ ਨਾਲਾਗੜ੍ਹ ਵੱਲ ਚਲਾ ਗਿਆ। ਜਦੋਂ ਮਹਿਲਾ ਵਾਪਸ ਆਈ ਅਤੇ



ਗੱਡੀ ਉੱਥੇ ਨਹੀਂ ਸੀ।

ਉਸ ਨੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਈ ਆਰ ਵੀ 526 ਟੀਮ ਤਰਫੋਂ ਇੰਚਾਰਜ ਰਿਸ਼ੀ ਕੁਮਾਰ, ਐੱਸ ਪੀ ਓ ਰਾਮਚੰਦਰ ਅਤੇ ਐੱਸ ਪੀ ਓ ਪਰਵੇਸ਼ ਮਸੀਹ ਨੇ ਗੱਡੀ ਦਾ ਪਿੱਛਾ ਕੀਤਾ। ਪੁਲੀਸ ਨੇ ਮਹਿਲਾ ਦੇ ਫੋਨ 'ਤੇ ਕਾਲ ਕੀਤੀ, ਜੋ ਬੱਚੇ ਨੇ ਰਿਸੀਵ ਕੀਤੀ ਅਤੇ ਕਹਿਣ ਅਨੁਸਾਰ ਉਸ ਨੇ ਡਰਾਈਵਰ ਨਾਲ ਗੱਲ ਕਰਵਾਈ।

ਡਰਾਈਵਰ ਨੇ ਦੱਸਿਆ ਕਿ ਉਹ ਗਲਤੀ ਨਾਲ ਗੱਡੀ ਚਲਾ ਕੇ ਅੱਗੇ ਗਿਆ ਅਤੇ ਉਸ ਨੇ ਪਿਛਲੀ ਸੀਟ ਵੱਲ ਧਿਆਨ ?ਨਹੀਂ ?ਦਿੱਤਾ ਸੀ। ਉਹ ਪਿੰਜੌਰ ਤੋਂ ਨਾਲਾਗੜ੍ਹ ਰੋਡ 'ਤੇ ਲਗਭਗ 15 ਕਿਲੋਮੀਟਰ ਦੂਰ ਪਹੁੰਚ ਗਿਆ ਸੀ। ਪੁਲੀਸ ਨੇ ਉਸ ਨੂੰ ਰੋਕ ਕੇ ਬੱਚਾ ਬਰਾਮਦ ਕਰਕੇ ਮਹਿਲਾ ਹਵਾਲੇ ਕੀਤਾ।

## ਪੀ ਏ ਖ਼ਿਲਾਫ਼ ਜਾਂਚ ਲਈ ਡਿਪਟੀ ਸਪੀਕਰ ਵੱਲੋਂ ਮੁੱਖ ਮੰਤਰੀ ਨੂੰ ਪੱਤਰ

**ਜੀਂਦ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਂਦ ਹਲਕੇ ਤੋਂ ਵਿਧਾਇਕ ਤੇ ਹਰਿਆਣਾ ਵਿਧਾਨ ਸਭਾ ਡਿਪਟੀ ਸਪੀਕਰ ਡਾ. ਕ੍ਰਿਸ਼ਨ ਮਿੱਢਾ ਨੇ ਆਪਣੇ ਨਿੱਜੀ ਸਕੱਤਰ ਮੋਹਿਤ ਸ਼ਰਮਾ 'ਤੇ ਕਥਿਤ ਆਮਦਨ ਤੋਂ ਵੱਧ ਜਾਇਦਾਦ ਦੇ ਲੱਗ ਰਹੇ ਦੋਸ਼ਾਂ ਦੀ ਜਾਂਚ ਸਬੰਧੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿੱਚ ਦੋਸ਼ੀ ਪਾਏ ਜਾਣ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਡਿਪਟੀ ਸਪੀਕਰ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਇੱਕ ਆਰ ਟੀ ਆਈ ਕਾਰਕੁਨ ਦੀ ਸ਼ਿਕਾਇਤ ਮਗਰੋਂ ਸਾਹਮਣੇ ਆਇਆ ਹੈ। ਆਰ ਟੀ ਆਈ ਕਾਰਕੁਨ ਭਾਰਤ ਭੂਸ਼ਨ ਸ਼ਰਮਾ ਨੇ ਮੋਹਿਤ ਸ਼ਰਮਾ ਦੀ ਸੰਪਤੀ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਸ੍ਰੀ ਮਿੱਢਾ ਨੇ ਕਿਹਾ ਕਿ ਉਨ੍ਹਾਂ ਖੁਦ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਆਪਣੇ ਨਿੱਜੀ ਸਕੱਤਰ ਮੋਹਿਤ ਦੀ ਸੰਪਤੀ ਦੀ ਪੂਰੀ ਜਾਂਚ ਕਰਵਾਉਣਗੇ। ਉਨ੍ਹਾਂ ਕਿਹਾ ਕਿ ਦੋਸ਼ੀ ਪਾਏ ਜਾਣ 'ਤੇ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ। ਉਨ੍ਹਾਂ ਨਾਲ ਹੀ ਕਿਹਾ ਕਿ ਜੇਕਰ ਜਾਂਚ ਵਿੱਚ ਸ਼ਿਕਾਇਤਕਰਤਾ ਗਲਤ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

## ਉੱਤਰੀ ਭਾਰਤ ਵਿੱਚ ਠੰਢ ਵਧੀ; ਕਸ਼ਮੀਰ 'ਚ ਤਾਪਮਾਨ ਮਨਫੀ ਤੋਂ ਹੇਠਾਂ



**ਨਵੀਂ ਦਿੱਲੀ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਉਤਰੀ ਹਿੱਸੇ ਵਿਚ ਠੰਢ ਵਧ ਗਈ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ ਤਿੰਨ ਤੋਂ ਸੱਤ ਡਿਗਰੀ ਦਰਮਿਆਨ ਦਰਜ ਕੀਤਾ ਗਿਆ। ਦੂਜੇ ਪਾਸੇ ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੀਆਂ ਕਈ ਥਾਵਾਂ 'ਤੇ ਤਾਪਮਾਨ ਮਨਫੀ ਤੋਂ ਹੇਠਾਂ ਰਿਹਾ। ਜੰਮੂ ਕਸ਼ਮੀਰ 'ਚ ਤਾਪਮਾਨ ਮਨਫੀ 4.3 ਡਿਗਰੀ ਦਰਜ ਕੀਤਾ ਗਿਆ ਤੇ ਅਮਰਨਾਥ ਯਾਤਰੀ ਬੇਸ ਕੈਂਪ ਸਭ ਤੋਂ ਠੰਢਾ ਸਥਾਨ ਦਰਜ ਕੀਤਾ ਗਿਆ।

ਮੌਸਮ ਵਿਭਾਗ ਨੇ ਦੱਸਿਆ ਕਿ ਕੌਮੀ ਰਾਜਧਾਨੀ ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 8 ਡਿਗਰੀ ਦਰਜ ਕੀਤਾ ਗਿਆ। ਪੰਜਾਬ ਵਿੱਚ ਫਰੀਦਕੋਟ ਵਿਚ ਘੱਟੋ-ਘੱਟ ਤਾਪਮਾਨ 4.4 ਡਿਗਰੀ ਰਿਹਾ। ਹਰਿਆਣਾ ਦੇ ਨਾਰਨੌਲ ਵਿਚ ਘੱਟੋ-ਘੱਟ ਤਾਪਮਾਨ 4.6 ਡਿਗਰੀ ਰਿਹਾ ਤੇ ਇਹ ਸਭ ਤੋਂ ਠੰਢੇ ਸਥਾਨ ਰਹੇ। ਚੰਡੀਗੜ੍ਹ 'ਚ ਘੱਟੋ ਘੱਟ ਤਾਪਮਾਨ 8.2 ਡਿਗਰੀ ਰਿਹਾ।

ਮੌਸਮ ਵਿਭਾਗ ਨੇ ਬੁੱਧਵਾਰ ਤੱਕ ਹਿਮਾਚਲ ਪ੍ਰਦੇਸ਼ ਦੀਆਂ ਕਈ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸੇ ਤਰ੍ਹਾਂ ਕਸ਼ਮੀਰ ਦੇ ਸ੍ਰੀਨਗਰ, ਕਾਜ਼ੀਗੁੰਡ, ਕੁਪਵਾੜਾ ਤੇ ਕੋਕਰਨਾਗ 'ਚ ਘੱਟੋ ਘੱਟ ਤਾਪਮਾਨ ਮਨਫੀ ਦੇ ਨੇੜੇ ਦਰਜ ਕੀਤਾ ਗਿਆ ਹੈ।

ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 0.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਉੱਤਰੀ ਕਸ਼ਮੀਰ ਦੇ ਕੁਪਵਾੜਾ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 0.8 ਡਿਗਰੀ ਸੈਲਸੀਅਸ ਅਤੇ ਦੱਖਣੀ ਕਸ਼ਮੀਰ ਦੇ ਕੋਕਰਨਾਗ ਵਿੱਚ 1.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਮੌਸਮ ਵਿਭਾਗ ਨੇ ਕਿਹਾ ਕਿ ਐਤਵਾਰ ਨੂੰ ਬੱਦਲਵਾਈ ਰਹੇਗਾ ਤੇ ਮੌਸਮ ਆਮ ਤੌਰ 'ਤੇ ਖੁਸ਼ਕ ਰਹੇਗਾ ਅਤੇ ਉੱਤਰੀ ਅਤੇ ਮੱਧ ਕਸ਼ਮੀਰ ਦੇ ਉੱਚੇ ਇਲਾਕਿਆਂ ਵਿੱਚ ਦੂਰ-ਦੁਰਾਡੇ ਥਾਵਾਂ 'ਤੇ ਹਲਕੀ ਬਰਫ਼ਬਾਰੀ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਬੁੱਧਵਾਰ ਤੱਕ ਸੰਘਣੀ ਧੁੰਦ ਪੈਣ ਦੀ ਭਵਿੱਖਬਾਣੀ ਕੀਤੀ ਹੈ। ਸੋਮਵਾਰ ਸਵੇਰ ਤੋਂ ਲੈ ਕੇ ਅੱਜ ਸਵੇਰੇ ਤੱਕ ਬਿਲਾਸਪੁਰ ਜ਼ਿਲ੍ਹੇ ਦੇ ਭਾਖੜਾ ਡੈਮ ਦੇ ਭੰਡਾਰ ਖੇਤਰ ਦੇ ਕੁਝ ਹਿੱਸਿਆਂ ਅਤੇ ਮੰਡੀ ਜ਼ਿਲ੍ਹੇ ਦੇ ਬਲਾਹ ਘਾਟੀ ਦੇ ਕੁਝ ਹਿੱਸਿਆਂ ਵਿੱਚ ਸੰਘਣੀ ਧੁੰਦ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਇਸ ਦੌਰਾਨ ਪੰਜਾਬ ਤੇ ਹਰਿਆਣਾ ਵਿਚ ਵੀ ਠੰਢ ਵਧ ਗਈ ਹੈ ਤੇ ਇੱਥੇ ਰਾਤ ਦੇ ਤਾਪਮਾਨ ਵਿਚ ਬੀਤੇ ਦਿਨਾਂ ਨਾਲੋਂ ਹੋਰ ਗਿਰਾਵਟ ਦਰਜ ਕੀਤੀ ਗਈ ਹੈ।

## ਸੰਘਣੀ ਧੁੰਦ ਕਾਰਨ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਤ

**ਲੁਧਿਆਣਾ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ-ਬਠਿੰਡਾ ਰਾਜ ਮਾਰਗ ਉਪਰ ਬੋਪਾਰਾਏ ਕਲਾਂ ਸੰਪਰਕ ਸੜਕ ਦੇ ਮੋੜ 'ਤੇ ਸੜਕ ਹਾਦਸੇ ਵਿੱਚ ਲੰਘੀ ਸ਼ਾਮ ਟਰੈਕਟਰ-ਟਰਾਲੀ ਨਾਲ ਟੱਕਰ ਵਿੱਚ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਜ਼ਬਰਦਸਤ ਹਾਦਸੇ ਵਿੱਚ ਪਰਵਿੰਦਰ ਸਿੰਘ, ਮਲਕੀਤ ਸਿੰਘ ਅਤੇ ਆਕਾਸ਼ਦੀਪ ਤਿੰਨੋਂ ਵਾਸੀ ਪਿੰਡ ਗਹਿਲ, ਜ਼ਿਲ੍ਹਾ ਬਰਨਾਲਾ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨਾਂ ਦੀ ਉਮਰ 20 ਤੋਂ 21 ਸਾਲ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸ਼ਨਿਚਰਵਾਰ ਦੇਰ ਰਾਤ ਹਨੇਰੇ ਅਤੇ ਸੰਘਣੀ ਧੁੰਦ ਕਾਰਨ ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਅੱਗੇ ਜਾ ਰਹੀ ਟਰੈਕਟਰ-ਟਰਾਲੀ ਦਿਖਾਈ ਨਹੀਂ ਦਿੱਤੀ, ਜਿਸ ਕਾਰਨ ਉਨ੍ਹਾਂ ਦਾ ਮੋਟਰਸਾਈਕਲ ਸਿੱਧਾ ਟਰਾਲੀ ਨਾਲ ਟਕਰਾ ਗਿਆ।ਹਾਦਸੇ ਤੋਂ ਬਾਅਦ ਗੰਭੀਰ ਜ਼ਖ਼ਮੀ ਦੋ ਨੌਜਵਾਨਾਂ ਨੂੰ ਤੁਰੰਤ ਸਰਕਾਰੀ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਸੁਧਾਰ ਲਿਜਾਇਆ ਗਿਆ। ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਲੁਧਿਆਣਾ ਰੈਫ਼ਰ ਕਰ ਦਿੱਤਾ ਗਿਆ। ਐਤਵਾਰ ਸਵੇਰੇ ਇਲਾਜ ਦੌਰਾਨ ਦੋਵੇਂ ਜ਼ਖ਼ਮੀਆਂ ਨੇ ਦਮ ਤੋੜ ਦਿੱਤਾ। ਪਰਵਿੰਦਰ ਸਿੰਘ ਦੀ ਲਾਸ਼ ਘਟਨਾ ਵਾਲੀ ਥਾਂ ਦੇ ਨੇੜੇ ਖੇਤਾਂ ਵਿੱਚ ਪਈ ਮਿਲੀ ਸੀ। ਪਰਵਿੰਦਰ ਸਿੰਘ ਕੋਲੋਂ ਮਿਲੇ ਆਧਾਰ ਕਾਰਡ ਤੋਂ ਮ੍ਰਿਤਕਾਂ ਦੀ ਪਹਿਚਾਣ ਸੰਭਵ ਹੋਈ, ਜਿਸ ਤੋਂ ਬਾਅਦ ਸੁਧਾਰ ਪੁਲੀਸ ਨੇ ਬਰਨਾਲਾ ਪੁਲੀਸ ਨੂੰ ਘਟਨਾ ਦੀ ਸੂਚਨਾ ਦਿੱਤੀ। ਥਾਣਾ ਸੁਧਾਰ ਦੇ ਮੁਖੀ ਗੁਰਦੀਪ ਸਿੰਘ ਅਨੁਸਾਰ ਖੰਡੂਰ ਪਿੰਡ ਦੇ ਟਰੈਕਟਰ ਚਾਲਕ ਸਤਨਾਮ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਥਾਣੇਦਾਰ ਗੁਰਨਾਮ ਸਿੰਘ ਨੂੰ ਮਾਮਲੇ ਦੀ ਜਾਂਚ ਸੌਂਪੀ ਗਈ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਲੁਧਿਆਣਾ ਵਿੱਚ ਭੇਜ ਦਿੱਤੀਆਂ ਗਈਆਂ ਹਨ।

ਹਲਕੇ ਦੇ ਪਿੰਡ ਗਹਿਲ ਵਿਚ ਤਿੰਨ ਨੌਜਵਾਨਾਂ ਦੀ ਹੋਈ ਮੌਤ ਕਾਰਨ ਸੋਗ ਦੀ ਲਹਿਰ ਹੈ। ਪਿੰਡ ਦੇ ਤਿੰਨ ਨੌਜਵਾਨਾਂ ਦੀ ਅੱਜ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਮੁੱਲਾਂਪੁਰ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਨੌਜਵਾਨਾਂ ਦੀ ਪਹਿਚਾਣ ਆਸ਼ਸਦੀਪ ਸਿੰਘ (26) ਪੁੱਤਰ ਬਲਜਿੰਦਰ ਸਿੰਘ, ਪਰਵਿੰਦਰ ਸਿੰਘ (19) ਪੁੱਤਰ ਸਰਬੀ ਸਿੰਘ ਅਤੇ ਅੰਮ੍ਰਿਤਪਾਲ ਸਿੰਘ (23) ਪੁੱਤਰ ਬੱਗਾ ਸਿੰਘ ਵਾਸੀ ਗਹਿਲ ਵਜੋਂ ਹੋਈ ਹੈ।ਜਾਣਕਾਰੀ ਮੁਤਾਬਕ, ਤਿੰਨੇ ਨੌਜਵਾਨ ਸ਼ਨਿਚਰਵਾਰ ਨੂੰ ਪਰਵਿੰਦਰ ਦੀ ਰਿਸ਼ਤੇਦਾਰੀ ਵਿੱਚ ਮੁੱਲਾਂਪੁਰ ਵਿਚ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਗਏ ਸਨ।

## ਠੰਢ ਦੀ ਲਪੇਟ ਵਿੱਚ ਪੰਜਾਬ ਤੇ ਹਰਿਆਣਾ, ਫਰੀਦਕੋਟ ਸਭ ਤੋਂ ਠੰਢਾ

**ਚੰਡੀਗੜ੍ਹ, 12 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ 'ਚ ਸ਼ੁੱਕਰਵਾਰ ਨੂੰ ਕੜਾਕੇ ਦੀ ਠੰਢ ਤੋਂ ਬਚਣ ਲਈ ਲੋਈ ਦੀ ਬੁੱਕਲ ਮਰ ਕੇ ਬੈਠਾ ਰਿਕਸ਼ਾ ਚਾਲਕ ਸਵਾਰੀ ਦਾ ਇੰਤਜ਼ਾਰ ਕਰਦਾ ਹੋਇਆ। ਇੱਥੇ ਅੱਜ ਸੰਘਣੀ ਧੁੰਦ ਪੈਣ ਕਾਰਨ ਆਵਾਜਾਈ ਵਿੱਚ ਭਾਰੀ ਵਿਘਨ ਪਿਆ। -ਫੋਟੋ: ਪਵਨ ਸ਼ਰਮਾ

ਦਸੰਬਰ ਮਹੀਨੇ ਦੀ ਸ਼ੁਰੂਆਤ ਵਿੱਚ ਪੰਜਾਬ ਅਤੇ ਹਰਿਆਣਾ ਕੜਾਕੇ ਦੀ ਠੰਢ ਦੀ ਲਪੇਟ ਵਿੱਚ ਹਨ। ਜਿੱਥੇ ਕਈ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ ਇੱਕ ਤੋਂ ਚਾਰ ਡਿਗਰੀ ਹੇਠਾਂ ਦਰਜ ਕੀਤਾ ਗਿਆ ਹੈ।

ਸ਼ਨਿਚਰਵਾਰ ਨੂੰ ਫਰੀਦਕੋਟ ਪੰਜਾਬ ਵਿੱਚ ਸਭ ਤੋਂ ਠੰਢੀ ਥਾਂ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 2.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਇੱਥੇ ਮੌਸਮ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੀਆਂ ਹੋਰ ਥਾਵਾਂ ਵਿੱਚੋਂ ਗੁਰਦਾਸਪੁਰ ਦਾ ਘੱਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਰਿਹਾ ਜਦੋਂ ਕਿ ਅੰਮ੍ਰਿਤਸਰ ਵਿੱਚ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਲੁਧਿਆਣਾ, ਪਟਿਆਲਾ, ਪਠਾਨਕੋਟ ਅਤੇ ਬਠਿੰਡਾ ਵਿੱਚ ਕ੍ਰਮਵਾਰ 7, 9, 5.2 ਅਤੇ 4.6 ਡਿਗਰੀ ਸੈਲਸੀਅਸ ਘੱਟੋ-ਘੱਟ ਤਾਪਮਾਨ ਦਰਜ ਕੀਤਾ ਗਿਆ ਹੈ।

ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੀ 7.9 ਡਿਗਰੀ ਸੈਲਸੀਅਸ ਤਾਪਮਾਨ ਨਾਲ ਠੰਢਾ ਮੌਸਮ ਰਿਹਾ, ਜੋ ਆਮ ਨਾਲੋਂ 2.7 ਡਿਗਰੀ ਹੇਠਾਂ ਹੈ।

ਉਧਰ ਹਰਿਆਣਾ ਵਿੱਚ ਨਾਰਨੌਲ 3.8 ਡਿਗਰੀ ਸੈਲਸੀਅਸ ਦੇ ਘੱਟੋ-ਘੱਟ ਤਾਪਮਾਨ ਨਾਲ ਸਭ ਤੋਂ ਠੰਢੀ ਥਾਂ ਰਿਹਾ, ਜੋ ਆਮ ਨਾਲੋਂ ਚਾਰ ਡਿਗਰੀ ਹੇਠਾਂ ਹੈ। ਹਿਸਾਰ ਵਿੱਚ 4.7 ਡਿਗਰੀ ਸੈਲਸੀਅਸ ਤਾਪਮਾਨ ਨਾਲ ਠੰਢੇ ਮੌਸਮ ਦੀਆਂ ਸਥਿਤੀਆਂ ਦਾ ਅਨੁਭਵ ਕੀਤਾ ਗਿਆ ਜਦੋਂ ਕਿ ਕਰਨਾਲ ਵਿੱਚ ਘੱਟੋ-ਘੱਟ 7.5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਭਿਵਾਨੀ, ਸਿਰਸਾ ਅਤੇ ਅੰਬਾਲਾ ਵਿੱਚ ਕ੍ਰਮਵਾਰ 6, 6.4 ਅਤੇ 9.8 ਡਿਗਰੀ ਸੈਲਸੀਅਸ ਘੱਟੋ-ਘੱਟ ਤਾਪਮਾਨ ਦਰਜ ਕੀਤਾ ਗਿਆ ਹੈ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ : ਜਲੰਧਰ ’ਚ 669 ਉਮੀਦਵਾਰ ਮੈਦਾਨ ’ਚ

**ਕੌਮੀ ਪਤ੍ਰਿਕਾ**

ਜਲੰਧਰ 12 ਦਸੰਬਰ। ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਨਾਮਜ਼ਦਗੀਆਂ ਦੀ ਜਾਂਚ ਅਤੇ ਵਾਪਸੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਜਲੰਧਰ ਜ਼ਿਲ੍ਹੇ ’ਚ ਹੁਣ ਕੁੱਲ 669 ਉਮੀਦਵਾਰ ਚੋਣ ਮੈਦਾਨ ’ਚ ਰਹਿ ਗਏ ਹਨ। ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਨਾਮਜ਼ਦਗੀਆਂ ਦੀ ਵਾਪਸੀ ਦੀ ਅੰਤਿਮ ਮਿਤੀ ਬੀਤਣ ਦੇ ਬਾਅਦ ਜ਼ਿਲ੍ਹਾ ਪ੍ਰੀਸ਼ਦ ਲਈ 83 ਅਤੇ ਪੰਚਾਇਤ ਸੰਮਤੀਆਂ ਲਈ 586 ਉਮੀਦਵਾਰ ਚੋਣਾਂ ਲੜਨਗੇ। ਵਰਣਨਯੋਗ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 114 ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ ਸਨ, ਜਦਕਿ ਪੰਚਾਇਤ ਸੰਮਤੀਆਂ ਲਈ ਸ਼ੁਰੂਆਤੀ ਪੜਾਅ ’ਚ 745 ਉਮੀਦਵਾਰਾਂ ਨੇ ਨਾਮਜ਼ਦ ਕਾਗਜ਼ ਭਰੇ ਸਨ। ਰਿਟਰਨਿੰਗ ਅਧਿਕਾਰੀਆਂ ਵੱਲੋਂ ਨਾਮਜ਼ਦਗੀ ਕਾਗਜ਼ਾਂ ਦੀ ਵਿਸਤ੍ਰਿਤ ਜਾਂਚ ਅਤੇ ਕਮੀਆਂ ਵਾਲੇ ਫਾਰਮ ਰੱਦ ਕਰਨ ਅਤੇ ਉਮੀਦਵਾਰਾਂ ਵੱਲੋਂ ਆਪਣੀ ਇੱਛਾ ਨਾਲ ਨਾਮਜ਼ਦਗੀ ਕਾਗਜ਼ ਵਾਪਸ ਲੈਣ ਤੋਂ ਬਾਅਦ ਕੁੱਲ 31 ਉਮੀਦਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ 159 ਉਮੀਦਵਾਰ ਪੰਚਾਇਤ ਸੰਮਤੀ ਚੋਣਾਂ ਤੋਂ ਬਾਹਰ ਹੋ ਗਏ ਹਨ। ਇਸ ਤਰ੍ਹਾਂ ਕੁੱਲ 190 ਉਮੀਦਵਾਰਾਂ ਦੀ ਗਿਣਤੀ ਨਾਮਜ਼ਦਗੀ ਵਾਪਸੀ ਅਤੇ ਰੱਦ ਹੋਣ ਤੋਂ ਬਾਅਦ ਘੱਟ ਹੋਈ ਹੈ। ਹਾਲਾਂਕਿ ਅਜੇ ਤਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਸਪੱਸ਼ਟ ਅੰਕੜਾ ਜਾਰੀ ਨਹੀਂ ਕੀਤਾ ਗਿਆ ਕਿ ਇਨ੍ਹਾਂ ’ਚੋਂ ਕਿੰਨੇ ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਵਾਪਸ ਲਏ ਅਤੇ ਕਿੰਨੇ ਉਮੀਦਵਾਰਾਂ ਦੇ ਕਾਗਜ਼ਾਤ ਜਾਂਚ



ਦੌਰਾਨ ਤਰੁੱਟੀਪੂਰਨ ਪਾਏ ਜਾਣ ਕਾਰਨ ਰੱਦ ਕੀਤੇ ਗਏ। ਜ਼ਿਕਰਯੋਗ ਹੈ ਕਿ ਚੋਣ ਪ੍ਰਕਿਰਿਆ ’ਚ ਪਾਰਦਰਸ਼ਿਤਾ ਅਤੇ ਕਾਨੂੰਨੀ ਮਾਪਦੰਡਾਂ ਨੂੰ ਯਕੀਨੀ ਬਣਾਉਣ ਲਈ ਤਸਦੀਕ ਅਤੇ ਜਾਂਚ ਦੇ ਇਸ ਪੜਾਅ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਿੰਗ 14 ਦਸੰਬਰ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਬੈਲੇਟ ਪੇਪਰ ਜ਼ਰੀਏ ਹੋਵੇਗੀ। ਇਸ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਪੁਖਤਾ ਇੰਤਜ਼ਾਮ ਕੀਤੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਚੋਣਾਂ ਨੂੰ ਸ਼ਾਂਤੀਪੂਰਨ, ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਦੇ 21 ਜ਼ੋਨਾਂ ਅਤੇ 11 ਪੰਚਾਇਤ ਸੰਮਤੀਆਂ ਦੇ 188 ਜ਼ੋਨਾਂ ਲਈ ਕੁੱਲ 1209 ਪੋਲਿੰਗ ਬੂਥ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਨਕੋਦਰ ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਦੇ 19 ਜ਼ੋਨਾਂ ਲਈ 130 ਬੂਥ ਬਣਾਏ ਗਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਪ੍ਰੀਸ਼ਦ ਦੇ 1 ਪੰਚਾਇਤ ਸੰਮਤੀ ਮਹਿਤਪੁਰ ਦੇ 15 ਜ਼ੋਨਾਂ ਦੇ ਲਈ 83 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਫਿਲੌਰ ਦੇ 20 ਜ਼ੋਨਾਂ ਲਈ 129 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 3 ਪੰਚਾਇਤ ਸੰਮਤੀ ਆਦਮਪੁਰ ਦੇ 25 ਜ਼ੋਨਾਂ ਲਈ 200 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਭੋਗਪੁਰ ਦੇ 15 ਜ਼ੋਨਾਂ ਲਈ 108 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਜਲੰਧਰ ਪੂਰਬੀ ਦੇ 15 ਜ਼ੋਨਾਂ ਲਈ 86 ਬੂਥ ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਰੁੜਕਾ ਕਲਾਂ ਦੇ 15 ਜ਼ੋਨਾਂ ਲਈ 96 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਜਲੰਧਰ ਪੱਛਮੀ ਦੇ 19 ਜ਼ੋਨਾਂ ਲਈ 88 ਬੂਥ, ਜ਼ਿਲ੍ਹਾ ਪ੍ਰੀਸ਼ਦ ਦੇ 2 ਪੰਚਾਇਤ ਸੰਮਤੀ ਸ਼ਾਹਕੋਟ ਦੇ 15 ਜ਼ੋਨਾਂ ਲਈ 90 ਬੂਥ, ਜ਼ਿਲ੍ਹਾ ਪ੍ਰੀਸ਼ਦ ਦਾ 1 ਪੰਚਾਇਤ ਸੰਮਤੀ ਲੋਹੀਆਂ ਖ਼ਾਸ ਦੇ 15 ਜ਼ੋਨਾਂ ਲਈ 83 ਬੂਥ ਬਣਾਏ ਗਏ ਹਨ। ਇਸੇ ਵਿਚਕਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣਾਂ ਨੂੰ ਲੈ ਕੇ ਸੁਰੱਖਿਆ, ਵੋਟਿੰਗ ਕੇਂਦਰਾਂ ਦੀ ਵਿਵਸਥਾ, ਈ. ਵੀ. ਐੱਮ. ਦੀ ਤਿਆਰੀ ਅਤੇ ਕਰਮਚਾਰੀਆਂ ਦੀ ਚੋਣ ਡਿਊਟੀ ਨਾਲ ਸੰਬੰਧਤ ਮੀਟਿੰਗਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਵੋਟਿੰਗ ਕੇਂਦਰਾਂ ਦੀ ਪਛਾਣ ਕਰਕੇ ਪੁਲਸ ਪ੍ਰਸ਼ਾਸਨ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਸਵੇਰੇ 8 ਵਜੇ ਤੋਂ ਸ਼ੁਰੂ ਹੋਵੇਗੀ।

## ਵਿਆਹ ਦਾ ਝਾਂਸਾ ਦੇ ਕੇ ਨਾਬਾਲਗਾ ਨੂੰ ਕੀਤਾ ਕਿਡਨੈਪ !

ਲੁਧਿਆਣਾ 12 ਦਸੰਬਰ। ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਕਿਡਨੈਪ ਕਰਨ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਥਾਣਾ ਡਵੀਜ਼ਨ ਨੰਬਰ 6 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਨਾਬਾਲਗਾ ਦੇ ਪਿਤਾ ਦੇ ਬਿਆਨਾਂ ’ਤੇ ਅਣਪਛਾਤੇ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਨਾਬਾਲਗਾ ਦੇ ਪਿਤਾ ਨੇ ਦੱਸਿਆ ਕਿ ਉਸ ਦੀ ਧੀ 1 ਦਸੰਬਰ ਨੂੰ ਬਿਨਾ ਦੱਸੇ ਕਿਤੇ ਚਲੀ ਗਈ। ਉਸ ਦੀ ਕਾਫ਼ੀ ਭਾਲ ਕੀਤੀ ਗਈ ਪਰ ਉਸ ਦਾ ਕੁਝ ਵੀ ਪਤਾ ਨਹੀਂ ਲੱਗਿਆ। ਹੁਣ ਉਸ ਨੂੰ ਸ਼ੱਕ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦੀ ਧੀ ਨੂੰ ਆਪਣੇ ਨਿੱਜੀ ਸਵਾਰਥ ਲਈ ਨਾਜਾਇਜ਼ ਹਿਰਾਸਤ ਵਿਚ ਕਿਤੇ ਲੁਕਾ ਹੋਇਆ ਹੈ। ਸਬ-ਇੰਸਪੈਕਟਰ ਹਰਭਜਨ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਮੁਲਜ਼ਮ ਨੂੰ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

## ਜੰਗਲਾਤ ਵਿਭਾਗ ਨੇ ਜੰਗਲਾਂ ਤੇ ਰੁੱਖਾਂ ਦੇ ਰਕਬੇ ਨੂੰ ਵਧਾਉਣ ਲਈ 12 ਲੱਖ ਤੋਂ ਵੱਧ ਬੂਟੇ ਲਗਾਏ

ਚੰਡੀਗੜ੍ਹ 12 ਦਸੰਬਰ। ‘ਗਰੀਨਿੰਗ ਪੰਜਾਬ ਮਿਸ਼ਨ’ ਤਹਿਤ ਸੂਬੇ ’ਚ ਮੌਜੂਦਾ ਜੰਗਲਾਂ ਅਤੇ ਰੁੱਖਾਂ ਹੇਠਲੇ ਰਕਬੇ ਦੀ ਸਾਂਭ-ਸੰਭਾਲ, ਵਿਕਾਸ ਅਤੇ ਵਾਧੇ ਨੂੰ ਹੁਲਾਰਾ ਦੇਣ ਲਈ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਵਿਭਾਗ ਨੇ ਪੰਜਾਬ ਵਿੱਚ ਹਰਿਆਵਲ ਨੂੰ ਵਧਾਉਣ ਦੇ ਆਪਣੇ ਯਤਨਾਂ ਤਹਿਤ ਸੂਬੇ ਭਰ ’ਚਵੱਖ-ਵੱਖ ਯੋਜਨਾਵਾਂ ਅਧੀਨ ਬੂਟੇ ਲਗਾਏ ਹਨ। ਕਈ ਨਵੀਆਂ ਪਹਿਲ ਕਦਮੀਆਂ ਤਹਿਤ 12,55,700 ਬੂਟੇ



ਲਗਾਏ ਗਏ ਹਨ। ਇਨ੍ਹਾਂ ’ਚ ਸ਼ਹਿਰੀ ਜੰਗਲਾਤ ਅਧੀਨ ਲਗਾਏ ਗਏ 3,31,000 ਪੌਦੇ ਸ਼ਾਮਲ ਹਨ, ਜਿਨ੍ਹਾਂ ਵਿੱਚ ਸੰਸਥਾਗਤ ਜ਼ਮੀਨ ’ਤੇ ਪੌਦੇ ਲਗਾਉਣਾ ਅਤੇ ਐਗਰੋ ਫਾਰੈਸਟਰੀ (ਲਿੰਕ ਸੜਕਾਂ ਦੇ ਨਾਲ ਲਗਦੇ ਦੇ ਖੇਤਾਂ ’ਚ ਇੱਕ ਕਤਾਰ ’ਚ ਪੌਦੇ ਲਗਾਉਣਾ), 2,50,000 ਪੋਪਲਰ/ਡਰੇਕ ਅਤੇ 3,00,000 ਸਫੈਦੇ ਦੇ ਰੁੱਖ ਸ਼ਾਮਿਲ ਹਨ। ਇਸ ਤੋਂ ਇਲਾਵਾ, ਕੰਡਿਆਲੀ ਤਾਰ ਲਗਾ ਕੇ ਪਵਿੱਤਰ ਵਣ ਵਿਕਸਿਤ ਕਰਨ ਦੇ ਨਾਲ-ਨਾਲ ਕੰਡਿਆਲੀ ਤਾਰ ਨਾਲ ‘ਨਾਨਕ ਬਗੀਚੀਆਂ’ ਵਿਕਸਿਤ ਕਰਨ ਦੇ ਹਿੱਸੇ ਵਜੋਂ 20,800 ਪੌਦੇ ਲਗਾਏ ਗਏ ਹਨ। ਇਸ ਦੇ ਨਾਲ ਹੀ ਉਦਯੋਗਿਕ ਸੰਸਥਾਨਾਂ ਵਿਖੇ 46,500 ਬੂਟੇ ਲਗਾਏ ਗਏ ਹਨ, ਜਦੋਂ ਕਿ ਸਕੂਲਾਂ ’ਚ 1,44,500 ਬੂਟੇ ਲਗਾਏ ਗਏ ਹਨ। ਇਸ ਤੋਂ ਇਲਾਵਾ 1,62,900 ਲੰਬੇ ਪੌਦੇ ਵੀ ਲਗਾਏ ਗਏ ਹਨ। ਬੂਟੇ ਲਗਾਉਣ ਦਾ ਉਦੇਸ਼ ਰਾਜ ’ਚ ਸਾਰੀਆਂ ਉਪਲੱਬਧ ਜ਼ਮੀਨਾਂ ’ਤੇ ਵੱਧ ਤੋਂ ਵੱਧ ਗਿਣਤੀ ’ਚ ਪੌਦੇ ਲਗਾ ਕੇ ਜ਼ਿਆਦਾ ਤੋਂ ਜ਼ਿਆਦਾ ਰਕਬੇ ਨੂੰ ਹਰਿਆਲੀ ਹੇਠ ਲਿਆਉਣਾ, ਨਰਸਰੀਆਂ ਵਧਾਉਣਾ, ਜੰਗਲਾਤ ਹੇਠਲਾ ਰਕਬਾ ਵਧਾਉਣ ਲਈ ਰਾਜ ਸਰਕਾਰ ਦੀਆਂ ਪਹਿਲ ਕਦਮੀਆਂ ਬਾਰੇ ਲੋਕਾਂ ’ਚ ਜਾਗਰੂਕਤਾ ਪੈਦਾ ਕਰਨਾ, ਬੂਟਿਆਂ ਦੀ ਸੁਰੱਖਿਆ ਲਈ ਜ਼ਰੂਰੀ ਪ੍ਰਬੰਧ ਕਰਨਾ, ਸੂਬੇ ’ਚ ਜੰਗਲ ਜਾਗਰੂਕਤਾ ਪਾਰਕਾਂ ਦੀ ਸਥਾਪਨਾ ਅਤੇ ਰੱਖ-ਰਖਾਅ ਕਰਨਾ ਅਤੇ ਜੰਗਲਾਤ ਖੋਜ ਦੇ ਨਾਲ-ਨਾਲ ਸਿਖਲਾਈ ਗਤੀਵਿਧੀਆਂ ਕਰਨਾ ਹੈ।

## ਹਮੇਸ਼ਾ ਗੋਲ ਕਿਉਂ ਹੁੰਦੇ ਹਨ ਖੂਹ? ਜਾਣੋ ਇਸ ਦੇ ਪਿੱਛੇ ਦਾ ਦਿਲਚਸਪ ਵਿਗਿਆਨਕ ਕਾਰਨ

ਵੈੱਬ ਡੈਸਕ 12 ਦਸੰਬਰ। ਪੁਰਾਣੇ ਸਮੇਂ ’ਚ ਘਰ-ਘਰ ’ਚ ਖੂਹ ਹੁੰਦੇ ਸਨ, ਜੋ ਪੀਣ ਦੇ ਪਾਣੀ ਅਤੇ ਘਰੇਲੂ ਕੰਮਾਂ ਲਈ ਮੁੱਖ ਸਰੋਤ ਮੰਨੇ ਜਾਂਦੇ ਸਨ। ਭਾਵੇਂ ਸਮਾਂ ਬਦਲ ਗਿਆ ਹੈ ਅਤੇ ਟੂਟੀਆਂ-ਟੈਂਕੀਆਂ ਨੇ ਇਹ ਥਾਂ ਲੈ ਲਈ ਹੈ, ਪਰ ਅੱਜ ਵੀ ਪਿੰਡਾਂ ’ਚ ਕਈ ਥਾਵਾਂ ’ਤੇ ਗੋਲਾਕਾਰ ਖੂਹ ਦੇਖਣ ਨੂੰ ਮਿਲ ਜਾਂਦੇ ਹਨ। ਕਦੇ ਧਿਆਨ ਕੀਤਾ ਕਿ ਖੂਹ ਹਮੇਸ਼ਾ ਗੋਲ ਹੀ ਕਿਉਂ ਹੁੰਦਾ ਹੈ? ਇਸ ਦਾ ਵਿਗਿਆਨਕ ਕਾਰਣ ਜਾਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਵਿਗਿਆਨ ਅਨੁਸਾਰ, ਖੂਹ ਨੂੰ ਗੋਲ ਬਣਾਇਆ ਜਾਂਦਾ ਹੈ ਤਾਂ ਜੋ ਪਾਣੀ ਦਾ ਦਬਾਅ ਹਰ ਪਾਸੇ ਇਕੋ ਜਿਹਾ ਵੰਡਿਆ ਰਹੇ। ਜੇ ਖੂਹ ਚੌਰਸ ਜਾਂ ਤਿਕੋਣਾ ਹੋਵੇ, ਤਾਂ ਪਾਣੀ ਦਾ ਸਾਰਾ ਦਬਾਅ ਕੋਨਿਆਂ ’ਤੇ ਆ ਕੇ ਟਿਕ ਜਾਂਦਾ ਹੈ, ਜਿਸ ਨਾਲ ਉਹ ਹਿੱਸੇ ਕਮਜ਼ੋਰ ਪੈ ਸਕਦੇ ਹਨ ਅਤੇ ਖੂਹ ਟੁੱਟਣ ਦਾ ਖਤਰਾ ਵੱਧ ਜਾਂਦਾ ਹੈ। ਗੋਲਾਕਾਰ ਖੂਹ ’ਚ ਕੋਈ ਕੋਨਾ ਨਹੀਂ ਹੁੰਦਾ, ਇਸ ਲਈ ਦਬਾਅ ਹਰ ਪਾਸੇ ਇਕੋ ਜਿਹੇ ਤੌਰ ’ਤੇ ਫੈਲਦਾ ਹੈ। ਇਸ ਨਾਲ ਖੂਹ ਦੀਆਂ ਕੰਧਾਂ ਮਜ਼ਬੂਤ ਰਹਿੰਦੀਆਂ ਹਨ ਅਤੇ ਖੂਹ ਲੰਮੇ ਸਮੇਂ ਤੱਕ ਸੁਰੱਖਿਅਤ ਬਣਿਆ ਰਹਿੰਦਾ ਹੈ। ਇਸੇ ਕਰਕੇ ਗੋਲ ਖੂਹ ਬਣਾਉਣਾ ਜ਼ਿਆਦਾ ਵਧੀਆ ਅਤੇ ਸੁਰੱਖਿਅਤ ਮੰਨਿਆ ਜਾਂਦਾ ਹੈ। ਸਿਰਫ਼ ਖੂਹ ਹੀ ਨਹੀਂ, ਸਾਡੀਆਂ ਰੋਜ਼ਾਨਾ ਵਰਤੋਂ ਵਾਲੀਆਂ ਕਈ ਚੀਜ਼ਾਂ — ਜਿਵੇਂ ਕਟੋਰੇ, ਪਲੇਟਾਂ, ਬਾਲਟੀਆਂ — ਵੀ ਗੋਲ ਹੁੰਦੀਆਂ ਹਨ। ਇਹ ਸਾਰਾ ਡਿਜ਼ਾਈਨ ਇਸ ਲਈ ਹੁੰਦਾ ਹੈ ਕਿਉਂਕਿ ਗੋਲ ਆਕਾਰ ’ਚ ਦਬਾਅ ਸਮਾਨ ਤੌਰ ’ਤੇ ਵੰਡਦਾ ਹੈ ਅਤੇ ਇਹ ਚੀਜ਼ਾਂ ਮਜ਼ਬੂਤ ਰਹਿੰਦੀਆਂ ਹਨ। ਡ੍ਰਿਲਿੰਗ ਰਾਹੀਂ ਗੋਲਾਕਾਰ ਖੁਦਾਈ ਸਭ ਤੋਂ ਆਸਾਨ ਹੁੰਦੀ ਹੈ। ਇਸ ਕਰਕੇ ਖੂਹ ਨੂੰ ਗੋਲ ਬਣਾਉਣਾ ਨਾ ਸਿਰਫ਼ ਮਜ਼ਬੂਤੀ ਦੇ ਮਾਮਲੇ ’ਚ ਬਿਹਤਰ ਹੈ, ਸਗੋਂ ਖੁਦਾਈ ਅਤੇ ਬਣਤਰ ਵੀ ਸੁਖਾਲੀ ਬਣਦੀ ਹੈ।

## ਪੁਲਸ ਛਾਉਣੀ ’ਚ ਬਦਲਿਆ ਪੰਜਾਬ ਦਾ ਇਹ ਮਸ਼ਹੂਰ ਪਿੰਡ, ਵੱਡੀ ਗਿਣਤੀ ਫੋਰਸ ਤਾਇਨਾਤ

ਸਮਾਲਸਰ 12 ਦਸੰਬਰ। ਜ਼ਿਲਾ ਮੋਗਾ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਪੁਲਸ ਥਾਣਾ ਸਮਾਲਸਰ ਅਧੀਨ ਪੈਂਦੇ ਪਿੰਡ ਵੈਰੋਕੇ ਵਿਚ ਅੱਜ ਉਸ ਵੇਲੇ ਤਣਾਅ ਪੈਦਾ ਹੋ ਗਿਆ ਜਦੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਪਿੰਡ ਵੈਰੋਕੇ ਵਿਖੇ ਨਹਿਰ ਦੇ ਪੁਲ ਦਾ ਮਾਮਲਾ ਲੰਬੇ ਸਮੇਂ ਤੋਂ ਪੈਂਡਿੰਗ ਹੋਣ ਕਾਰਨ ਹਲਕਾ ਵਿਧਾਇਕ ਦਾ ਵਿਰੋਧ ਕੀਤਾ ਗਿਆ। ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਕਈ ਵਾਰੀ ਭਰੋਸੇ ਦਿੱਤੇ ਜਾਣ ਦੇ ਬਾਵਜੂਦ ਵੀ ਮਿਥੇ ਸਮੇਂ ਅੰਦਰ ਨਹਿਰ ਦਾ ਪੁਲ ਨਹੀਂ ਬਣਾਇਆ ਗਿਆ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਹਰ ਰੋਜ਼ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧ ’ਚ ਕਿਸਾਨ ਯੂਨੀਅਨ ਦੇ ਆਗੂ ਵੈਰੋਕੇ ਪਹੁੰਚ ਕੇ ਵਿਧਾਇਕ ਨੂੰ ਸਵਾਲ-ਜਵਾਬ ਕਰਨ ਵਾਲੇ ਸਨ ਪਰ ਹਾਲਾਤ ਅਚਾਨਕ ਹੀ ਤਣਾਅਪੂਰਨ ਬਣ ਗਏ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਕਈ ਆਗੂਆਂ ਨੂੰ ਸਮਾਲਸਰ ਪੁਲਸ ਵੱਲੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ, ਜਿਸ ਨਾਲ ਕਿਸਾਨਾਂ ਵਿਚ ਭਾਰੀ ਰੋਸ ਫੈਲ ਗਿਆ। ਦੂਜੇ ਪਾਸੇ, ਕੁਝ ਬੀਬੀਆਂ ਸਮੇਤ ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਪੁਲਸ ਵੱਲੋਂ ਉਨ੍ਹਾਂ ‘ਤੇ ਲਾਠੀਚਾਰਜ ਕੀਤਾ ਗਿਆ। ਪਿੰਡ ਵੈਰੋਕੇ ਵਿਚ ਕੁਝ ਸਮੇਂ ਲਈ ਹਾਲਾਤ ਬਹੁਤ ਹੀ ਤਣਾਅਪੂਰਨ ਹੋ ਗਏ ਅਤੇ ਪੂਰਾ ਇਲਾਕਾ ਪੁਲਸ ਛਾਉਣੀ ਵਿਚ ਤਬਦੀਲ ਹੋ ਗਿਆ। ਮੌਕੇ ‘ਤੇ ਡੀ.ਐੱਸ.ਪੀ. ਦਲਬੀਰ ਸਿੰਘ, ਡੀ.ਐੱਸ.ਪੀ. ਜੋਰਾ ਸਿੰਘ, ਐੱਸ.ਐੱਚ.ਓ. ਜਤਿੰਦਰ ਸਿੰਘ (ਬਾਘਾ ਪੁਰਾਣਾ) ਅਤੇ ਐੱਸ.ਐੱਚ.ਓ. ਕਮਲਜੀਤ ਸਿੰਘ (ਸਮਾਲਸਰ) ਭਾਰੀ ਪੁਲਸ ਫੋਰਸ ਸਮੇਤ ਹਾਜ਼ਰ ਰਹੇ। ਪੁਲਸ ਪ੍ਰਸ਼ਾਸਨ ਵੱਲੋਂ ਹਾਲਾਤ ਨੂੰ ਕਾਬੂ ਕਰਨ ਲਈ ਵੱਡੀ ਸੰਖਿਆ ਵਿਚ ਜਵਾਨ ਤਾਇਨਾਤ ਕੀਤੇ ਗਏ, ਜਦਕਿ ਦੂਜੇ ਪਾਸੇ ਕਿਸਾਨਾਂ ਨੇ ਸਰਕਾਰ ਅਤੇ ਹਲਕਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਵਾਅਦਿਆਂ ਨੂੰ ਕੇਵਲ ਲੋਲੀਪਾਪ ਦੱਸਦਿਆਂ ਸਖ਼ਤ ਨਾਰਾਜ਼ਗੀ ਜਤਾਈ। ਕਿਸਾਨ ਯੂਨੀਅਨ ਦੇ ਪ੍ਰਧਾਨਾਂ ਦਾ ਕਹਿਣਾ ਸੀ ਕਿ ਨਹਿਰ ਦਾ ਪੁਲ ਨਾ ਬਣਨ ਕਾਰਨ ਦਿਨ-ਪ੍ਰਤੀਦਿਨ ਇਲਾਕੇ ਦੀਆਂ ਵਾਹਨਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ ਅਤੇ ਸਕੂਲਾਂ-ਕਾਲਜਾਂ ਜਾਣ ਵਾਲੇ ਬੱਚਿਆਂ ਨੂੰ ਵੱਡਾ ਚੱਕਰ ਕੱਟਣਾ ਪੈਂਦਾ ਹੈ। ਉਨ੍ਹਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਨਿਰਧਾਰਿਤ ਸਮੇਂ ਅੰਦਰ ਪੁਲ ਦਾ ਕੰਮ ਸ਼ੁਰੂ ਨਾ ਕੀਤਾ ਗਿਆ ਤਾਂ ਵਿਰੋਧ ਹੋਰ ਤੇਜ਼ ਕੀਤਾ ਜਾਵੇਗਾ। ਦੂਜੇ ਪਾਸੇ, ਪ੍ਰਸ਼ਾਸਨ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਹਾਲਾਤ ਨੂੰ ਕਾਬੂ ਰੱਖਣ ਲਈ ਕਾਰਵਾਈ ਕੀਤੀ ਗਈ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਗਲਤਫ਼?ਹਮੀ ਜਾਂ ਹਿੰਸਕ ਘਟਨਾ ਨੂੰ ਨਹੀਂ ਵੱਧਣ ਦਿੱਤਾ ਜਾਵੇਗਾ। ਪਿੰਡ ਵਿਚ ਤਣਾਅ ਜਾਰੀ ਹੈ

# ਜਲੰਧਰ ਨਿਗਮ ’ਚ ਕਰੋੜਾਂ ਦੇ ਕੰਮ ਸਿਰ.ਫ 8-10 ਠੇਕੇਦਾਰਾਂ ਨੂੰ ਹੀ ਸੌਂਪੇ, ਚੰਡੀਗੜ੍ਹ ਪਹੁੰਚੀ ਸ਼ਿਕਾਇਤ

**ਕੌਮੀ ਪਤ੍ਰਿਕਾ**

ਜਲੰਧਰ 12 ਦਸੰਬਰ। ਨਗਰ ਨਿਗਮ ਜਲੰਧਰ ਵਿਚ ਟਰਾਂਸਪੇਰੈਂਸੀ ਐਕਟ ਦੀ ਖੁੱਲ੍ਹੀ ਦੁਰਵਰਤੋਂ ਕਰਕੇ ਕੁਝ ਚਹੇਤੇ ਠੇਕੇਦਾਰਾਂ ਨੂੰ ਕਰੋੜਾਂ ਰੁਪਏ ਦੇ ਕੰਮ ਵੰਡਣ ਦਾ ਗੰਭੀਰ ਦੋਸ਼ ਸਾਹਮਣੇ ਆਇਆ ਹੈ। ਸ਼ਿਕਾਇਤਕਰਤਾ ਨੇ ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗਾਂ ਨੂੰ ਭੇਜੀ ਆਪਣੀ ਸ਼ਿਕਾਇਤ ’ਚ ਦਾਅਵਾ ਕੀਤਾ ਹੈ ਕਿ ਪਾਰਦਰਸ਼ਿਤਾ ਅਤੇ ਨਿਰਪੱਖਤਾ ਯਕੀਨੀ ਬਣਾਉਣ ਲਈ ਬਣਾਏ ਗਏ ਟਰਾਂਸਪੇਰੈਂਸੀ ਐਕਟ ਨੂੰ ਨਿਗਮ ਅਧਿਕਾਰੀਆਂ ਨੇ ਭ੍ਰਿਸ਼ਟਾਚਾਰ ਦਾ ਜ਼ਰੀਆ ਬਣਾ ਦਿੱਤਾ ਹੈ। ਸ਼ਿਕਾਇਤ ਦੇ ਅਨੁਸਾਰ ਪਿਛਲੇ ਦੋ ਸਾਲਾਂ ’ਚ ਨਗਰ ਨਿਗਮ ਨੇ ਕਈ ਕਰੋੜ ਰੁਪਏ ਦੇ ਕੰਮ ਬਿਨਾਂ ਕਿਸੇ ਟੈਂਡਰ ਪ੍ਰਕਿਰਿਆ ਦੇ ਸਿਰਫ਼ ਟਰਾਂਸਪੇਰੈਂਸੀ ਐਕਟ ਦਾ ਹਵਾਲਾ ਦੇ ਕੇ ਪਾਸ ਕੀਤੇ। ਹੈਰਾਨੀ ਦੀ ਗੱਲ ਇਹ ਹੈ ਕਿ ਵਧੇਰੇ ਕੰਮ ਐਮਰਜੈਂਸੀ ਨੇਚਰ ਦੇ ਨਹੀਂ ਸਨ, ਫਿਰ ਵੀ ਉਨ੍ਹਾਂ ਨੂੰ ਸੈਂਕਸ਼ਨਡ ਵਰਕਸ ਦੇ ਨਾਂ ’ਤੇ ਪ੍ਰਵਾਨ ਕੀਤਾ ਗਿਆ। ਸ਼ਿਕਾਇਤ ਕਰਤਾ ਦਾ ਦੋਸ਼ ਹੈ ਕਿ ਐਕਟ ’ਚ ਸਾਫ਼ ਲਿਖਿਆ ਹੈ ਕਿ ਨਗਰ ਨਿਗਮ ਦੇ ਅਧਿਕਾਰੀ ਮਾਰਕੀਟ ਤੋਂ ਕੋਟੇਸ਼ਨ ਲੈਣਗੇ ਅਤੇ ਵੱਖ-ਵੱਖ ਵੈਂਡਰਸ ਤੋਂ ਰੇਟ ਪ੍ਰਾਪਤ ਕਰਨਗੇ ਪਰ ਨਿਗਮ ਦਾ ਕੋਈ ਵੀ ਅਧਿਕਾਰੀ ਕਦੇ ਮਾਰਕੀਟ ਨਹੀਂ ਗਿਆ ਅਤੇ ਨਾ ਹੀ ਕਿਸੇ ਵੈਂਡਰ ਨਾਲ ਸੰਪਰਕ ਕੀਤਾ। ਇਸ ਦੇ ਉਲਟ ਨਿਗਮ ਦਫ਼ਤਰਾਂ ’ਚ ਰੋਜ਼ ਬੈਠੇ ਰਹਿਣ ਵਾਲੇ 8-10 ਪਹਿਲਾਂ ਚੁਣੇ ਗਏ ਠੇਕੇਦਾਰਾਂ ਨੂੰ ਹੀ ਵਾਰ-ਵਾਰ ਸਾਰੇ ਕੰਮ ਸੌਂਪ ਦਿੱਤੇ ਗਏ। ਸ਼ਿਕਾਇਤ ’ਚ 1 ਅਪ੍ਰੈਲ 2024 ਤੋਂ 30 ਨਵੰਬਰ 2025 ਤਕ ਸਿਰਫ਼ 8-10 ਠੇਕੇਦਾਰਾਂ ਨੂੰ ਹੀ ਲਗਭਗ ਸਾਰੇ ਸੈਂਕਸ਼ਨਡ ਵਰਕਸ ਦੇਣ ਦਾ ਦੋਸ਼ ਲਾਇਆ ਗਿਆ ਹੈ, ਜਿਨ੍ਹਾਂ ਦੇ ਨਾਂ ਵੀ ਸ਼ਿਕਾਇਤ ’ਚ ਲਿਖੇ ਗਏ ਹਨ। ਸ਼ਿਕਾਇਤ ’ਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ’ਚੋਂ ਕਈ ਠੇਕੇਦਾਰਾਂ ਕੋਲ ਨਾ ਆਫਿਸ ਹੈ, ਨਾ ਗੋਦਾਮ, ਨਾ ਮਸ਼ੀਨਰੀ, ਨਾ ਸ਼ੋਅਰੂਮ ਅਤੇ ਨਾ ਕੋਈ ਤਜਰਬਾ, ਫਿਰ ਵੀ ਉਨ੍ਹਾਂ ਨੂੰ ਟੈਕਨੀਕਲ ਅਤੇ ਵਿਸ਼ੇਸ਼ ਮਸ਼ੀਨਰੀ ਵਾਲੇ ਕੰਮ ਦੇ ਦਿੱਤੇ ਗਏ। ਉਦਾਹਰਣ ਦੇ ਤੌਰ ’ਤੇ ਸੁਪਰ-ਸਕਸ਼ਨ ਕਲੀਨਿੰਗ ਵਰਗੇ ਉੱਚ ਤਕਨੀਕੀ ਕੰਮ ਉਨ੍ਹਾਂ ਠੇਕੇਦਾਰਾਂ ਨੂੰ ਦੇ ਦਿੱਤੇ ਗਏ, ਜਿਨ੍ਹਾਂ ਕੋਲ ਮਸ਼ੀਨ ਤਕ ਨਹੀਂ ਸੀ। ਸ਼ਿਕਾਇਤ ਕਰਤਾ ਨੂੰ ਖ਼ਦਸ਼ਾ ਹੈ ਕਿ ਜੇਕਰ ਵਿਜੀਲੈਂਸ ਵਿਭਾਗ ਇਨ੍ਹਾਂ ਠੇਕੇਦਾਰਾਂ ਦੀ ਜਾਂਚ ਕਰਦਾ ਹੈ ਤਾਂ ਵੱਡਾ ਘਪਲਾ ਸਾਹਮਣੇ ਆਵੇਗਾ ਕਿਉਂਕਿ ਕਈ ਕੰਮ ਸਿਰਫ ਕਾਗਜ਼ਾਂ ’ਚ ਵਿਖਾਏ ਗਏ ਹੋਣਗੇ। ਕਈ ਫਾਈਲਾਂ ’ਚ ਲੱਗੀਆਂ ਕਈ ਕੋਟੇਸ਼ਨ ਫਰਜ਼ੀ ਨਿਕਲਣਗੀਆਂ। ਇਕ ਗੰਭੀਰ ਦੋਸ਼ ਇਹ ਵੀ ਹੈ ਕਿ ਕੀ ਸੈਂਕਸ਼ਨਡ ਫਾਈਲਾਂ ਨਿਗਮ ਰਿਕਾਰਡ ਤੋਂ ਗਾਇਬ ਵੀ ਮਿਲ ਸਕਦੀਆਂ ਹਨ।

# ਪੰਜਾਬ ’ਚ ਭਖੀ ਸਿਆਸਤ ! ਸੁਖਬੀਰ ਸਿੰਘ ਬਾਦਲ ਨੂੰ ਰਾਜਾ ਵੜਿੰਗ ਦੀ ਖੁੱਲ੍ਹੀ ਚੁਣੌਤੀ

**ਕੌਮੀ ਪਤ੍ਰਿਕਾ**

ਲੁਧਿਆਣਾ 12 ਦਸੰਬਰ। ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਸਿਆਸਤ ਹੁਣ ਤੋਂ ਹੀ ਭਖਣੀ ਸ਼ੁਰੂ ਹੋ ਗਈ ਹੈ। ਪਹਿਲਾਂ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਗਿੱਦੜਬਾਹਾ ਹਲਕੇ ਤੋਂ ਚੋਣ ਲੜਣ ਦਾ ਐਲਾਨ ਕੀਤਾ ਗਿਆ ਤੇ ਹੁਣ ਇਸ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦਾ ਵੱਡਾ ਬਿਆਨ ਸਾਹਮਣੇ ਆ ਗਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹੀ ਚੁਣੌਤੀ ਵੀ ਦੇ ਦਿੱਤੀ ਹੈ। ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਨੇ ਤਾਂ ਪਿਛਲੀ ਵਾਰੀ (ਜ਼ਿਮਨੀ ਚੋਣ) ਵਿਚ ਵੀ ਸੁਖਬੀਰ ਬਾਦਲ ਨੂੰ ਇੱਥੋਂ ਚੋਣ ਲਈ ਲੜਣ ਦੀ ਚੁਣੌਤੀ ਦਿੱਤੀ ਸੀ ਪਰ ਉਹ ਨਹੀਂ ਲੜੇ। ਵੜਿੰਗ ਨੇ ਇਹ ਵੀ ਦਾਅਵਾ ਕੀਤਾ ਕਿ ਜੇ ਸੁਖਬੀਰ ਬਾਦਲ ਉਦੋਂ ਚੋਣ ਲੜਦੇ ਤਾਂ ਕਾਂਗਰਸ ਜਿੱਤ ਜਾਂਦੀ ਕਿਉਂਕਿ ਸੁਖਬੀਰ ਨੇ ਸਾਰੀਆਂ ਵੋਟਾਂ ਆਮ ਆਦਮੀ ਪਾਰਟੀ ਨੂੰ ਪੁਆ ਦਿੱਤੀਆਂ



ਸਨ,। ਵੜਿੰਗ ਅਨੁਸਾਰ, ਸੁਖਬੀਰ ਬਾਦਲ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਨ੍ਹਾਂ ਨੂੰ ਰਾਜਾ ਵੜਿੰਗ ‘ਟਾਰਗੇਟ’ ਲੱਗਦਾ ਸੀ। ਆਪਣੀ ਪਿਛਲੀ ਜਿੱਤ ਦਾ ਜ਼ਿਕਰ ਕਰਦਿਆਂ ਵੜਿੰਗ ਨੇ ਦੱਸਿਆ ਕਿ 2022 ਵਿਚ ਜਦੋਂ ਉਹ ਜਿੱਤੇ ਸਨ, ਤਾਂ ਉਨ੍ਹਾਂ ਨੂੰ 50,000 ਵੋਟਾਂ ਪਈਆਂ ਸੀ ਤੇ ਜ਼ਿਮਨੀ ਚੋਣ ਵਿਚ ਵੀ ਇੰਨੀਆਂ ਹੀ ਵੋਟਾਂ ਪਈਆਂ ਸਨ। ਵੜਿੰਗ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਜੀ ਕੋਲ ਸਮਾਂ ਨਹੀਂ ਹੈ, ਤਾਂ ਉਹ ਹਰਸਿਮਰਤ ਕੌਰ ਬਾਦਲ ਨੂੰ ਇੱਥੋਂ ਚੋਣ ਲੜਾ ਦੇਣ। ਉਨ੍ਹਾਂ ਕਿਹਾ ਕਿ ਦੋਵਾਂ ਵਿੱਚੋਂ ਕੋਈ ਵੀ ਲੜੇ, ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਵੜਿੰਗ ਨੇ ਚੁਣੌਤੀ ਦਿੰਦਿਆਂ ਕਿਹਾ ਕਿ ਸੁਖਬੀਰ ਬਾਦਲ ਜਦੋਂ ਮਰਜ਼ੀ ਗਿੱਦੜਬਾਹਾ ਆ ਜਾਣ, ਗਿੱਦੜਬਾਹੇ ਵਾਲੇ ਸਿੰਗ ਭੋਰ ਦੇਣਗੇ। ਵੜਿੰਗ ਨੇ ਯਾਦ ਦਿਵਾਇਆ ਕਿ ਸੁਖਬੀਰ ਸਿੰਘ ਬਾਦਲ ਨੂੰ ਗੋਲਡੀ ਕੰਬੋਜ ਨੇ 30,000 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਦੂਜੇ ਪਾਸੇ, ਗਿੱਦੜਬਾਹੇ ਤੋਂ ਚੋਣ ਲੜਣ ਬਾਰੇ ਪੁੱਛੇ ਜਾਣ ’ਤੇ ਰਾਜਾ ਵੜਿੰਗ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਚੋਣ ਲੜਨਗੇ ਜਾਂ ਨਹੀਂ ਅਤੇ ਕਿੱਥੋਂ ਲੜਨਗੇ, ਇਸ ਦਾ ਅੰਤਿਮ ਫ਼ੈਸਲਾ ਕਾਂਗਰਸ ਪਾਰਟੀ ਦੀ ਹਾਈ ਕਮਾਨ- ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਕਰਨਗੇ। ਵੜਿੰਗ ਨੇ ਖ਼ੁਦ ਨੂੰ ਕਾਂਗਰਸ ਪਾਰਟੀ ਦਾ ਇਕ ਅਨੁਸ਼ਾਸਨਬੱਧ ਸਿਪਾਹੀ ਦੱਸਿਆ।

## ਗਰੀਬ ਪਰਿਵਾਰ ਦੇ ਘਰ ਨੂੰ ਲੱਗੀ ਅੱਗ, ਸਾਰਾ ਘਰੇਲੂ ਸਮਾਨ ਸੜ ਕੇ ਸੁਆਹ

ਜਲਾਲਾਬਾਦ 12 ਦਸੰਬਰ। ਜਲਾਲਾਬਾਦ ਦੇ ਪਿੰਡ ਸ਼ੇਰ ਮੁਹੰਮਦ ਮਾਂਹੀਗਿਰ ’ਚ 3 ਬੱਚਿਆਂ ਦੀ ਵਿਧਵਾ ਔਰਤ ਦੇ ਘਰ ’ਚ ਅਚਾਨਕ ਘਰ ਨੂੰ ਅੱਗ ਲੱਗਣ ਨਾਲ ਘਰੇਲੂ ਸਮਾਨ ਸੜ ਕੇ ਸੁਆਹ ਹੋਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਘਰ ’ਚ ਅੱਗ ਲੱਗਣ ਦੀ ਘਟਨਾਂ ਬਾਰੇ ਜਾਣਕਾਰੀ ਦਿੰਦੇ ਹੋਏ ਵਿਧਵਾ ਔਰਤ ਸੋਮਾ ਰਾਣੀ ਪਤਨੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਬੱਚਿਆਂ ਸਮੇਤ ਬੀਤੀ 9 ਦਸੰਬਰ ਨੂੰ ਆਪਣੀ ਭੈਣ ਦੇ ਘਰ ਸਮਾਗਮ ’ਚ ਸ਼ਾਮਲ ਹੋਣ ਗਈ ਸੀ ਤਾਂ ਜਦੋਂ ਅੱਜ ਸਵੇਰੇ ਜਦੋਂ ਉਹ ਘਰ ਪੁੱਜੇ ਤਾਂ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਕਮਰੇ ਨੂੰ ਅੱਗ ਲੱਗ ਹੋਈ ਸੀ ਅਤੇ ਅੰਦਰ ਪਿਆ ਸਮਾਨ ਸੜ ਕੇ ਪੂਰੀ ਤਰ੍ਹਾਂ ਨਾਲ ਸੁਆਹ ਹੋ ਚੁੱਕਿਆ ਸੀ। ਪੀੜਤ ਔਰਤ ਨੇ ਕਿਹਾ ਕਿ ਲਗਭਗ ਪੌਣੇ 2 ਸਾਲ ਪਹਿਲਾਂ ਉਸ ਦੇ ਪਤੀ ਦੀ ਅਚਾਨਕ ਮੌਤ ਹੋਣ ਨਾਲ ਉਹ ਇਕ ਸਕੂਲ ’ਚ ਸੇਵਾਦਾਰ ਦੀ ਨਿੱਜੀ ਨੌਕਰੀ ਕਰਕੇ ਬੜੀ ਹੀ ਮੁਸ਼ਕਲ ਦੇ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੀ ਸੀ ਤੇ ਅਚਾਨਕ ਘਰ ਦੇ ’ਚ ਅੱਗ ਲੱਗਣ ਨਾਲ ਕਮਰੇ ਅੰਦਰ ਪਿਆ ਲਗਭਗ 80/90 ਹਜ਼ਾਰ ਰੁਪਏ ਦੇ ਘਰੇਲੂ ਸਮਾਨ ’ਚ ਕੱਪੜੇ ਰਜਾਈਆਂ ਤੇ ਬੌਕਸ ਬੈਡ ਆਦਿ ਹੋਰ ਘਰੇਲੂ ਸਮਾਨ ਸੜਨ ਦੇ ਨਾਲ ਉਨ੍ਹਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪੀੜਤ ਨੇ ਕਿਹਾ ਕਿ ਉਸ ਦੇ ਬੱਚਿਆਂ ਦੀ ਪੜ੍ਹਾਈ ਵਾਲਿਆਂ ਕਿਤਾਬਾਂ ਤੇ ਕੀਮਤੀ ਕਾਗਜ਼ਪੱਤਰ ਵੀ ਸੜ ਗਏ ਹਨ ਅਤੇ ਜਿਸ ਕਾਰਨ ਉਸਦੇ ਸਮੇਤ ਬੱਚਿਆਂ ਨੂੰ ਠੰਡ ਦੇ ਦਿਨਾਂ ’ਚ ਉਨ੍ਹਾਂ ਦੇ ਪਰਿਵਾਰ ’ਤੇ ਵੱਡੀ ਮੁਸਬੀਤ ਆ ਪਈ ਹੈ। ਪੀੜਤ ਔਰਤ ਨੇ ਆਪਣੇ ਮਾਸੂਮ ਬੱਚਿਆਂ ਸਮੇਤ ਸਮਾਜ ਸੇਵੀ ਸੰਸਥਾਵਾਂ ਸਣੇ ਪੰਜਾਬ ਸਰਕਾਰ ਪਾਸੋਂ ਮਾਲੀ ਮਦਦ ਦੀ ਮੰਗ ਕੀਤੀ ਹੈ।

## ਪੰਜਾਬ ਪੁਲਸ ਦੀ ਵਾਇਰਲ ਆਡੀਓ ਮਾਮਲੇ ’ਚ ਹਾਈ ਕੋਰਟ ਦੇ ਸ.ਖ਼ਤ ਹੁਕਮ

ਚੰਡੀਗੜ੍ਹ 12 ਦਸੰਬਰ। ਪਟਿਆਲਾ ਪੁਲਸ ਦੀ ਕਥਿਤ ਆਡੀਓ ਰਿਕਾਰਡਿੰਗ ਦੀ ਜਾਂਚ ਹੁਣ ਚੰਡੀਗੜ੍ਹ ਦੀ ਲੈਬ ਤੋਂ ਕਰਵਾਈ ਜਾਵੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਦੌਰਾਨ ਇਹ ਆਦੇਸ਼ ਜਾਰੀ ਕੀਤੇ ਗਏ। ਇਸ ਕਥਿਤ ਆਡੀਓ ਰਿਕਾਰਡਿੰਗ ਦੇ ਮਾਮਲੇ ਵਿਚ ਪਟਿਆਲਾ ਦੇ ਐੱਸ.ਐੱਸ.ਪੀ. ਵਰੁਣ ਸ਼ਰਮਾ ਨੂੰ ਅਚਾਨਕ ਛੁੱਟੀ ’ਤੇ ਭੇਜ ਦਿੱਤਾ ਗਿਆ। ਐੱਸ.ਐੱਸ.ਪੀ. ਸ਼ਰਮਾ ਖਿਲਾਫ਼ ਇਹ ਕਾਰਵਾਈ ਹਾਈ ਕੋਰਟ ਵਿਚ ਸੁਣਵਾਈ ਤੋਂ ਪਹਿਲਾਂ ਹੋਈ। ਉਨ੍ਹਾਂ ਦੀ ਥਾਂ ’ਤੇ ਸੰਗਰੂਰ ਦੇ ਐੱਸ.ਐੱਸ.ਪੀ. ਸਰਤਾਜ ਸਿੰਘ ਚਾਹਲ ਨੂੰ ਪਟਿਆਲਾ ਦੇ ਐੱਸ.ਐੱਸ.ਪੀ. ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇਹ ਕਾਲ ਰਿਕਾਰਡਿੰਗ ਪੋਸਟ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਇਹ ਰਿਕਾਰਡਿੰਗ ਪਟਿਆਲਾ ਪੁਲਸ ਦੀ ਕਾਨਫਰੰਸ ਕਾਲ ਮੀਟਿੰਗ ਦੀ ਹੈ। ਰਿਕਾਰਡਿੰਗ ਵਿਚ ਐੱਸ.ਐੱਸ.ਪੀ. ਵਰੁਣ ਸ਼ਰਮਾ ਕਥਿਤ ਤੌਰ ’ਤੇ ਡੀ.ਐੱਸ.ਪੀਜ਼ ਨੂੰ ਅਕਾਲੀ ਉਮੀਦਵਾਰਾਂ ਨਾਲ ਨਾਮਜ਼ਦਗੀ ਸਮੇਂ ਧੱਕੇਸ਼ਾਹੀ ਕਰਨ ਲਈ ਕਹਿ ਰਹੇ ਸਨ। ਕਥਿਤ ਤੌਰ ’ਤੇ, ਐੱਸ.ਐੱਸ.ਪੀ. ਨੇ ਪੁਲਸ ਵਾਲਿਆਂ ਨੂੰ ਨਾਮਜ਼ਦਗੀ ਪੱਤਰ ਖੋਹਣੇ ਜਾਂ ਪਾੜਨੇ, ਜਿਹੜੇ ਵੀ ਕੰਮ ਕਰਨੇ ਹੋਣ, ਉਹ ਉਮੀਦਵਾਰਾਂ ਦੇ ਘਰਾਂ, ਪਿੰਡਾਂ ਜਾਂ ਰਸਤੇ




ਵਿੱਚ ਕਰਨ ਲਈ ਕਿਹਾ ਸੀ, ਤਾਂ ਜੋ ਨਾਮਜ਼ਦਗੀ ਕੇਂਦਰਾਂ ਵਿਚ ਕੋਈ ਹਰਕਤ ਨਾ ਹੋਵੇ। ਹਾਲਾਂਕਿ, ਪਟਿਆਲਾ ਪੁਲਸ ਨੇ ਸ਼ੁਰੂ ਵਿਚ ਇਸ ਆਡੀਓ ਨੂੰ 19 ਨਾਲ ਬਣਾਇਆ ਗਿਆ ਫਰਜ਼ੀ ਵੀਡੀਓ ਕਹਿ ਕੇ ਖਾਰਜ ਕਰ ਦਿੱਤਾ ਸੀ। ਇਸ ’ਤੇ ਅਕਾਲੀ ਦਲ ਨੇ ਸਵਾਲ ਚੁੱਕੇ ਸਨ ਕਿ ਪੁਲਸ ਨੇ ਇਸ ਨੂੰ ਫਰਜ਼ੀ ਕਰਾਰ ਦੇਣ ਤੋਂ ਪਹਿਲਾਂ ਕਿਸ ਲੈਬ ਜਾਂ ਏਜੰਸੀ ਤੋਂ ਇਸ ਦੀ ਜਾਂਚ ਕਰਵਾਈ ਸੀ।

# ਪੰਜਾਬ-ਹਰਿਆਣਾ ’ਚ ਪਰਾਲੀ ਸਾੜਨ ਦੇ ਮਾਮਲਿਆਂ ’ਚ ਰਿਕਾਰਡ ਗਿਰਾਵਟ, ਫਿਰ ਵੀ ਜ਼ਹਿਰੀਲੀ ਕਿਉਂ ਦਿੱਲੀ ਦੀ ਹਵਾ?

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 12 ਦਸੰਬਰ। ਦਿੱਲੀ-ਐਨਸੀਆਰ ਵਿੱਚ ਪ੍ਰਦੂਸ਼ਣ ਕੋਈ ਨਵੀਂ ਸਮੱਸਿਆ ਨਹੀਂ ਹੈ; ਇਹ ਇੱਕ ਸਾਲਾਨਾ ਮੁੱਦਾ ਬਣ ਗਿਆ ਹੈ। ਸਰਦੀਆਂ ਆਉਂਦੇ ਹੀ ਦਿੱਲੀ-ਐਨਸੀਆਰ ਵਿੱਚ ਪ੍ਰਦੂਸ਼ਣ ਵੱਧ ਜਾਂਦਾ ਹੈ। ਹਰ ਸਾਲ ਹਰਿਆਣਾ ਤੇ ਪੰਜਾਬ ਵਿੱਚ ਕਿਸਾਨਾਂ ਦੁਆਰਾ ਪਰਾਲੀ ਸਾੜਨ ਦੇ ਧੂੰਏਂ ਨੂੰ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਾਲਾਂਕਿ, ਸਾਲ 2025 ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 50 ਫੀਸਦੀ ਤੋਂ ਵੱਧ ਦੀ ਗਿਰਾਵਟ ਆਈ ਹੈ। 15 ਸਤੰਬਰ ਤੋਂ 30 ਨਵੰਬਰ ਦੇ ਵਿਚਕਾਰ, ਹਰਿਆਣਾ ਵਿੱਚ ਸਿਰਫ 662 ਘਟਨਾਵਾਂ ਦਰਜ ਕੀਤੀਆਂ ਗਈਆਂ, ਜੋ ਕਿ ਛੇ ਸਾਲਾਂ ਵਿੱਚ ਸਭ ਤੋਂ ਘੱਟ ਹਨ। ਪੰਜਾਬ ਵਿੱਚ 5,114 ਮਾਮਲੇ ਸਾਹਮਣੇ ਆਏ। ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਪਿਛਲੇ ਛੇ ਸਾਲਾਂ ਵਿੱਚ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਹਰਿਆਣਾ ਵਿੱਚ 2021 ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 85% ਦੀ ਕਮੀ ਦਰਜ ਕੀਤੀ ਗਈ ਹੈ ਜੋ ਕਿ ਇਸਦੀ ਸਭ ਤੋਂ ਵੱਧ 6,969 ਹੈ। ਰਾਜ ਵਿੱਚ 2020 ਵਿੱਚ 4,185 ਮਾਮਲੇ ਦਰਜ ਕੀਤੇ ਗਏ, ਜਦੋਂ ਕਿ 2022 ਵਿੱਚ ਇਹ ਗਿਣਤੀ 3,647, 2023 ਵਿੱਚ 2,296 ਅਤੇ 2024 ਵਿੱਚ 1,389 ਸੀ। ਇਸੇ ਤਰ੍ਹਾਂ, ਮੱਧ ਪ੍ਰਦੇਸ਼ ਵਿੱਚ 2024 ਵਿੱਚ 15,261 ਅਤੇ 2022 ਵਿੱਚ 13,947 ਮਾਮਲੇ ਸਨ। ਉੱਤਰ ਪ੍ਰਦੇਸ਼ ਵਿੱਚ ਵੀ ਅਜਿਹਾ ਹੀ ਰੁਝਾਨ ਦੇਖਣ ਨੂੰ ਮਿਲਿਆ, 2023 ਵਿੱਚ 3,737 ਮਾਮਲੇ, 2024 ਵਿੱਚ ਵਧ ਕੇ 5,248 ਅਤੇ 2025 ਵਿੱਚ 7,290 ਹੋ ਗਏ। ਰਾਜਸਥਾਨ ਵਿੱਚ ਵੀ 2023 ਵਿੱਚ 1,769 ਤੋਂ ਵਧ ਕੇ 2024 ਵਿੱਚ 2,709 ਹੋ ਗਿਆ ਅਤੇ ਹੁਣ ਇਹ 2,890 ਹੈ। ਇਸ ਦੇ ਉਲਟ, ਪੰਜਾਬ ਵਿੱਚ 5,114 ਮਾਮਲੇ ਸਾਹਮਣੇ ਆਏ, ਜੋ ਕਿ 2024 ਵਿੱਚ 10,780 ਅਤੇ 2023 ਵਿੱਚ 36,614 ਤੋਂ ਕਾਫ਼ੀ ਘੱਟ ਹਨ। ਦਿੱਲੀ-ਐਨਸੀਆਰ ਵਿੱਚ ਹਵਾ ਦੀ ਗੁਣਵੱਤਾ ਮੁੱਖ ਤੌਰ ’ਤੇ ਉੱਤਰ-ਪੱਛਮੀ ਹਵਾਵਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਪਰਾਲੀ ਸਾੜਨ ਵਾਲੀਆਂ ਥਾਵਾਂ ਤੋਂ ਪ੍ਰਦੂਸ਼ਿਤ ਹਵਾ ਨੂੰ ਦਿੱਲੀ ਲੈ ਜਾਂਦੀਆਂ ਹਨ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵਿਖੇ ਖੋਜ ਅਤੇ ਵਕਾਲਤ ਦੀ ਕਾਰਜਕਾਰੀ ਨਿਰਦੇਸ਼ਕ ਅਨੁਮਿਤਾ ਰਾਏ ਚੌਧਰੀ ਦੇ ਅਨੁਸਾਰ, ਜਦੋਂ ਕਿ ਦਿੱਲੀ-ਐਨਸੀਆਰ ਦੀ ਸਮੁੱਚੀ ਹਵਾ ਦੀ ਗੁਣਵੱਤਾ ਵਿੱਚ ਪਰਾਲੀ ਸਾੜਨ ਦਾ ਯੋਗਦਾਨ ਘਟਿਆ ਹੈ, ਪ੍ਰਦੂਸ਼ਣ ਦਾ ਪੱਧਰ ਬਹੁਤ ਮਾੜੇ ਤੋਂ ਗੰਭੀਰ ਤੱਕ ਵਧਿਆ ਹੈ, ਜੋ ਸਥਾਨਕ ਪ੍ਰਦੂਸ਼ਣ ਸਰੋਤਾਂ ਦੇ ਵੱਡੇ ਪ੍ਰਭਾਵ ਨੂੰ ਦਰਸਾਉਂਦਾ ਹੈ। ਇਹ ਖੇਤਰ ਹੁਣ ਪਰਾਲੀ ਸਾੜਨ ਵਾਲੇ ਧੂੰਏਂ ਦੇ ਪਿੱਛੇ ਨਹੀਂ ਲੁਕ ਸਕਦਾ। ਪਰਾਲੀ ਸਾੜਨ ਵਿੱਚ ਗਿਰਾਵਟ ਦੇ ਨਾਲ, ਇੱਕ ਗੱਲ ਸਪੱਸ਼ਟ ਹੈ: ਵਾਹਨਾਂ ਦੇ ਨਿਕਾਸ, ਪਾਵਰ ਪਲਾਂਟ,



ਨਿਰਮਾਣ ਕਾਰਜ, ਆਦਿ ਤੋਂ ਇਲਾਵਾ, ਇੱਟਾਂ ਦੇ ਭੱਠਿਆਂ ਤੋਂ ਨਿਕਲਣ ਵਾਲਾ ਧੂੰਆਂ ਵੀ ਦਿੱਲੀ-ਐਨਸੀਆਰ ਵਿੱਚ ਵਧ ਰਹੇ ਪ੍ਰਦੂਸ਼ਣ ਵਿੱਚ ਯੋਗਦਾਨ ਪਾਉਣ ਵਾਲਾ ਕਾਰਕ ਹੈ। ਸੀਪੀਸੀਬੀ ਦੇ ਅਨੁਸਾਰ, ਦਿੱਲੀ-ਐਨਸੀਆਰ ਵਿੱਚ 4,608 ਇੱਟਾਂ ਦੇ ਭੱਠੇ ਹਨ। ਇਹਨਾਂ ਵਿੱਚੋਂ 3,003 ਨੂੰ ਜ਼ਿਗ-ਜ਼ੈਗ ਤਕਨਾਲੋਜੀ ਵਿੱਚ ਬਦਲਿਆ ਗਿਆ ਹੈ, ਜਿਸ ਵਿੱਚ ਹਰਿਆਣਾ ਵਿੱਚ 1,762, ਉੱਤਰ ਪ੍ਰਦੇਸ਼ ਵਿੱਚ 1,024 ਅਤੇ ਰਾਜਸਥਾਨ ਵਿੱਚ 217 ਸ਼ਾਮਲ ਹਨ। ਜਿਨ੍ਹਾਂ ਇੱਟਾਂ ਦੇ ਭੱਠਿਆਂ ਨੂੰ ਜ਼ਿਗ-ਜ਼ੈਗ ਤਕਨਾਲੋਜੀ ਵਿੱਚ ਨਹੀਂ ਬਦਲਿਆ ਗਿਆ ਹੈ, ਉਨ੍ਹਾਂ ਨੂੰ ਚਲਾਉਣ ਦੀ ਇਜਾਜ਼ਤ ਨਹੀਂ ਹੈ। ਹਾਲਾਂਕਿ, ਅਸਲੀਅਤ ਇਹ ਹੈ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਭੱਠਿਆਂ ਵਿੱਚ ਗਰੈਵਿਟੀ ਸੈਟਲਿੰਗ ਚੈਂਬਰਾਂ ਦੀ ਘਾਟ ਹੈ ਜੋ ਸਟੈਕ ਤੋਂ ਐਗਜ਼ੌਸਟ ਗੈਸਾਂ ਨੂੰ ਸਾਫ਼ ਕਰਦੇ ਹਨ। ਭਾਵੇਂ ਭੱਠੇ ਮਾਲਕਾਂ ਨੇ ਚੈਂਬਰ ਲਗਾਏ ਹਨ, ਉਹ ਜਾਂ ਤਾਂ ਕੰਮ ਨਹੀਂ ਕਰ ਰਹੇ ਹਨ ਜਾਂ ਖਰਾਬ ਹੋ ਗਏ ਹਨ। ਪਰਾਲੀ ਸਾੜਨ ਤੋਂ ਇਲਾਵਾ, ਇੱਟਾਂ ਦੇ ਭੱਠਿਆਂ ਦਾ ਧੂੰਆਂ ਵੀ ਹਵਾ ਵਿੱਚ ਹਾਨੀਕਾਰਕ ਰਸਾਇਣ ਛੱਡਦਾ ਹੈ ਅਤੇ ਸਾਡੇ ਫੇਫੜਿਆਂ ਤੱਕ ਪਹੁੰਚਦਾ ਹੈ। ਭੱਠਿਆਂ ਦੇ ਧੂੰਏਂ ਵਿੱਚ ਕਣ ਪਦਾਰਥ, ਸਲਫਰ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਨਾਈਟ?ਰੋਜਨ ਆਕਸਾਈਡ ਵਰਗੀਆਂ ਗੈਸਾਂ ਨਾ ਸਿਰਫ਼ ਹਵਾ ਨੂੰ ਪ੍ਰਭਾਵਿਤ ਕਰਦੀਆਂ ਹਨ, ਸਗੋਂ ਸਤ?ਹਾ ਦੀ ਪਾਣੀ ਦੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਕਈ ਅਧਿਐਨਾਂ ਨੇ ਇਹ ਵੀ ਦਿਖਾਇਆ ਹੈ ਕਿ ਇੱਟਾਂ ਦੇ ਭੱਠਿਆਂ ਦੇ ਆਲੇ ਦੁਆਲੇ ਸਤ?ਹਾ ਦੇ ਪਾਣੀ ਦਾ pH ਪੱਧਰ 4.6 ਤੋਂ 5.7 ਤੱਕ ਹੁੰਦਾ ਹੈ, ਜੋ ਕਿ ਧਾਤ ਦੀ ਦੂਸ਼ਿਤਤਾ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਆਰਸੈਨਿਕ। ਇਨ੍ਹਾਂ ਖੇਤਰਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਵਿੱਚ ਫੇਫੜਿਆਂ ਦੀ ਸਮਰੱਥਾ ਵਿੱਚ ਕਮੀ ਅਤੇ ਲਗਾਤਾਰ ਸਾਹ ਲੈਣ ਦੀਆਂ ਸਮੱਸਿਆਵਾਂ ਆਮ ਹਨ, ਜੋ ਇਸ ਉਦਯੋਗ ਦੇ ਸਿਹਤ ਪ੍ਰਭਾਵਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਦੀ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਲਈ ਟ?ਰੈਫਿਕ ਅਤੇ ਸਥਾਨਕ ਕਾਰਕ ਜ਼ਿੰਮੇਵਾਰ ਹਨ, ਅਤੇ ਪਰਾਲੀ ਸਾੜਨਾ ਇੱਕ ਮਾਮੂਲੀ ਯੋਗਦਾਨ ਹੈ। ਰਿਪੋਰਟ ਦੇ ਅਨੁਸਾਰ, ਦਿੱਲੀ ਦੇ 22 ਪ੍ਰਦੂਸ਼ਣ ਨਿਗਰਾਨੀ ਸਟੇਸ਼ਨਾਂ ’ਤੇ 59 ਦਿਨਾਂ ਵਿੱਚੋਂ 30 ਤੋਂ ਵੱਧ ਸਮੇਂ ਲਈ ਕਾਰਬਨ ਮੋਨੋਆਕਸਾਈਡ (3®) ਦਾ ਪੱਧਰ ਆਗਿਆਯੋਗ ਸੀਮਾ ਤੋਂ ਵੱਧ ਗਿਆ। ਦਵਾਰਕਾ ਸੈਕਟਰ 8 ਵਿੱਚ 55 ਦਿਨਾਂ ਵਿੱਚ ਸਭ ਤੋਂ ਵੱਧ 3® ਪੱਧਰ ਦਰਜ ਕੀਤਾ ਗਿਆ, ਇਸ ਤੋਂ ਬਾਅਦ ਜਹਾਂਗੀਰਪੁਰੀ ਅਤੇ ਦਿੱਲੀ ਯੂਨੀਵਰਸਿਟੀ ਨੌਰਥ ਕੈਂਪਸ 50-50 ਦਿਨਾਂ ਵਿੱਚ ਆਉਂਦੇ ਹਨ। ਜਹਾਂਗੀਰਪੁਰੀ ਦਿੱਲੀ ਦੇ ਸਭ ਤੋਂ ਪ੍ਰਦੂਸ਼ਿਤ ਹੌਟਸਪੌਟ ਵਜੋਂ ਉਭਰਿਆ, ਜਿਸਦਾ ਸਾਲਾਨਾ PM2.5 ਔਸਤ 119 □g/m‡ ਸੀ।